॥ ਜਪੁ॥

ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਵਿਚ ਇਸ ਬਾਣੀ ਲਈ 'ਜਪੁ ਨੀਸਾਣੁ' ਪਦ ਲਿਖਿਆ ਹੈ।ਸਤਿਕਾਰ ਵਜੋਂ ਇਸ ਨੂੰ ਜਪੁ ਜੀ, ਜਪੁ ਜੀ ਸਾਹਿਬ ਜਾਂ ਸ੍ਰੀ ਜਪੁ ਜੀ ਸਾਹਿਬ ਕਹਿ ਦੇਈਦਾ ਹੈ, ਪਰ ਆਮ ਪ੍ਰਚਲਤ ਨਾਉਂ 'ਜਪੁ ਜੀ' ਹੈ।'ਜੀ' ਪਦ ਸਤਿਕਾਰ ਵਜੋਂ ਲਗਾ ਦੇਈਦਾ ਹੈ।'ਜਪੁ' ਸ਼ਬਦ ਮੂਲ ਮੰਤ੍ਰ ਦੇ ਗੁਰ ਪ੍ਰਸਾਦਿ ਤੋਂ ਬਾਦ ਆਉਂਦਾ ਹੈ, ਬਹੁਤੇ ਵਿਦਵਾਨਾਂ ਨੇ ਮੰਨਿਆ ਹੈ ਕਿ 'ਆਦਿ ਸਚੁ..' ਤੋਂ 'ਕੇਤੀ ਛੁਟੀ ਨਾਲਿ' ਤਕ ਦੀ ਬਾਣੀ ਦਾ ਨਾਮ ਗੁਰੂ ਨਾਨਕ ਦੇਵ ਜੀ ਨੇ ਜਪੁ ਲਿਖਿਆ ਹੈ।ਜਪੁ ਬਹੁਤ ਪੁਰਾਣਾ ਸ਼ਬਦ ਹੈ, ਸਾਂਖ ਸੂਤ੍ਰ, ਮਹਾਂ ਭਾਰਤ, ਮਨੂ ਸਿਮ੍ਰਿਤੀ ਆਦਿ ਪੁਰਾਤਨ ਧਰਮ ਗ੍ਰੰਥਾਂ ਵਿਚ 'ਜਪ' ਪਦ ਦਾ ਅਰਥ ਨੀਵੀਂ ਅਵਾਜ ਵਿਚ ਜਾਂ ਮੂੰਹ ਵਿਚ ਮੰਤ੍ਰ ਪਾਠ ਰਟਣਾ ਹੈ।ਪਾਨਿਨੀਅਨੁਸਾਰ ਪ੍ਰਾਰਥਨਾ ਕਰਨੀ, ਅਰਦਾਸ ਕਰਨੀ, ਧਰਮ ਪੁਸਤਕ ਦਾ ਮੂੰਹ ਵਿਚ ਪਾਠ ਕਰਨਾ, ਪ੍ਰਮਾਤਮਾ ਦੇ ਨਾਉ ਦਾ ਜਾਪ ਕਰਨਾ,ਮੁੜ ਮੁੜ ਉਸ ਨਾਉਂ ਦਾ ਮੂੰਹ ਵਿਚ ਉਚਾਰਨ ਕਰਨਾ 'ਜਪ' ਕਹਾਉਂਦਾ ਹੈ।(ਜਪੁਜੀ ਦਰਸ਼ਨ ਰਚਿਤ ਡਾ.ਸ਼ੇਰ ਸਿੰਘ ਵਿਚੋਂ ਕੁਝ ਅੰਸ਼)।
'ਜਪੁ' ਦੇ ਕੁਝ ਹੋਰ ਅਰਥ ਵੀ ਹਨ = ਸਿਮਰਨ, ਬੋਲਣਾ, ਵਿਚਾਰ, ਚਿੰਤਨ, (ਜਿਸ ਪ੍ਰਮਾਤਮਾ ਦਾ ਸਰੂਪ ਮੂਲ ਮੰਤ੍ਰ ਵਿਚ ਦਸਿਆ ਹੈ, ਉਸ ਦਾ) ਜਪ ਕਰਨ ਦਾ ਉਪਦੇਸ਼ ਹੈ।ਜਪੁ ਇਸ ਬਾਣੀ ਦਾ ਨਾਮ ਹੈ, ਜੋ ਮੁੜ ਮੁੜ ਜਪਣ ਲਈ ਰਚੀ ਗਈ (ਸ਼ਬਦਾਰਥ)।ਨਿਤਨੇਮ ਦੀਆਂ ਬਾਣੀਆਂ ਵਿਚੋਂ ਇਸ ਬਾਣੀ ਦਾ ਪਾਠ ਪਹਿਲੇ ਨੰਬਰ ਤੇ ਕੀਤਾ ਜਾਂਦਾ ਹੈ =

ਜਪੁਜੀ ਕੰਠ ਨਿਤਾਪ੍ਰਤਿ ਰਟੈ।ਜਨਮ ਜਨਮ ਕੇ ਕਲਮਲ ਕਟੈ।(ਨਾ.ਪ੍ਰ.)।ਇਹ ਜਪ ਕਰਤੇ ਪੁਰਖ ਦਾ ਹੈ =

ਇਹ ਜਪੁ ਕਰਤੇ ਪੁਰਖ ਕਾ, ਸਚ ਨਾਨਕ ਕੀਆ ਬਖਾਨ।ਜਗਤ ਉਧਾਰਣ ਕਾਰਣੇ, ਧੁਰਹੁ ਹੋਆ ਫੁਰਮਾਣ।(ਸੋਢੀ ਮਿਹਰਬਾਨ)।ਇਸ ਬਾਣੀ ਦਾ ਪਾਠ ਸ਼ਰਧਾਵਾਨ ਸਿਖ ਅੰਮ੍ਰਿਤ ਵੇਲੇ ਕਰਦੇ ਹਨ {ਅੰਮ੍ਰਿਤ ਵੇਲੇ ਨ੍ਹਾਵਣਾ, ਗੁਰਮੁਖ ਜਪੁ ਗੁਰ ਮੰਤੁ ਜਪਾਯਾ।(ਭਾ.ਗੁ.ਵਾਰ ੨੬-੪)}।ਪ੍ਰਮਾਤਮਾ ਦਾ ਨਾਉਂ ਜਪਣ ਨਾਲ ਮਨੁੱਖ ਪ੍ਰਮਾਤਮਾ ਦੀ ਨੇੜਤਾ ਪ੍ਰਾਪਤ ਕਰਦਾ ਹੈ।ਇਸ ਬਾਣੀ ਦਾ ਵਿਸ਼ਾ ਵਸਤੂ ਹੈ ਪ੍ਰਮਾਤਮਾ ਨਾਲ ਮੇਲ, ਸਚੁ ਦੀ ਪ੍ਰਾਪਤੀ ਅਤੇ ਸਚਿਆਰ ਹੋਣਾ।'ਜਪੁ' ਪਦ ਕਿਰਿਆ ਵਾਚਕ ਵੀ ਹੈ ਅਤੇ ਨਾਮ ਵੀ = ਜਪੁ ਕਲ ਸੁਜਸੁ ਨਾਨਕ ਗੁਰ,ਸਹਜੁ ਜੋਗੁ ਜਿਨਿ ਮਾਣਿਓ (੧੩੯੦)।ਨਾਨਕ ਜਾਪੀ ਜਪੁ ਜਾਪੁ (੮੯੬)।ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ (੬੭੦)।'ਜਪੁ' ਇਸ ਬਾਣੀ ਦਾ ਸਿਰਲੇਖ ਵੀ ਹੈ ਅਤੇ ਇਸ ਬਾਣੀ ਵਿਚ ਆਏ ਅਰਥ ਭਾਵਾਂ ਨੂੰ ਵਿਚਾਰ ਸਹਿਤ ਮਨ ਵਿਚ ਵਸਾਉਣ ਦਾ ਉਪਦੇਸ਼ ਵੀ ਹੈ।ਜਪੁ ਮਨੁੱਖ ਨੂੰ ਨਿਰੰਕਾਰ ਨਾਲ ਜੋੜਨ ਵਾਲਾ ਹੈ, ਜਿਵੇਂ ਗੱਡੀ ਦਾ ਪਹੀਆ ਅਪਣੇ ਧੁਰੇ ਦੇ ਦੁਆਲੇ ਗੇੜੇ ਕਢਦਾ ਰਹਿੰਦਾ ਹੈ ਅਤੇ ਧੁਰੇ ਨੂੰ ਛਡਦਾ ਨਹੀ।ਧੁਰੇ ਦੇ ਦੁਆਲੇ ਗੇੜੇ ਕਢਦਾ ਕਢਦਾ ਲੀਹ ਉਤੇ ਦੌੜਦਾ ਹੋਇਆ ਅਪਣੀ ਮੰਜਲ ਤੇ ਪਹੁੰਚ ਜਾਂਦਾ ਹੈ।ਚਲਦਾ ਨਿਰਜਿੰਦ ਹਰੁਟ ਵੀ ਤੂੰ ਤੂੰ ਦੀ ਆਵਾਜ ਦਾ ਰਟਨ ਕਰਦਾ ਹੈ, ਪਰ ਸਜਿੰਦ ਮਨੁੱਖ ਧਿਆਨ ਨਾਲ ਵਾਰ ਵਾਰ ਜਪ ਕਰਦਾ ਕਰਦਾ ਨਿਰੰਕਾਰ ਤਕ ਪੁਜ ਜਾਂਦਾ ਹੈ {ਬਾਰੰ ਬਾਰ ਬਾਰ ਪ੍ਰਭੁ ਜਪੀਐ ੨੮੬}।ਭਾਵ ਤੋਤੇ ਵਾਂਙ ਰਟਣ ਦਾ ਕੋਈ ਫਾਇਦਾ ਨਹੀਂ, ਵਾਹਿਗੁਰੂ ਨੂੰ ਹਾਜਰ ਨਾਜਰ ਜਾਣ ਕੇ ਜਪ ਕਰਨ ਨਾਲ ਹੀ ਸਫਲਤਾ ਮਿਲਦੀ ਹੈ।ਭਿੰਡਰਾਂ ਵਾਲੇ ਸੰਤ ਗਿ. ਗੁਰਬਚਨ ਸਿੰਘ ਖਾਲਸਾ ਨੇ ਵੀ ਜਪੁ ਦੇ ਅਰਥ ਉਪਰ ਲਿਖੇ ਭਾਵਾਂ ਵਾਲੇ ਹੀ ਕੀਤੇ ਹਨ। ਅਗੇ ਜਪੁ ਸ਼ੁਰੂ ਹੁੰਦਾ ਹੈ =

**ਆਦਿ ਸਚੁ, ਜੁਗਾਦਿ ਸਚੁ ॥ ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ ॥੧॥**

'ਆਦਿ' ਪਦ ਦਾ ਸਬੰਧ ਸ੍ਰਿਸਟੀ ਦੀ ਅਰੰਭਤਾ ਨਾਲ ਹੈ ਅਤੇ ਸਚੁ ਦਾ ਅਰਥ ਹੈ ਸਦੀਵਤਾ, ਭਾਵ ਤ੍ਰੈ ਕਾਲ ਅਤੀਤ ਸੱਚ।ਉਹ ਸੱਚ ਸਰੂਪ ਪ੍ਰਮਾਤਮਾ ਸ੍ਰਿਸਟੀ ਪੈਦਾ ਹੋਣ ਤੋਂ ਪਹਿਲਾਂ ਵੀ ਮੌਜੂਦ ਸੀ (ਭਾਵ ਇਹ ਨਹੀਂ ਕਿ ਪ੍ਰਮਾਤਮਾ ਸ੍ਰਿਸਟੀ ਪੈਦਾ ਹੋਣ ਨਾਲ ਹੀ ਹੋਂਦ ਵਿਚ ਆਇਆ, ਉਹ ਤਾਂ ਸ੍ਰਿਸਟੀ ਪੈਦਾ ਹੋਣ ਤੋਂ ਪਹਿਲਾਂ ਵੀ ਸੀ)।ਜਿਸ ਦਾ ਆਦਿ ਹੁੰਦਾ ਹੈ, ਉਸਦਾ ਅੰਤ ਵੀ ਹੁੰਦਾ ਹੈ, ਆਦਿ ਅੰਤ ਵਾਲੀਆਂ ਹੋਂਦਾਂ ਕਾਲ ਦੀ ਸੀਮਾਂ ਵਿਚ ਹੁੰਦੀਆਂ ਹਨ।ਪ੍ਰਮਾਤਮਾ ਤਾਂ ਅਕਾਲ ਹੈ, ਅਨ-ਆਦਿ ਹੈ, ਬੇਅੰਤ ਹੈ ਭਾਵ ਨਿਰੰਕਾਰ ਆਦਿ ਅੰਤ ਤੋਂ ਅਪੋਹ ਅਤੇ ਨਿਰਲੇਪ ਹੈ।ਧਰਤੀ ਦਾ ਸੂਰਜ ਦੁਆਲੇ ਘੁੰਮਣ ਕਰਕੇ ਸਮਾਂ ਹੋਂਦ ਵਿਚ ਆਇਆ, ਸਮੇਂ ਦੀ ਵੰਡ ਮਨੁੱਖ ਨੇ ਆਦਿ ਮਧਿ ਅੰਤ ਅਤੇ ਭੂਤ ਵਰਤਮਾਨ ਭਵਿਖ ਵਿਚ ਕੀਤੀ ਹੈ।ਸਮੇਂ ਦੀ ਵੰਡ ਮਨੁੱਖ ਦੀ ਕਿਰਤ ਹੈ, ਜਦੋਂ ਸ੍ਰਿਸਟੀ ਰਚਨਾ ਨਹੀਂ ਵੀ ਸੀ, ਨਿਰੰਕਾਰ ਦੀ ਹੋਂਦ ਉਦੋਂ ਵੀ ਸੀ।ਸਦਾ ਰਹਿਣ ਵਾਲੇ ਨਿਰੰਕਾਰ ਦੀ ਹੋਂਦ ਸ੍ਰਿਸਟੀ ਰਚਨਾ ਤੋਂ ਪਹਿਲਾਂ ਵੀ ਸੀ, ਉਸ ਅਵਸਥਾ ਨੂੰ ਨਿਰਗੁਣ ਅਫੁਰ, ਸੁੰਨ, ਅਗਮ ਕਿਹਾ ਗਿਆ ਹੈ।ਜਦੋਂ ਸ੍ਰਿਸਟੀ ਪੈਦਾ ਨਹੀਂ ਸੀ ਹੋਈ, ਉਦੋਂ ਹਨ੍ਹੇਰਾ ਤੇ ਚਾਨਣ, ਸੂਰਜ ਤੇ ਚੰਦ, ਧਰਤੀ ਤੇ ਅਕਾਸ਼, ਹਵਾ ਤੇ ਪਾਣੀ, ਜੀਵ ਜੰਤ ਆਦਿ ਕੁਛ ਵੀ ਨਹੀਂ ਸੀ, ਉਦੋਂ ਕੇਵਲ ਨਿਰੰਕਾਰ ਹੀ ਸੀ =

ਤਦਹੁ ਆਕਾਸੁ ਨ ਪਾਤਾਲੁ ਹੈ, ਨ ਤ੍ਰੈ ਲੋਈ।ਤਦਹੁ ਆਪੇ ਆਪਿ ਨਿਰੰਕਾਰ ਹੈ, ਨ ਓਪਤਿ ਹੋਈ (੫੦੯)।

ਉਸ ਅਰਬਦ ਨਰਬਦ ਧੁੰਧੂਕਾਰ ਵਾਲੀ ਅਵਸਥਾ ਨੂੰ ਗੁਰੂ ਜੀ ਨੇ ਆਦਿ ਸਚੁ (ਪ੍ਰਾਰੰਭਕ ਸੱਚ) ਕਿਹਾ ਹੈ।ਮਾਰੂ ਸੋਹਲਿਆਂ ਵਿਚ ਸਤਿਗੁਰੂ ਨਾਨਕ ਦੇਵ ਜੀ ਨੇ ਧੁੰਧੂਕਾਰ ਨੂੰ ਸ੍ਰਿਸਟੀ ਦੀ ਅਰੰਭਕ ਹਾਲਤ ਦਸਿਆ ਹੈ {ਅਰਬਦ ਨਰਬਦ ਧੁੰਧੂਕਾਰਾ੧੦੩੫ ; ਧੁੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ ੧੦੨੩}।ਧੁੰਧੂਕਾਰ ਤੋਂ ਪਹਿਲਾਂ ਅਣਹੋਂਦ ਸੀ, ਉਦੋਂ ਕੇਵਲ ਸੱਚ (ਸਤਿ) ਹੀ ਸੀ, ਜਿਸ ਤੋਂ ਸਾਰੀ ਰਚਨਾ ਹੋਈ।ਸਤਿ ਜਾਂ ਸਚੁ ਨਿਰੰਕਾਰ ਦੀ ਸਦੀਵੀ ਹੋਂਦ ਨੂੰ ਜਣਾਉਣ ਵਾਲਾ ਸ਼ਬਦ ਹੈ।ਸੋ ਆਦਿ ਸਚੁ ਦਾ ਅਰਥ ਹੈ = ਪ੍ਰਪੰਚ ਉਤਪਤੀ ਤੋਂ ਪਹਿਲਾਂ ਵੀ ਪ੍ਰਮਾਤਮਾ (ਸੱਚ) ਸੀ।

ਜੁਗਾਦਿ ਸਚੁ = ਜੁੱਗਾਂ ਦੇ ਮੁੱਢ (ਆਦਿ) ਵਿਚ ਵੀ ਸੱਚ ਸਰੂਪ ਨਿਰੰਕਾਰ ਸੀ, (ਸ੍ਰਿਸਟੀ ਰਚਨਾ ਤੋਂ ਪਿਛੋਂ ਜਦ ਸਮਾਂ ਹੋਂਦ ਵਿਚ ਆਇਆ)।ਸਮੇਂ ਦੇ ਹੋਂਦ ਵਿਚ ਆਉਣ ਤੇ ਵੀ ਉਹ ਪ੍ਰਮਾਤਮਾ ਸਦਾ ਇਕ ਰਸ ਕਾਇਮ ਰਹਿੰਦਾ ਹੈ।ਜਦ ਦਿਸਦਾ ਅਤੇ ਅਣਦਿਸਦਾ ਪ੍ਰਪੰਚ ਪੈਦਾ ਹੋ ਗਿਆ, ਪਰ ਜੁਗ ਆਦਿਕਾਂ ਦਾ ਅਜੇ ਅਰੰਭ ਨਹੀਂ ਸੀ ਹੋਇਆ, ਉਸ ਅਵਸਥਾ ਦਾ ਨਾਮ ਜੁਗਾਦਿ ਹੈ, ਭਾਵ ਜੁਗਾਂ ਦੇ ਆਦਿ ਵਿਚ ਵੀ ਇਕ ਸੱਚ ਹੀ ਸੀ।

ਹੈ ਭੀ ਸਚੁ = ਹੁਣ ਵਰਤਮਾਨ ਸਮੇਂ (ਰਚਨਾ ਦੇ ਇਸਥਿਤੀ ਕਾਲ) ਵਿਚ ਵੀ ਸਚ ਸਰੂਪ ਹੈ।ਪ੍ਰਮਾਤਮਾ ਦੀ ਹੋਂਦ ਆਦਿ ਅੰਤ ਅਤੇ ਜੁਗਾਦਿ, ਭੂਤ, ਵਰਤਮਾਨ, ਭਵਿਖ ਸਭ ਕਾਲਾਂ ਵਿਚ ਨਿਰਲੇਪ ਅਤੇ ਅਪੋਹ ਰਹਿੰਦੀ ਹੈ।

ਨਾਨਕ ਹੋਸੀ ਭੀ ਸਚੁ = ਗੁਰੂ ਜੀ ਆਖਦੇ ਹਨ ਕਿ ਆਉਣ ਵਾਲੇ ਸਮੇਂ (ਜਗਤ ਰਚਨਾ ਦੇ ਵਿਨਾਸ਼ ਅਤੇ ਉਸਤੋਂ ਬਾਦ ਦੇ ਸਮੇਂ) ਵਿਚ ਵੀ ਸੱਚ ਸਦਾ ਕਾਇਮ ਰਹੇਗਾ।ਪ੍ਰਮਾਤਮਾ ਅਬਦਲ ਹੈ, ਸਦਾ ਇਕ ਰਸ ਕਾਇਮ ਰਹਿੰਦਾ ਹੈ।ਜਪੁ ਜੀ ਸਾਹਿਬ ਦੇ ਮੁੱਢ ਵਿਚ ‘ਨਾਨਕ ਹੋਸੀ ਭੀ ਸਚੁ’ ਤੋਂ ਪਿਛੋਂ ਅੰਕ ੧ ਲਗਾ ਹੋਇਆ ਹੈ, ਇਹ ਅੰਕ ਸਲੋਕ ਦਾ ਹੈ।ਅੱਗੇ ‘ਸੋਚੈ ਸੋਚਿ ਨ ਹੋਵਈ’ ਵਾਲੀ ਪਉੜੀ ਦੀ ਸਮਾਪਤੀ ਤੋਂ ਬਾਦ ਵੀ ਅੰਕ ੧ ਲਗਾ ਹੈ, ਇਹ ਪਉੜੀ ਦੀ ਗਿਣਤੀ ਦਾ ਅੰਕ ਹੈ, ਜੋ ਕਰਮਵਾਰ ਹਰੇਕ ਪਉੜੀ ਦੀ ਗਿਣਤੀ ਦਸਦਾ ਹੋਇਆ ੩੮ ਤਕ ਗਿਆ ਹੈ।ਅਖੀਰ ਵਿਚ ‘ਪਵਣ ਗੁਰੂ ਪਾਣੀ ਪਿਤਾ’ ਵਾਲੇ ਸਲੋਕ ਦੀ ਸਮਾਪਤੀ ਤੇ ਵੀ ੧ ਅੰਕ ਦਿਤਾ ਹੋਇਆ ਹੈ।ਇਸਦਾ ਭਾਵ ਇਹ ਹੈ ਕਿ ਜਪੁ ਜੀ ਸਾਹਿਬ ਦੀਆਂ ੩੮ ਪਉੜੀਆਂ ਅਤੇ ਆਦਿ ਅੰਤ ਵਾਲੇ ਇਕ ਇਕ ੨ ਸਲੋਕ ਹਨ।‘ਪਵਣ ਗੁਰੂ ਪਾਣੀ ਪਿਤਾ’ ਦੇ ਅਰੰਭ ਵਿਚ ਤਾਂ ਸਲੋਕ ਪਦ ਲਿਖਿਆ ਹੋਇਆ ਹੈ ਪਰ ‘ਜਪੁ’ ਤੋਂ ਬਾਦ ‘ਆਦਿ ਸਚੁ’ ਤੋਂ ਪਹਿਲਾਂ ਸਲੋਕ ਪਦ ਨਹੀ ਲਿਖਿਆ ਹੋਇਆ।ਪਰ ਸੁਖਮਨੀ ਸਾਹਿਬ ਦੀ ੧੭ ਵੀਂ ਅਸਟਪਦੀ ਦੇ ਸ਼ੁਰੂ ਵਿਚ ‘ਆਦਿ ਸਚੁ’ ਵਾਲੀਆਂ ਤੁਕਾਂ ਅਗੇ ‘ਸਲੋਕ’ ਪਦ ਲਿਖਿਆ ਸਿਧ ਕਰਦਾ ਹੈ ਕਿ ਜਪੁ ਜੀ ਦਾ ‘ਆਦਿ ਸਚੁ’ ਵਾਲਾ ਵੀ ਸਲੋਕ ਹੀ ਹੈ।

ਹੇਠ ਲਿਖੀਆਂ ਤੁਕਾਂ ਵਿਚੋਂ ਇਸ ਸਲੋਕ ਦੇ ਅਰਥ ਭਾਵ ਸਮਝੇ ਜਾ ਸਕਦੇ ਹਨ =

ਆਦਿ ਅਨੀਲੁ ਅਨਾਦਿ ਅਨਾਹਤਿ, ਜੁਗੁ ਜੁਗੁ ਏਕੋ ਵੇਸੁ।(੭)।ਆਦਿ ਜੁਗਾਦੀ ਹੁਣਿ ਹੋਵਤ, ਨਾਨਕ ਏਕੈ ਸੋਇ।(੨੫੪)।

ਆਦਿ ਜੁਗਾਦੀ ਹੈ ਭੀ ਹੋਸੀ, ਅਵਰੁ ਝੂਠਾ ਸਭੁ ਮਾਨੋ।(੪੩੭)।ਆਦਿ ਪੂਰਨ ਮਧਿ ਪੂਰਨ, ਅੰਤਿ ਪੂਰਨ ਪਰਮੇਸੁਰਹ।(੭੦੫)।

ਆਦਿ ਜੁਗਾਦੀ ਹੈ ਭੀ ਹੋਗੁ।(੮੪੦)।ਆਦਿ ਜੁਗਾਦੀ ਹੈ ਭੀ ਹੋਸੀ, ਸਭ ਜੀਆ ਕਾ ਸੁਖਦਾਈ ਸੰਤਹੁ।(੯੧੬)।

ਜੁਗੁ ਜੁਗੁ ਸਾਚਾ ਹੈ ਭੀ ਹੋਸੀ।(੧੦੨੨)।ਆਦਿ ਜੇਗਾਦੀ ਅਪਰ ਅਪਾਰੇ।ਆਦਿ ਨਿਰੰਜਨ ਖਸਮ ਹਮਾਰੇ (੧੦੨੩)।ਹੈ ਭੀ ਸਾਚਾ ਹੋਸੀ ਸੋਈ।ਆਪੇ ਸਾਜੇ ਅਵਰੁ ਨ ਕੋਈ (੧੦੬੦)।

ਸਭਿ ਧਿਆਵਹੁ ਆਦਿ ਸਤੇ, ਜੁਗਾਦਿ ਸਤੇ ਪਰਤਖਿ ਸਤੇ, ਸਦਾ ਸਦਾ ਸਤੇ, ਜਨੁ ਨਾਨਕੁ ਦਾਸੁ ਦਸੋਨਾ।(੧੩੧੫)।

ਆਦਿ ਜੁਗਾਦਿ ਜੁਗਾਦਿ ਜੁਗੋ ਜੁਗੁ ,ਤਾ ਕਾ ਅੰਤੁ ਨ ਜਾਨਿਆ।(੧੩੫੧)।

ਗੁਰ ਪ੍ਰਸਾਦਿ ਸੁ ਆਦਿ ਸਚੁ, ਜੁਗਹੁ ਜੁਗੰਤਰ ਹੋਂਦਾ ਆਇਆ।ਹੈ ਭੀ ਹੋਸੀ ਸਚੁ ਨਾਉ, ਸਚੁ ਦਰਸਣੁ ਸਤਿਗੁਰੂ ਦਿਖਾਇਆ (ਭਾ.ਗੁ.ਵਾਰ ੩੯-੧)।ਆਦਿ ਪੁਰਖ ਆਦੇਸ ਹੈ, ਹੈ ਭੀ ਹੋਸੀ ਹੋਂਦਾ ਆਇਆ (ਭਾ.ਗੁ.ਵਾਰ ੧੮-੭)।੧।

ਪਦਾਰਥ = ਆਦਿ-ਸ੍ਰਿਸਟੀ ਰਚਨਾ ਤੋਂ ਪਹਿਲਾਂ ਦਾ ਅੰਤ ਰਹਿਤ ਸਮਾਂ; ਮੁੱਢ ਤੋਂ।ਸਚੁ-ਸੱਚਾ; ਇਕ ਰਸ ਸਦਾ ਕਾਇਮ ਰਹਿਣ ਵਾਲਾ ਨਿਰੰਕਾਰ; ਹੋਂਦ ਵਾਲਾ।ਜੁਗਾਦਿ-ਜੁਗਾਂ ਦੇ ਅਰੰਭ ਤੋਂ; ਸਮਾਂ ਅਰੰਭ ਹੋਣ ਦੇ ਮੁੱਢ ਤੋਂ।ਹੈ ਭੀ-ਹੁਣ ਵੀ; ਇਸ ਵੇਲੇ ਵੀ; ਮੌਜੂਦਾ ਸਮੇਂ ਵਿਚ।ਨਾਨਕ-ਹੇ ਨਾਨਕ ; ਗੁਰੂ ਨਾਨਕ ਦੇਵ ਜੀ ਆਖਦੇ ਹਨ।ਹੋਸੀ ਭੀ ਸਚੁ-ਸੱਚ ਸਰੂਪ ਨਿਰੰਕਾਰ ਅੱਗੇ (ਭਵਿਖ ਵਿਚ) ਵੀ ਸਦਾ ਕਾਇਮ ਰਹੇਗਾ (ਰਚਨਾ ਦੇ ਖਾਤਮੇ ਤੋਂ ਬਾਦ ਵੀ ਕਾਇਮ ਰਹਿੰਦਾ ਹੈ)।੧।

## ॥ ਪਹਿਲੀ ਪਉੜੀ ॥

ਉਥਾਨਕਾ = ਸਿੱਧ ਆਖਣ ਲੱਗੇ ਕਿ ਅਸੀਂ ਸਰੀਰਕ ਪਵਿਤ੍ਰਤਾ, ਮੋਨ ਰੱਖਣ, ਭੁੱਖੇ ਰਹਿਣ ਅਤੇ ਸਿਆਣਾ ਬਣਨ ਆਦਿ ਕਰਮਾਂ ਨੂੰ ਪਹਿਲ ਦੇਂਦੇ ਹਾਂ।ਤੁਹਾਡਾ ਇਨ੍ਹਾਂ ਬਾਰੇ ਕੀ ਦ੍ਰਿਸਟੀ ਕੋਣ ਹੈ? ਗੁਰੂ ਜੀ ਉਤਰ ਦੇਂਦੇ ਹਨ ః-

ਸੋਚੈ ਸੋਚਿ ਨ ਹੋਵਈ, ਜੇ ਸੋਚੀ ਲਖ ਵਾਰ ॥ਜੇ ਮੈਂ (ਮਨ ਦੀ ਸ਼ੁਧੀ ਅਤੇ ਸੱਚ ਦੀ ਪ੍ਰਾਪਤੀ ਵਾਸਤੇ) ਲੱਖਾਂ ਵਾਰੀ ਵੀ ਸੁੱਚਮ ਰੱਖ ਲਵਾਂ, (ਐਵੇਂ ਦਿਖਾਵੇ ਦੀ ਸਰੀਰਕ) ਸੁੱਚ ਰੱਖਣ ਤਥਾ ਤੀਰਥ ਇਸ਼ਨਾਨ ਕਰਨ (ਵਰਗੇ ਕਰਮ ਕਾਂਡ) ਨਾਲ ਮਨ ਸੁੱਚਾ ਨਹੀ ਹੁੰਦਾ, (ਭਾਵ ਸਚ ਸਰੂਪ ਪ੍ਰਮਾਤਮਾ ਦੀ ਪ੍ਰਾਪਤੀ ਸੁੱਚ ਪਵਿਤ੍ਰਤਾ ਰੱਖਣ ਅਤੇ ਤੀਰਥਾਂ ਤੇ ਨ੍ਹਾਉਣ ਨਾਲ ਨਹੀਂ ਹੁੰਦੀ।ਪਾਣੀ ਨਾਲ ਇਸ਼ਨਾਨ ਕਰਨ ਤੇ ਸਰੀਰ ਤਾਂ ਸਾਫ ਸੁਥਰਾ ਹੋ ਜਾਂਦਾ ਹੈ, ਪਰ ਅੰਦਰ ਦੀ ਮੈਲ ਬਾਹਰ ਦੀ ਸੁੱਚਮਤਾ ਨਾਲ ਦੂਰ ਨਹੀ ਹੁੰਦੀ)।

ਚੁਪੈ ਚੁਪਿ ਨ ਹੋਵਈ, ਜੇ ਲਾਇ ਰਹਾ ਲਿਵਤਾਰ ॥ਜੇ ਮੈਂ ਲਗਾਤਾਰ ਧਿਆਨ ਲਾ (ਮੋਨ ਧਾਰ) ਕੇ ਵੀ ਬੈਠਾ ਰਹਾਂ, ਬਾਹਰੋਂ ਚੁੱਪ ਰਹਿਣ (ਮੋਨ ਧਾਰਨ ਕਰਨ) ਨਾਲ (ਮਨ ਅਤੇ ਇੰਦ੍ਰੀਆਂ ਦੀ ਵਿਕਾਰਾਂ ਵਲੋਂ) ਚੁੱਪ ਨਹੀਂ ਹੋ ਸਕਦੀ (ਜੇ ਮੂੰਹ ਤੋਂ ਚੁਪ ਹੋ ਜਾਈਏ ਤਾਂ ਮਨ ਤਾਂ ਬੋਲਦਾ ਹੀ ਰਹਿੰਦਾ ਹੈ)।

ਭੁਖਿਆ ਭੁਖ ਨ ਉਤਰੀ, ਜੇ ਬੰਨਾ ਪੁਰੀਆ ਭਾਰ ॥ਜੇਕਰ (ਸਾਰੀਆਂ) ਪੁਰੀਆਂ ਦੇ (ਪਦਾਰਥਾਂ ਦੇ) ਭਾਰ ਮੈਂ (ਅਪਣੇ ਪੱਲੇ) ਬੰਨ੍ਹ ਲਵਾਂ, ਭੁੱਖੇ ਰਹਿਣ (ਕਠਨ ਵਰਤ ਰੱਖਣ) ਨਾਲ ਵੀ ਤ੍ਰਿਸ਼ਨਾ ਦੀ ਭੁੱਖ ਨਹੀਂ ਉਤਰਦੀ (ਤ੍ਰਿਪਤੀ ਨਹੀਂ ਹੁੰਦੀ) ਜਾਂ ਪਦਾਰਥਾਂ ਦੇ ਭੁੱਖਿਆਂ ਦੀ ਭੁੱਖ ਨਹੀ ਲਹਿੰਦੀ।

ਸਹਸ ਸਿਆਣਪਾ ਲਖ ਹੋਹਿ, ਤਇਕ ਨ ਚਲੈ ਨਾਲਿ ॥ ਹਜਾਰਾਂ ਲਖਾਂ (ਬਹੁਤ ਜਿਆਦਾ) ਸਿਆਣਪਾਂ ਹੋਣ ਤਾਂ (ਸੱਚ ਦੀ ਪ੍ਰਾਪਤੀ ਵਾਸਤੇ) ਇਕ ਵੀ (ਸਿਆਣਪ) ਨਾਲ ਨਹੀਂ ਚਲਦੀ (ਸਹਾਈ ਨਹੀਂ ਹੁੰਦੀ ਜਾਂ ਹੰਕਾਰ ਕਰਕੇ ਰੱਬੀ ਦਰਗਾਹ ਵਿਚ) ਇਕ ਵੀ ਸਿਆਣਪ ਨਾਲ ਨਹੀ ਜਾਂਦੀ।

ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ॥(ਜੇ ਉਪਰੋਕਤ ਸਾਧਨ ਸਫਲ ਨਹੀ ਹੁੰਦੇ ਤਾਂ ਫਿਰ) ਸਚਿਆਰ ਕਿਵੇਂ ਹੋਈਏ,ਤੇ ਕੂੜ ਦੀ ਕੰਧ (ਮਨੁੱਖ ਅਤੇ ਰੱਬ ਵਿਚਾਲੇ ਪੜਦਾ) ਕਿਵੇਂ ਟੁੱਟੇ? (ਜਿਸ ਕਰਕੇ ਮਨੁੱਖ ਅਤੇ ਰੱਬ ਦਾ ਮੇਲ ਹੋ ਜਾਵੇ।ਇਹ ਤੁਕ ਪ੍ਰਸ਼ਨ ਵਾਚਕ ਹੈ ਅਤੇ ਸਾਰੇ ਜਪੁ ਜੀ ਸਾਹਿਬ ਦਾ ਵਿਸ਼ਾ ਵਸਤੂ ਹੈ)।

ਫਿਰ ਅਜੇਹਾ ਕਿਹੜਾ ਧਾਰਮਿਕ ਕਰਮ ਹੈ, ਜਿਸ ਨਾਲ ਕੂੜ ਦੀ ਕੰਧ ਦੂਰ ਹੋ ਜਾਵੇ ਅਤੇ ਸਚਿਆਰ ਹੋ (ਗੁਰਮੁਖ ਬਣ) ਸਕੀਏ?ਅਗਲੀ ਤੁਕ ਵਿਚ ਉਤਰ ਦਿਤਾ ਹੈ, ਜਿਸ ਨਾਲ ਮਨੁੱਖ ਸੱਚ ਦੀ ਪਦਵੀ ਪ੍ਰਾਪਤ ਕਰ ਸਕਦਾ ਹੈ।

ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥੧॥ (ਸਚਿਆਰ ਬਣਨ ਵਾਸਤੇ) ਰਜ਼ਾ ਦੇ ਮਾਲਕ ਪ੍ਰਮਾਤਮਾ ਦੇ ਹੁਕਮ ਵਿਚ ਸਦਾ ਚਲਣਾ ਚਾਹੀਦਾ ਹੈ, (ਇਸ ਤਰ੍ਹਾਂ ਕੂੜ ਦਾ ਪੜਦਾ ਹਟ ਜਾਂਦਾ ਹੈ) ਗੁਰੂ ਨਾਨਕ ਦੇਵ ਜੀ ਆਖਦੇ ਹਨ (ਕਿ ਉਹ ਹੁਕਮ ਧੁਰ ਤੋਂ ਹੀ) ਜੀਵ ਦੇ ਨਾਲ ਭਾਵ ਹਿਰਦੇ ਵਿਚ ਲਿਖਿਆ ਹੋਇਆ ਹੈ।

'ਸੋਚੈ ਸੋਚਿ ਨ ਹੋਵਈ'ਦਾ ਦੂਜਾ ਅਰਥ = ਜੇਕਰ ਮੈਂ ਲੱਖਾਂ ਵਾਰੀ ਸੋਚੀ ਜਾਵਾਂ, ਮਾਨਸਿਕ ਸੋਚ ਵਿਚਾਰ ਕਰਨ ਨਾਲ (ਸੱਚ ਸਰੂਪ ਪ੍ਰਮਾਤਮਾ ਦੀ) ਸਮਝ ਨਹੀ ਪ੍ਰਾਪਤ ਹੋ ਸਕਦੀ, (ਪ੍ਰਮਾਤਮਾ ਮਨ ਬੁੱਧੀ ਦੀ ਸੋਚ, ਤਰਕ ਅਤੇ ਦਲੀਲ ਦਾ ਵਿਸ਼ਾ ਨਹੀਂ ਹੈ, ਨਿਰੀ ਸੋਚ ਮਨੁੱਖ ਨੂੰ ਸੱਚ ਤਕ ਨਹੀ ਪਹੁੰਚਾਉਂਦੀ, ਦਿਮਾਗੀ ਸੋਚ ਵਿਚਾਰ ਤੋਂ ਉਹ ਬਹੁਤ ਉਪਰ ਹੈ)।

ਨੋਟ = ਭਾਈ ਵੀਰ ਸਿੰਘ ਜੀ ਅਨੁਸਾਰ ੧੯੨੫ ਬਿ. ਤੋਂ ਪਹਿਲਾਂ 'ਸੋਚੈ' ਦਾ ਅਰਥ 'ਮਨ ਦੀ ਵਿਚਾਰ ਨਾਲ' ਹੀ ਕੀਤਾ ਜਾਂਦਾ ਰਿਹਾ ਹੈ।੧੯੫੨ ਬਿ. ਵਿਚ 'ਸੁੱਚਮਤਾ ਕਰਨ ਨਾਲ' ਅਰਥ ਕੀਤਾ ਗਿਆ, ਫਿਰ ੧੯੯੯ ਬਿ. ਵਿਚ ਕਵੀ ਸੰਤੋਖ ਸਿੰਘ ਨੇ ਗਰਬ ਗੰਜਨੀ ਟੀਕੇ ਵਿਚ ਪਾਣੀ ਅਤੇ ਮਿੱਟੀ ਨਾਲ ਕੀਤੀ ਸੁੱਚਮਤਾ ਅਰਥ ਕੀਤਾ।ਮਗਰੋਂ ਬਹੁਤੇ ਟੀਕਾਕਾਰਾਂ ਨੇ ਸੋਚੈ ਦੇ ਅਰਥ ਸੁੱਚ ਪਵਿਤ੍ਰਤਾ ਹੀ ਕੀਤਾ ਹੈ।

'ਲਿਖਿਆ ਨਾਲਿ'ਦਾ ਦੂਜਾ ਅਰਥ = ਜੋ ਕੁਛ ਪ੍ਰਾਲਬਧ ਵਿਚ ਹੈ, ਉਹ ਹੁਕਮ ਰੂਪ ਵਿਚ ਜੀਵ ਦੇ ਨਾਲ ਲਿਖਿਆ ਹੋਇਆ ਹੈ (ਇਸੇ ਵਿਚ ਸੰਤੁਸ਼ਟ ਰਹੇ, ਸ਼ੁਕਰ ਕਰਕੇ ਹੁਕਮ ਅਨੁਸਾਰ ਤੁਰੇ, ਅਸੰਤੁਸ਼ਟਤਾ, ਸ਼ਿਕਾਇਤਾਂ ਤੇ ਨਾ ਸ਼ੁਕਰਾਪਨ ਨਾ ਦਿਖਾਵੇ, ਫਿਰ ਸਚਿਆਰ ਹੋ ਜਾਓਗੇ)।੧।

ਗੁਰਬਾਣੀ ਦੇ ਵਾਕ ਹਨ = ਹੁਕਮਿ ਰਜਾਈ ਜੋ ਚਲੈ, ਸੋ ਪਵੈ ਖਜਾਨੈ (੪੨੧)।ਮਨੁੱਖ ਨਿਰੰਕਾਰ ਦੀ ਅੰਸ਼ ਹੋਣ ਕਰਕੇ {ਕਹੁ ਕਬੀਰ ਇਹੁ ਰਾਮ ਕੀ ਅੰਸ ੮੭੧} ਉਸ ਦਾ ਹੁਕਮ ਮਨੁੱਖ ਦੇ ਧੁਰ ਅੰਦਰ ਨਾਲ ਹੀ ਲਿਖਿਆ ਹੋਇਆ ਹੈ {ਹੁਕਮੁ ਨ ਜਾਈ ਮੇਟਿਆ, ਜੋ ਲਿਖਿਆ ਸੋ ਨਾਲਿ ੧੦੯੧}।ਹੁਕਮ ਮਨੁੱਖ ਨੂੰ ਬੁਰਿਆਈ ਕਰਨ ਤੋਂ ਰੋਕਦਾ ਹੈ ਅਤੇ ਚੰਗਿਆਈ ਕਰਨ ਦਾ ਚਾਉ ਪੈਦਾ ਕਰਦਾ ਹੈ।ਸੁਖਮਨੀ ਸਾਹਿਬ ਦਾ ਵਾਕ ਹੈ {ਬੀਜ ਮੰਤ੍ਰੁ ਸਰਬ ਕੋ ਗਿਆਨੁ ੨੭੪} ਬੀਜ ਰੂਪ ਵਿਚ ਨਾਮ ਦਾ ਗਿਆਨ ਸਭ ਨੂੰ ਦਿਤਾ ਗਿਆ ਹੈ, ਚੌਹਾਂ ਵਰਨਾਂ ਵਿਚੋਂ ਸਭ ਨਾਮ ਜਪ ਸਕਦੇ ਹਨ (ਨਾਮ ਅਤੇ ਹੁਕਮ ਇਕ ਹੀ ਹੈ {ਏਕੋ ਨਾਮੁ ਹੁਕਮੁ ਹੈ ਨਾਨਕ, ਸਤਿਗੁਰਿ ਦੀਆ ਬੁਝਾਇ ਜੀਉ ੭੨} ਜੋ ਸਭ ਦੇ ਅੰਦਰ ਪ੍ਰਭੂ ਨੇ ਲਿਖਿਆ ਹੋਇਆ ਹੈ)।

ਪਦਾਰਥ = ਸੋਚੈ–ਸੁੱਚਮਤਾ(ਪਵਿਤ੍ਰਤਾ) ਰੱਖਣ ਨਾਲ; (ਮਨ ਦੇ) ਸੋਚਣ ਨਾਲ।ਸੋਚਿ ਨ ਹੋਵਈ–ਸੁੱਚਾ ਨਹੀਂ ਹੁੰਦਾ, ਸੋਚ (ਸਮਝ) ਪ੍ਰਾਪਤ ਨਹੀਂ ਹੁੰਦੀ।ਸੋਚੀ–ਮੈਂ ਸੁੱਚਮ ਰੱਖਾਂ।ਲਖ ਵਾਰ–ਲੱਖਾਂ ਵਾਰੀ (ਬਹੁਤ ਜਿਆਦਾ)।ਚੁਪੈ–ਚੱਪ ਰਹਿਣ ਨਾਲ; ਮੋਨ ਧਾਰਨ

ਨਾਲ। ਚੁਪ-ਮੋਨ। ਲਾਇ ਰਹਾ-ਮੈਂ ਲਾ ਕੇ (ਬੈਠਾ) ਰਹਾਂ। ਲਿਵ ਤਾਰ-ਲਗਾਤਾਰ ਸਮਾਧੀ;ਇਕ ਟੱਕ ਸਮਾਧੀ; ਲਗਾਤਾਰ ਮੋਨ ਵਾਲੀ ਅਵਸਥਾ। ਭੁਖਿਆ-ਭੁੱਖੇ ਰਹਿਣ ਨਾਲ; (ਪਦਾਰਥਾਂ ਦੇ) ਭੁੱਖਿਆਂ ਦੀ। ਭੁਖ-ਖਾਣ ਪੀਣ ਦੀ ਇੱਛਾ; ਤ੍ਰਿਸ਼ਨਾ। ਨ ਉਤਰੀ-ਨਹੀ ਉਤਰਦੀ; ਨਹੀਂ ਲਹਿੰਦੀ। ਜੇ-ਜੇਕਰ; ਭਾਵੇਂ। ਬੰਨਾ-ਬੰਨ੍ਹ ਲਵਾਂ। ਪੁਰੀਆ-(ਦੇਵਤਿਆਂ ਦੀਆਂ) ਪੁਰੀਆਂ ਦੇ; ਤਿੰਨਾਂ ਲੋਕਾਂ ਦੇ; ਸਾਰੀਆਂ ਦੁਨੀਆਂ ਦੇ। ਭਾਰ-ਪੰਡਾਂ; ਪਦਾਰਥ; ਬੋਝ। ਸਹਸ-ਹਜਾਰਾਂ। ਲਖ-ਲੱਖਾਂ (ਬਹੁਤ ਜਿਆਦਾ)। ਹੋਹਿ-ਹੋਣ। ਕਿਵ-ਕਿਵੇਂ; ਕਿਸ ਤਰ੍ਹਾਂ। ਸਚਿਆਰਾ-ਸੱਚ ਦਾ ਧਾਰਨੀ; ਸੱਤਵਾਦੀ; ਸੱਚਾ। ਹੋਈਐ-ਹੋਈਏ। ਕੂੜੈ-ਕੂੜ ਦਾ। ਤੁਟੈ-ਟੁੱਟ (ਢਹਿ) ਜਾਵੇ। ਪਾਲਿ-ਪੜਦਾ; ਕੰਧ। ਹੁਕਮਿ-ਹੁਕਮ ਵਿਚ। ਰਜਾਈ-ਰਜ਼ਾ ਦੇ ਮਾਲਕ ਪ੍ਰਮਾਤਮਾ ਦੇ। ਚਲਣਾ-ਤੁਰਨਾ ਚਾਹੀਦਾ ਹੈ। ਨਾਲਿ-(ਹਿਰਦੇ ਵਿਚ) ਨਾਲ ਉਕਰਿਆ ਹੋਇਆ ਹੈ।੧।

**ਸੁੱਚ** = ਸਿਧਾਂ, ਸੰਨਿਆਸੀਆਂ ਅਤੇ ਸ਼ੈਵ ਪੰਥੀਆਂ ਵਿਚ ਤੀਰਥ ਸ਼ਨਾਨ ਮਾਨਸਿਕ ਪਵਿਤ੍ਰਤਾ ਲਈ ਜਰੂਰੀ ਸਮਝਿਆ ਗਿਆ ਹੈ। ਸਿਧ ਗੋਸਟ ਬਾਣੀ ਵਿਚ ਜੋਗੀ ਲੋਹਾਰੀਪਾ ਆਪਣੇ ਮੱਤ ਅਨੁਸਾਰ ਗੁਰੂ ਨਾਨਕ ਦੇਵ ਜੀ ਅੱਗੇ ਜੋਗ ਦੀ ਜੁਗਤ ਅਤੇ ਸਿਧੀ ਪ੍ਰਾਪਤੀ ਦਾ ਵਰਨਣ ਕਰਦਾ ਹੈ =

ਤੀਰਥਿ ਨਾਈਐ ਸੁਖ ਫਲੁ ਪਾਈਐ, ਮੈਲੁ ਨ ਲਾਗੈ ਕਾਈ। ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗਿ ਜੁਗਤਿ ਬਿਧਿ ਸਾਈ (੯੩੯)।

ਗੁਰੂ ਤੋਂ ਨਾਮ ਪ੍ਰਾਪਤ ਕਰਕੇ ਨਾਮ ਸਿਮਰਨ ਨਾਲ ਮਨ ਪਵਿਤ੍ਰ ਹੁੰਦਾ ਹੈ =

ਗੁਰ ਤੇ ਪਵਿਤ ਪਾਵਨ ਸੁਚਿ ਹੋਇ (੧੫੮)। ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ (੩੫੫)।

ਸੁਚਿ ਹੋਵੈ ਤ ਸਚੁ ਪਾਈਐ (੪੭੨) ਭਾਵ ਰਿਦੇ ਦੀ ਸੁੱਚਮਤਾ ਹੋਵੇ ਤਾਂ ਸਚ ਪਾਈਦਾ ਹੈ।

ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ ੧੨੪੦। ਅੰਤਰਿ ਜੂਠਾ ਕਿਉ ਸੁਚਿ ਹੋਇ। ਸਬਦੀ ਧੋਵੈ ਵਿਰਲਾ ਕੋਇ (੧੩੪੪) । ਅੰਤਰਿ ਮੈਲੁ ਲਗੀ ਨਹੀ ਜਾਣੈ, ਬਾਹਰਹੁ ਮਲਿ ਮਲਿ ਧੋਵੈ (੧੩੯)। ਤੀਰਥਿ ਨਾਇ ਕਹਾ ਸੁਚਿ ਸੈਲੁ (੧੧੪੯)। ਲੀਪਿਐ ਥਾਇ ਨ ਸੁਚਿ ਹਰਿ ਮਾਨੈ। ਅੰਤਰੁ ਮੈਲਾ ਬਾਹਰੁ ਨਿਤ ਧੋਵੈ (੧੧੫੧)। ਅੰਤਰਿ ਮੈਲੁ ਤੀਰਥ ਭਰਮੀਜੈ। ਮਨ ਨਹੀ ਸੂਚਾ ਕਿਆ ਸੋਚ ਕਰੀਜੈ (੯੦੫)। ਸਰੀਰਕ ਸਫਾਈ ਰਖਣੀ ਵੀ ਜਰੂਰੀ ਹੈ। ਸਾਡੇ ਸਰੀਰ ਵਿਚੋਂ ਮੁੜ੍ਹਕਾ, ਅੱਖਾਂ, ਮੂੰਹ, ਕੰਨ, ਨੱਕ ਵਿਚੋਂ ਹਰ ਰੋਜ ਮੈਲ ਨਿਕਲਦੀ ਹੈ। ਇਸੇ ਕਰਕੇ ਸਫਾਈ ਪਸੰਦ ਲੋਕ ਹਰ ਰੋਜ ਦਾਤਣ ਕੁਰ੍ਹਲਾ ਕਰਕੇ ਮੂੰਹ ਆਦਿ ਧੋਂਦੇ ਹਨ ਅਤੇ ਇਸ਼ਨਾਨ ਕਰਦੇ ਹਨ {ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ, ਮਨ ਤਨ ਭਏ ਅਰੋਗਾ ੬੧੧ ; ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ੩੦੫}। ਇਸ਼ਨਾਨ ਨਾ ਕਰਨ ਕਰਕੇ ਆਲਸ ਬਣਿਆ ਰਹਿੰਦਾ ਹੈ। ਮੂੰਹ, ਨੱਕ, ਅੱਖਾਂ ਆਦਿ ਇੰਦਰਿਆਂ ਦੀ ਗੰਦਗੀ ਸਾਡੇ ਸਵਾਸਥ ਤੇ ਬੁਰਾ ਅਸਰ ਪਾਉਂਦੀ ਹੈ ਅਤੇ ਕੋਈ ਬਿਮਾਰੀ ਲਗ ਸਕਦੀ ਹੈ। ਸਰੀਰਕ ਸਫਾਈ ਮਨ ਨੂੰ ਵੀ ਖੁਸ਼ ਅਤੇ ਐਕਟਿਵ ਰਖਦੀ ਹੈ। ਜਿਹੜੇ ਜਗਿਆਸੂ ਕੇਵਲ ਤੀਰਥਾਂ ਤੇ ਇਸ਼ਨਾਨ ਕਰਨ ਅਤੇ ਸੁੱਚ ਭਿੱਟ ਰਖਣ ਵਿਚ ਵਿਸ਼ਵਾਸ਼ ਰਖਦੇ ਹਨ, ਗੁਰੂ ਜੀ ਉਨ੍ਹਾਂ ਭੱਦਰ ਪੁਰਸ਼ਾਂ ਨੂੰ ਉਪਦੇਸ਼ ਦੇਂਦੇ ਆਖਦੇ ਹਨ ਕਿ ਹਉਮੈ, ਰਾਗ ਦ੍ਵੈਸ਼ ਅਤੇ ਵਿਸ਼ੇ ਵਿਕਾਰਾਂ ਨਾਲ ਮੈਲਾ ਹੋਇਆ ਮਨ ਸਰੀਰਕ ਸੁੱਚਮਤਾ ਨਾਲ ਸ਼ੁੱਧ ਨਹੀ ਹੋ ਸਕਦਾ, ਇਹ ਮਨ ਤਾਂ ਗੁਰੂ ਤੋਂ ਪ੍ਰਾਪਤ ਕੀਤੇ ਨਾਮ ਸਿਮਰਨ ਅਤੇ ਸ਼ੁੱਧ ਵਿਚਾਰਾਂ ਨਾਲ ਹੀ ਪਵਿਤ੍ਰ ਹੋ ਸਕਦਾ ਹੈ। ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ (੫੫੮)।

**ਸੋਚਿ** =ਸੱਚ ਸਰੂਪ ਪ੍ਰਮਾਤਮਾ ਨੂੰ ਪਾਉਣ ਲਈ ਮਨ ਵਿਚ ਸੋਚ ਉਠਦੀ ਹੈ, ਪਰ ਸੋਚਾਂ ਸਾਨੂੰ ਸੱਚ ਤਕ ਨਹੀਂ ਪਹੁੰਚਾ ਸਕਦੀਆਂ,ਚਾਹੇ ਲੱਖਾਂ ਸੋਚਾਂ ਸੋਚੀ ਜਾਈਏ {ਅਬ ਕਿਆ ਸੋਚਉ ਸੋਚ ਬਿਸਾਰੀ ੧੨੦੯ ; ਕਿਆ ਸੋਚਹਿ ਬਾਰੰ ਬਾਰਾ ੬੫੫}। ਸੋਚਾਂ ਸੋਚਣਾ ਦਾਰਸ਼ਨਿਕ ਵਿਚਾਰਵਾਨਾਂ ਦਾ ਸਾਧਨ ਹੈ, ਸਚ ਤਾਂ ਨਾਮ ਸਿਮਰਣ ਕਰਕੇ ਹੀ ਮਿਲਣਾ ਹੈ। ਇਹ ਸੋਚ ਸ਼ਬਦ ਸ਼ਾਸਤ੍ਰ ਪ੍ਰਣਾਲੀ ਨਾਲ ਸਬੰਧ ਰਖਦਾ ਹੈ। ਜਿਨ੍ਹਾਂ ਬੁਧੀਵਾਨਾਂ ਨੇ ਅਪਣੇ ਅਕਲ ਖੰਭਾਂ ਨੂੰ ਵਰਤ ਕੇ ਉਚੀਆਂ ਉਡਾਰੀਆਂ ਮਾਰੀਆਂ, ਵਾਹਿਗੁਰੂ ਨੂੰ ਕੇਵਲ ਬੁੱਧੀਮੰਡਲ ਵਿਚ ਹੀ ਅਨੁਭਵ ਕਰਨ ਦਾ ਜਤਨ ਕੀਤਾ, ਉਨ੍ਹਾਂ ਦੀ ਸੋਚ ਸੱਚ ਨੂੰ ਪ੍ਰਾਪਤ ਕਰਨ ਵਿਚ ਅਸਫਲ ਰਹੀ (ਸ਼੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਵਿਚੋਂ)।

**ਚੁੱਪ**= ਚਾਹੇ ਕੋਈ ਪੁਰਸ਼ ਹਠ ਨਾਲ ਮੋਨ ਰੱਖ ਕੇ ਤੇਲ ਦੀ ਧਾਰ ਵਾਂਗ ਅਖੰਡ ਇਕ ਰਸ ਲਗਾਤਾਰ ਸਮਾਧੀ ਲਾ ਕੇ ਬੈਠਾ ਰਹੇ, ਨੇਤ੍ਰ, ਰਸਨਾ, ਹੱਥ ਪੈਰ ਆਦਿ ਨੂੰ ਰੋਕ ਕੇ ਟਿਕਾਉ ਵਿਚ ਰਖੇ। ਫਿਰ ਵੀ ਮਨ ਚੁੱਪ ਨਹੀ ਹੁੰਦਾ। ਮਨ ਹਰ ਵੇਲੇ ਕਾਮਨਾਵਾਂ, ਵਾਸ਼ਨਾਵਾਂ, ਸੰਕਲਪਾਂ ਵਿਕਲਪਾਂ ਦਾ ਸ਼ੋਰ ਮਚਾਉਂਦਾ ਰਹਿੰਦਾ ਹੈ, ਅਜੇਹੇ ਅਸ਼ਾਂਤ ਵਾਤਾਵਰਣ ਵਿਚ ਚੁੱਪ ਕਿਥੇ?।

ਗੁਰਬਾਣੀ ਦੇ ਵਾਕ ਹਨ =ਮੋਨੀ ਹੋਇ ਬੈਠਾ ਇਕਾਂਤੀ, ਹਿਰਦੈ ਕਲਪਨ ਗਾਠਾ ੧੦੦੩। ਬੋਲੈ ਨਾਹੀ ਹੋਇ ਬੈਠਾ ਮੋਨੀ। ਅੰਤਰਿ ਕਲਪ ਭਵਾਈਐ ਜੋਨੀ।(੧੩੪੮)। ਜੇ ਪਾਈਐ ਚੁਪ ਕੀਤਿਆਂ, ਪਸ਼ੂਆਂ ਜੜ ਹਾਸੀ (ਜੜ੍ਹ-ਬੇ ਜਾਨ ਵਸਤੂਆਂ। ਹਾਸੀ-ਹਨ) ਭਾ. ਗੁ. ਵਾਰ ੩੬-੧੪। ਮਨ ਦੀਆਂ ਬਿਰਤੀਆਂ ਨੂੰ ਹਠ ਸਾਧਨਾ ਰਾਹੀਂ ਖਿੰਡਣ ਤੋਂ ਰੋਕਿਆ ਨਹੀਂ ਜਾ ਸਕਦਾ। ਗੁਰੂ ਤੋਂ ਆਤਮ

ਗਿਆਨ ਪ੍ਰਾਪਤ ਕਰਕੇ ਹੀ ਹਉਮੈ ਨਾਲ ਸੰਘਰਸ਼ ਕਰਕੇ ਕੂੜ ਦੀ ਕੰਧ ਤੋੜੀ ਜਾ ਸਕਦੀ ਹੈ, ਮੋਨ ਧਾਰ ਕੇ ਨਹੀ।

**ਭੁੱਖ** =ਲੋਕ ਪ੍ਰਲੋਕ ਦੇ ਪਦਾਰਥਾਂ ਦੀ ਪ੍ਰਾਪਤੀ ਵਾਸਤੇ ਹੀ ਵਰਤ ਰੱਖੇ ਜਾਂਦੇ ਹਨ।ਭੁੱਖੇ ਰਹਿ ਕੇ ਦੇਵਤਿਆਂ ਦੀਆਂ ਪੁਰੀਆਂ ਦੇ ਦੈਵੀ ਅਤੇ ਸਾਰੇ ਜਗਤ ਦੇ ਪਦਾਰਥ ਮਿਲ ਵੀ ਜਾਣ, ਤਾਂ ਵੀ ਮਨ ਦੀ ਭੁੱਖ ਦੂਰ ਨਹੀਂ ਹੁੰਦੀ।ਭੁੱਖ (ਤ੍ਰਿਸ਼ਨਾ) ਤਾਂ ਤ੍ਰਿਸ਼ਨਾ ਦੇ ਤਿਆਗ ਨਾਲ ਹੀ ਮਿਟਦੀ ਹੈ, ਪਰ ਤਿਆਗ ਪ੍ਰਭੂ ਦੇ ਗਿਆਨ ਨਾਲ ਪੈਦਾ ਹੁੰਦਾ ਹੈ।ਗੁਰਮਤਿ ਵਿਚ ਭੁੱਖੇ ਰਹਿਣ ਤੇ ਵਰਤ ਰਖਣ ਨੂੰ ਪ੍ਰਵਾਨ ਨਹੀ ਕੀਤਾ ਗਿਆ।ਸਚ ਦੀ ਪ੍ਰਾਪਤੀ ਭੁੱਖੇ ਰਹਿਣ ਨਾਲ ਨਹੀਂ ਹੁੰਦੀ।{ਤਜਿਐ ਅੰਨ ਨ ਮਿਲੈ ਗੁਪਾਲੁ ੮੭੩}।ਭੁੱਖ ਦਾ ਸਬੰਧ ਤ੍ਰਿਸਨਾ ਨਾਲ ਹੈ,ਜੇ ਸਾਰੀ ਦੁਨੀਆਂ ਦੇ ਪਦਾਰਥਾਂ ਦੇ ਭਾਰ ਬੰਨ੍ਹ ਕੇ ਵੀ ਦੇ ਦੇਈਏ ਤਾਂ ਵੀ ਪਦਾਰਥਾਂ ਦੀ ਤ੍ਰਿਸ਼ਨਾ ਰੱਖਣ ਵਾਲੇ ਮਨੁੱਖ ਦੀ ਭੁੱਖ ਕਦੇ ਦੂਰ ਨਹੀ ਹੁੰਦੀ।

ਵਡੇ ਵਡੇ ਰਾਜਨ ਅਰੁ ਭੂਮਨ, ਤਾ ਕੀ ਤ੍ਰਿਸ਼ਨ ਨ ਬੂਝੀ।ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ।ਬਿਖਿਆ ਮਹਿ ਕਿਨਹੀ ਤ੍ਰਿਪਤਿ ਨ ਪਾਈ।ਜਿਉ ਪਾਵਕੁ ਈਧਨ ਨਹੀ ਧ੍ਰਾਪੈ, ਬਿਨੁ ਹਰਿ ਕਹਾ ਅਘਾਈ (੬੭੨)।ਭੁਖਿਆ ਭੁਖ ਨ ਉਤਰੈ, ਗਲੀ ਭੁਖ ਨ ਜਾਇ।ਨਾਨਕ ਭੁਖਾ ਤਾ ਰਜੈ, ਜਾ ਗੁਣ ਕਹਿ ਗੁਣੀ ਸਮਾਇ (੧੪੭)।

ਜਿਤਨੀ ਭੂਖ ਅਨਰਸ ਸਾਦ ਹੈ ਤਿਤਨੀ ਭੂਖ ਫਿਰਿ ਲਾਗੈ (੧੬੭)।ਅੰਦਰਿ ਤਿਸਨਾ ਅਗਿ ਹੈ ਮਨਮੁਖ ਭੁਖ ਨ ਜਾਇ(੧੪੨੪)।ਜੋਗੀ ਜਟਾਧਾਰੀ ਸਤੀ ਸਾਚੇ ਬਡੇ ਬ੍ਰਹਮਚਾਰੀ, ਧਿਆਨ ਕਾਜ ਭੂਖ ਪਿਆਸ ਦੇਹ ਪੈ ਸਹਤ ਹੈ।(ਕਬਿੱਤ ਪਾ. ੧੦)।

**ਸਿਆਣਪਾਂ**=ਵਿਗਿਆਨ ਅਤੇ ਕਿਤਾਬੀ ਗਿਆਨ ਨੇ ਮਨੁੱਖ ਨੂੰ ਬਹੁਤ ਸਿਆਣਾ ਬਣਾ ਦਿਤਾ ਹੈ।ਅਜੇਹੀ ਸਿਆਣਪ ਦੁਨੀਆਂ ਦੇ ਕਾਰ ਵਿਹਾਰ ਤਾਂ ਸੰਵਾਰ ਸਕਦੀ ਹੈ, ਪਰ ਰੱਬੀ ਦਰਬਾਰ ਵਿਚ ਸਿਆਣਪਾਂ ਤੇ ਚਤਰਾਈਆਂ ਕੰਮ ਨਹੀ ਆਉਂਦੀਆਂ।

ਗੁਰਬਾਣੀ ਦੇ ਵਾਕ ਹਨ =ਸਹਸ ਭਾਤਿ ਕਰਹਿ ਚਤੁਰਾਈ।ਸੰਗਿ ਤੁਹਾਰੈ ਏਕ ਨ ਜਾਈ (੨੬੦)।ਸੰਜਮ ਸਹਸ ਸਿਆਣਪਾ ਪਿਆਰੇ, ਇਕ ਨ ਚਲੀ ਨਾਲਿ (੬੪੧)।ਬਹੁਤੁ ਸਿਆਣਪ ਲਇਆ ਨ ਜਾਈ, ਕਰਿ ਥਾਕੇ ਸਭਿ ਚਤੁਰਾਈ (੫੭੩)।ਹਮ ਬਡ ਕਬਿ ਕੁਲੀਨ, ਹਮ ਪੰਡਿਤ, ਹਮ ਜੋਗੀ ਸੰਨਿਆਸੀ।ਗਿਆਨੀ ਗੁਨੀ ਸੂਰ ਹਮ ਦਾਤੇ, ਇਹ ਬੁਧਿ ਕਬਹਿ ਨ ਨਾਸੀ (੯੭੪)।ਸਹਸ ਸਿਆਣਪਾਂ ਲਖ, ਕੰਮ ਨਾ ਆਵਹੀ (ਭਾ. ਗੁ. ੨੧-੭)।

ਸਿਆਣਪਾਂ ਤੋਂ ਭਾਵ ਬੋਧਕ ਦਲੀਲਾਂ ਅਤੇ ਵਾਦ ਵਿਵਾਦ ਰਾਹੀਂ ਅਪਨਾ ਪੱਖ ਸਿੱਧ ਕਰਨਾ, ਸ਼ਾਸਤ੍ਰਾਂ ਦੀਆਂ ਦਾਰਸ਼ਨਿਕ ਗੱਲਾਂ ਨੂੰ ਸਮਝਣਾ ਅਤੇ ਸਮਝਾਉਣਾ ਜਾਂ ਵਿਦਿਆ ਦੇ ਚਮਤਕਾਰ ਦਸਣੇ ਆਦਿ।ਬੁੱਧੀ ਦੀ ਚਤਰਾਈ ਅਤੇ ਵਿਦਿਅਕ ਬਲ ਨਾਲ ਦੂਜਿਆਂ ਉਤੇ ਅਪਣਾ ਸਿੱਕਾ ਤਾਂ ਜਮਾਇਆ ਜਾ ਸਕਦਾ ਹੈ, ਪਰ ਕੂੜ ਦੀ ਕੰਧ ਨਹੀ ਗਿਰਾਈ ਜਾ ਸਕਦੀ।ਨਿਰੰਕਾਰ ਇੰਦ੍ਰੀਆਂ ਦੀ ਪਕੜ ਵਿਚ ਨਹੀਂ ਆਉਂਦਾ, ਉਹ ਅਗੰਮ ਅਤੇ ਅਗੋਚਰ ਹੈ।ਇਸ ਲਈ ਮਨ ਬੁਧੀ ਤੋਂ ਉਪਜੀਆਂ ਦਲੀਲਾਂ, ਹਜਾਰਾਂ ਸਿਆਣਪਾਂ ਮੰਤਕੀ ਗਿਆਨ, ਫਲਸਫੇ, ਸੋਚਾਂ ਵਿਚਾਰਾਂ ਆਦਿ ਉਸ ਅਗੰਮ ਤੇ ਅਗੋਚਰ ਹਸਤੀ ਤਕ ਅਪੜਨੋ ਅਸਮਰਥ ਹਨ।ਭਾਰਤੀ ਮੱਤਾਂ ਵਿਚੋਂ ਨਿਆਇ, ਵੈਸ਼ੇਸਿਕ, ਤੇ ਮੀਮਾਂਸਾ ਅਤੇ ਯੁਨਾਨ ਦੇ ਦਾਰਸ਼ਨਿਕ ਵਿਚਾਰਵਾਨ ਸੁਕਰਾਤ ਆਦਿ ਸੋਚਾਂ ਸਿਆਣਪਾਂ ਨੂੰ ਹੀ ਈਸ਼ਵਰ ਪ੍ਰਾਪਤੀ ਦਾ ਸਾਧਨ ਮੰਨਦੇ ਹਨ।

**ਸਚਿਆਰ** = ਸਚਿਆਰ ਮਨੁੱਖ ਹੀ ਵਾਹਿਗੁਰੂ ਨੂੰ ਪਾ ਸਕਦਾ ਹੈ, ਕੂੜ ਅਤੇ ਹਉਮੈ ਦੀ ਮੈਲ ਮਨੁੱਖ ਅਤੇ ਰੱਬ ਦੇ ਵਿਚਾਲੇ ਪੜਦਾ ਹੈ, ਜਿੰਨਾ ਚਿਰ ਤਕ ਕੂੜ ਦੀ ਕੰਧ ਨਹੀ ਢਹਿੰਦੀ, ਉਤਨਾ ਚਿਰ ਮਨੁੱਖ ਦਾ ਰੱਬ ਨਾਲ ਮੇਲ ਨਹੀ ਹੋ ਸਕਦਾ।

ਕੂੜਿਆਰ ਕੂੜਿਆਰੀ ਜਾਇ ਰਲੇ, ਸਚਿਆਰ ਸਿਖ ਬੈਠੇ ਸਤਿਗੁਰ ਪਾਸਿ (੩੧੪)।ਸਚਿ ਮਿਲੈ ਸਚਿਆਰੁ ,ਕੂੜਿ ਨ ਪਾਈਐ (੪੧੯)।ਮਲੁ ਕੂੜੀ ਨਾਮਿ ਉਤਾਰੀਅਨੁ ,ਜਪਿ ਨਾਮੁ ਹੋਆ ਸਚਿਆਰੁ (੯੫੧)।ਧਨ ਪਿਰ ਕਾ ਇਕ ਹੀ ਸੰਗਿ ਵਾਸਾ, ਵਿਚਿ ਹਉਮੈ ਭੀਤਿ ਕਰਾਰੀ।ਗੁਰਿ ਪੂਰੈ ਹਉਮੈ ਭੀਤਿ ਤੋਰੀ, ਜਨ ਨਾਨਕ ਮਿਲੈ ਬਨਵਾਰੀ (੧੨੬੩)।ਹਉਮੈ ਪਾਲਿ ਢਹਾਇ ਕੈ, ਤਾਲ ਨਦੀ ਦਾ ਨੀਰੁ ਮਿਲਾਇਆ (ਭਾ. ਗੁ. ਵਾਰ ੨੯-੧੪) ਭਾਵ ਹੰਕਾਰ ਦੀ ਕੰਧ ਤੋੜ ਕੇ (ਗੁਰਮੁਖਾਂ ਨੇ) ਅਪਣੇ ਆਪ ਨੂੰ ਵਾਹਿਗੁਰੂ ਨਾਲ ਮਿਲਾ ਲਿਆ ਹੈ।

ਹਉਮੈ ਅਤੇ ਕੂੜ ਨੂੰ ਦੂਰ ਕਰਨ ਲਈ ਕਈ ਤਰ੍ਹਾਂ ਦੇ ਸਾਧਨ ਵਰਤੇ ਜਾਂਦੇ ਰਹੇ ਹਨ।

੧. ਜਿਵੇਂ ਸੁੱਚਮਤਾ (ਚੁਲ੍ਹਾ ਚੌਂਕਾ ਲਿਪ ਕੇ ਰੱਖਣਾ, ਇਸ਼ਨਾਨ, ਲੱਕੜਾਂ ਤੇ ਪਾਣੀ ਛਿੜਕ ਕੇ ਚੁੱਲ੍ਹੇ ਵਿਚ ਜਾਲਣੀਆਂ ਆਦਿ)।

੨. ਚੁੱਪ ਰਹਿਣਾ ਭਾਵ ਮੋਨ ਧਾਰ ਲੈਣਾ।

੩. ਭੁੱਖੇ ਰਹਿਣਾ, ਵਰਤ ਰੱਖਣੇ।

੪. ਸਿਆਣਪਾਂ, ਬੁਧੀ ਦੀ ਚਤੁਰਾਈ, ਕਿਤਾਬੀ ਗਿਆਨ, ਵਿਦਵਾਨ ਬਣ ਜਾਣਾ।

ਗੁਰੂ ਜੀ ਆਖਦੇ ਹਨ ਕਿ ਇਨ੍ਹਾਂ ਸਾਧਨਾਂ ਨਾਲ ਨਾ ਕੂੜ ਦਾ ਪੜਦਾ ਹਟਦਾ ਹੈ ਅਤੇ ਨਾ ਸੱਚ ਦੀ ਪ੍ਰਾਪਤੀ ਹੁੰਦੀ ਹੈ।

ਹਉਮੈ = ਜਿਵੇਂ ਮਨੁੱਖ ਦੀ ਬਣਾਈ ਮਸ਼ੀਨ ਜਾਂ ਇੰਜਣ ਉਸਦੇ ਮਿਥੇ ਨਿਯਮ ਅਨੁਸਾਰ ਚਲਦਾ ਹੈ, ਇਸੇ ਤਰ੍ਹਾਂ ਸੰਸਾਰ ਰਚਨਾ ਨਿਰੰਕਾਰ ਦੇ ਬਣਾਏ ਨਿਯਮਾਂ ਅਨੁਸਾਰ ਚਲਦੀ ਹੈ।ਇਸ ਅਦਿੱਖ ਨੀਯਮ ਦੀ ਸ਼ਕਤੀ ਕਰਕੇ ਹੀ ਸਾਰਾ ਵਿਸ਼ਵ ਕ੍ਰਿਆਸ਼ੀਲ ਹੈ, ਇਹ ਨੀਯਮ ਹੀ ਕਰਤਾਰ ਦਾ ਹੁਕਮ ਹੈ।ਇਹ ਹੁਕਮ ਨਿਰੰਕਾਰ ਦਾ ਸੁਤੰਤਰ ਇਰਾਦਾ, ਉਸਦੀ ਸ੍ਵੈ ਇੱਛਾ ਸੀ {ਕੀਤਾ ਪਸਾਉ ਏਕੋ ਕਵਾਉ ੩}।ਇਸ ਸ੍ਵੈ ਇੱਛਾ (ਫੁਰਨੇ) ਤੋਂ ਹੀ ਰਚਨਾ ਦਾ ਅਰੰਭ ਅਤੇ ਵਿਕਾਸ ਜਾਰੀ ਹੋ ਗਿਆ।ਰੱਬੀ ਫੁਰਨੇ (ਹੁਕਮ) ਤੋਂ ਨਾਮ ਅਤੇ ਹਉਮੈ ਵੀ ਨਾਲੋ ਨਾਲ ਪੈਦਾ ਹੋ ਗਏ।ਹੁਕਮ ਪ੍ਰਧਾਨ ਨਿਯਮ ਹੈ, ਹਉਮੈ ਅਤੇ ਨਾਮ ਇਸੇ ਪ੍ਰਧਾਨ ਨਿਯਮ ਦੇ ਅਧੀਨ ਉਪ ਨੀਯਮ ਹਨ।ਹਉਮੈ ਅਧੀਨ ਮਨੁੱਖ ਨੂੰ ਕੁਛ ਸੁਤੰਤ੍ਰਤਾ, ਕੁਛ ਆਪਾਪਣ ਅਤੇ ਸ੍ਵੈ ਸੋਚਣੀ ਮਿਲੀ ਹੋਈ ਹੈ।ਨਿਰੰਕਾਰ ਹੈ ਤਾਂ ਮਨੁੱਖ ਦੇ ਅੰਦਰ ਹੀ, ਪਰ ਹਉਮੈ ਅਤੇ ਦੁਨਿਆਵੀ ਪਦਾਰਥਾਂ ਦੀ ਖਿੱਚ ਵਿਚ ਫਸਿਆ ਮਨੁੱਖ ਅਪਣੇ ਅੰਦਰੋਂ ਨਿਰੰਕਾਰ ਨੂੰ ਮਹਿਸੂਸ ਕਰਨੋਂ ਹਟ ਜਾਂਦਾ ਹੈ {ਹਉਮੈ ਵਿਚਿ ਭਗਤਿ ਨ ਹੋਵਈ, ਹੁਕਮੁ ਨ ਬੁਝਿਆ ਜਾਇ ੫੬੦}।ਰੱਬ ਨੂੰ ਮਿਲਣ ਦੇ ਚਾਹਵਾਨ ਜਗਿਆਸੂ ਮੋਨ, ਸੁੱਚਮਤਾ, ਸੋਚ ਵਿਚਾਰ, ਭੁੱਖੇ ਰਹਿ ਕੇ, ਸਿਆਣਪਾਂ ਆਦਿ ਕਰਮ ਕਾਂਡਾਂ ਰਾਹੀਂ ਰੱਬ ਨੂੰ ਪ੍ਰਾਪਤ ਕਰਨ ਦਾ ਜਤਨ ਕਰਦੇ ਹਨ।ਇਨ੍ਹਾਂ ਜਤਨਾਂ ਨਾਲ ਸਗੋਂ ਮਨ ਵਿਚ ਹਉਂ ਹੋਰ ਜਿਆਦਾ ਵਧਦੀ ਹੈ।ਮਨ ਵਿਚ ਨਾਮ ਵੀ ਹੈ {ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ।ਦੇਹੀ ਮਹਿ ਇਸ ਕਾ ਬਿਸ੍ਰਾਮੁ ੨੯੩}, ਨਾਮ ਬਾਹਰ ਵੀ ਸਭ ਜਗ੍ਹਾ ਸਾਰੇ ਬ੍ਰਹਿਮੰਡ ਵਿਚ ਵਿਆਪਕ ਹੈ।ਹਉਮੈ ਮਨੁੱਖੀ ਮਨ ਵਿਚ ਵੀ ਹੈ ਅਤੇ ਬਾਹਰ ਵੀ ਹੈ, ਪਰ ਨਾਮ ਵਾਂਙ ਸਰਬ ਵਿਆਪਕ ਨਹੀਂ।ਮਨੁੱਖੀ ਮਨ ਵਿਚ ਨਾਮ ਅਤੇ ਹਉਮੈ ਇਕੱਠੇ ਹੀ ਵਰਤ ਰਹੇ ਹਨ।ਹਉਮੈ ਵੈਰ ਵਿਰੋਧ ਲੜਾਈ ਝਗੜੇ ਦੰਗੇ ਫਸਾਦ ਸੁਆਰਥ ਪੁਣਾ ਪੈਦਾ ਕਰਦੀ ਹੈ।ਹਉਮੈ ਸਭ ਦੀ ਆਪੋ ਅਪਣੀ ਹੈ, ਪਰ ਨਾਮ ਸਰਬ ਸਾਂਝਾ ਹੈ।ਗੁਰ ਬਾਣੀ ਵਿਚ ਹਉਮੈ ਨੂੰ ਜਗਤ ਰਚਨਾ ਦਾ ਕਾਰਣ ਵੀ ਦਸਿਆ ਹੈ =

ਹਉਮੈ ਵਿਚਿ ਜਗੁ ਉਪਜੈ ਪੁਰਖਾ, ਨਾਮ ਵਿਸਰਿਐ ਦੁਖ ਪਾਈ ੯੪੬।ਹਉਮੈ ਸਭ ਸਰੀਰ ਹੈ, ਹਉਮੈ ਓਪਤਿ ਹੋਇ ੫੬੦।

ਹਉਮੈ ਸਾਰੇ ਭੌਤਿਕ ਅਤੇ ਮਾਨਸਿਕ ਜਗਤ ਦਾ ਕਾਰਣ ਹੈ।ਇਹ ਹਉਮੈ ਹੀ ਮਾਇਆ, ਅਵਿਦਿਆ, ਪ੍ਰਕ੍ਰਿਤੀ, ਅਤੇ ਉਸਦੇ ਤਿੰਨਾਂ ਗੁਣਾਂ ਦਾ ਮੂਲ ਹੈ।ਹੁਕਮ ਦੇ ਅਧੀਨ ਹਉਮੈ ਇਕ ਨਿਯਮ ਹੈ, ਜਿਹੜਾ ਏਕਤਾ ਨੂੰ ਅਨੇਕਤਾ ਵਿਚ ਬਦਲਦਾ ਹੈ ਅਤੇ ਨਾਲ ਹੀ ਆਪਸੀ ਭੇਦ ਭਾਵ ਤੇ ਭਿੰਨਤਾ ਪੈਦਾ ਕਰਕੇ ਵਖਰੀ ਵਖਰੀ ਸ਼ਖਸ਼ੀਅਤ ਦਾ ਸਵਾਲ ਪੈਦਾ ਕਰਦਾ ਹੈ।ਹਰ ਜੀਵ ਦੀ ਅਪਣੀ ਅਪਣੀ ਹਉਮੈ ਹੈ ਅਤੇ ਮਨੁੱਖ ਅਤੇ ਰੱਬ ਵਿਚ ਵਿੱਥ ਪਾਉਂਦੀ ਹੈ।ਹਉਮੈ ਕਰਕੇ ਹੀ ਮਨੁਖ ਦੇ ਅੰਦਰ ਮੈਂ ਮੇਰੀ ਅਤੇ ਵਿਗਾਨੇਪਣ ਦੀ ਭਾਵਨਾ ਉਪਜਦੀ ਹੈ।ਜਿਵੇ ਸਾਗਰ ਦੀਆਂ ਲਹਿਰਾਂ ਸਾਗਰ ਤੋਂ ਵਖਰੀਆਂ ਭਾਸਦੀਆਂ ਹਨ, ਇਸੇ ਤਰ੍ਹਾਂ ਹਉਮੈ ਦੇ ਕਾਰਣ ਮਨੁੱਖ ਅਪਣੇ ਆਪ ਨੂੰ ਨਿਰੰਕਾਰ ਤੋਂ ਵਖਰਾ ਪ੍ਰਤੀਤ ਕਰਦਾ ਹੈ ਅਤੇ ਦੁਖੀ ਹੁੰਦਾ ਹੈ।ਇਹ ਭਰਮ ਅਤੇ ਅਗਿਆਨ ਵਾਲੀ ਅਵਸਥਾ ਹੈ, ਕਿਉਂਕਿ ਹਉਮੈ ਦਾ ਸੁਭਾਵ ਹੈ ਦ੍ਵੈਤ ਨੂੰ ਜਨਮ ਦੇ ਕੇ ਵਖਰੇਵਾਂ ਪੈਦਾ ਕਰਨਾ।ਸੁਖ ਮੇਲ ਵਿਚ ਹੈ, ਇਸੇ ਕਰਕੇ ਸਾਡਾ ਆਤਮ ਤੱਤ ਸਰਬ ਵਿਆਪੀ ਤੱਤ ਨਾਲ ਇਕ ਹੋਣ ਲਈ ਤਰਸਦਾ ਹੈ।ਪਰ ਸਾਡੇ ਅਤੇ ਰੱਬ ਦੇ ਵਿਚਾਲੇ ਹਉਮੈ ਦੀ ਕੰਧ ਰੁਕਾਵਟ ਬਣੀ ਹੋਈ ਹੈ, ਇਸੇ ਨੂੰ ਹੀ ਗੁਰੂ ਜੀ ਨੇ ਕੂੜ ਦੀ ਪਾਲ ਕਿਹਾ ਹੈ।ਕੂੜੀ ਇਸ ਕਰਕੇ ਹੈ ਕਿਉਂਕਿ ਇਹ ਸਥਾਈ ਨਹੀ, ਆਰਜੀ ਹੈ, ਟੁੱਟ ਸਕਦੀ ਹੈ।ਜਦੋਂ ਇਹ ਕੰਧ ਟੁੱਟੇਗੀ, ਤਾਂ ਮਨੁੱਖ ਦੀ ਅਪਣੱਤ ਤੇ ਜੀਵਤ ਭਾਵ ਮੁੱਕ ਜਾਵੇਗਾ।ਵੱਖਰੇਵਾਂ ਖਤਮ ਹੋ ਜਾਏਗਾ, ਆਤਮਾ ਪ੍ਰਮਾਤਮਾ ਵਿਚ ਲੀਨ ਹੋ ਜਾਏਗੀ।ਇਸ ਤਰ੍ਹਾਂ ਰੱਬ ਨਾਲ ਮਿਲ ਕੇ ਮਨੁੱਖ ਸਚਿਆਰ ਬਣ ਜਾਵੇਗਾ।

ਹਉਮੈ ਤੋਂ ਉਪਜੀਆਂ ਮਾਇਆ ਤੇ ਅਵਿਦਿਆ ਮਨੁੱਖ ਨੂੰ ਨਿਰੰਕਾਰ ਤੋਂ ਵਖਰਾ ਰੱਖਦੀਆਂ ਹਨ।ਮਾਇਆ ਦਾ ਸਬੰਧ ਦੁਨਿਆਵੀ ਪਦਾਰਥਾਂ ਨਾਲ ਅਤੇ ਅਵਿਦਿਆ ਦਾ ਸਬੰਧ ਮਨ ਨਾਲ ਹੈ।ਮਾਇਆ ਦੀ ਪਕੜ ਅਤੇ ਅਵਿਦਿਆ ਦੇ ਦੂਰ ਹੋਣ ਨਾਲ ਹੀ ਮਨੁੱਖ ਨੂੰ ਅਪਣੇ ਅਸਲੇ ਦੀ ਸੋਝੀ ਹੁੰਦੀ ਹੈ, ਪਰ ਜਦ ਤਕ ਹਉਮੈ ਦੀ ਸਮਝ ਨਹੀ ਪੈਂਦੀ ਉਦੋਂ ਤਕ ਮਾਇਕ ਪਕੜ ਨਹੀ ਹਟਦੀ।ਹਉਮੈ ਦੇ ਵੀ ਕਈ ਰੂਪ ਹਨ, ਘਰੋਗੀ ਹਉਮੈ, ਭਾਈਚਾਰਕ ਹਉਮੈ, ਸਰੀਰਕ ਅਤੇ ਮਾਨਸਿਕ ਹਉਮੈ, ਰਾਜਨੀਤਕ ਹਉਮੈ, ਕੌਮਾਂਤਰੀ ਹਉਮੈ।

ਹਉਮੈ ਕਰਕੇ ਮਨੁੱਖ ਅਪਣੇ ਆਪ ਨੂੰ ਵੱਡਾ ਸਮਝਣ ਲਗਦਾ ਹੈ ਅਤੇ ਹੋਰਾਂ ਨੂੰ ਅਪਣੇ ਤੋਂ ਛੋਟਾ ਅਤੇ ਨੀਵਾਂ {ਆਪਸ ਕਉ ਦੀਰਘੁ ਕਰਿ ਜਾਨੈ, ਅਉਰਨ ਕਉ ਲਗਿ ਮਾਤ ੧੧੦੫}।ਇਕ ਛੋਟਾ ਜਿਹਾ ਬੱਚਾ ਵੀ ਅਪਣੇ ਸਕੂਲ ਨੂੰ ਛੋਟਾ ਕਹਾਉਣ ਵਿਚ ਹਦਕ ਸਮਝਦਾ ਹੈ।ਬਿਮਾਰ ਆਦਮੀ ਅਪਣੀ ਬਿਮਾਰੀ ਨੂੰ ਵੀ ਛੋਟੀ ਕਹਾ ਕੇ ਰਾਜੀ ਨਹੀ, ਉਹ ਵੀ ਕਹਿੰਦਾ ਹੈ ਕਿ ਮੇਰਾ ਇਲਾਜ ਬਹੁਤ ਵੱਡੇ ਹਸਪਤਾਲ ਦੇ ਵੱਡੇ ਵੱਡੇ ਡਾਕਟਰ ਵੱਡੀਆਂ ਵੱਡੀਆਂ ਦੁਆਈਆਂ ਨਾਲ ਕਰ ਰਹੇ ਹਨ।ਦੁਰਯੋਧਨ ਅਪਣੇ ਜਮਾਨੇ ਦਾ ਬਹੁਤ ਵੱਡਾ ਹੰਕਾਰੀ ਰਾਜਾ ਸੀ।ਬ੍ਰਹਮਾ ਆਦਿਕ ਦੇਵਤੇ ਵੀ ਹਉਮੈ ਤੋਂ ਬਚ ਨਹੀ ਸਕੇ {ਬ੍ਰਹਮਾ ਬਿਸਨੁ ਮਹਾ ਦੇਉ ਤ੍ਰੈ ਗੁਣ ਰੋਗੀ, ਵਿਚਿ ਹਉਮੈ ਕਾਰ ਕਮਾਈ ੭੩੫}।ਗੁਰੂ ਅੰਗਦ ਦੇਵ ਜੀ ਹੇਠ ਲਿਖੇ ਸਲੋਕ ਵਿਚ ਹਉਮੈ ਦਾ ਸੁਭਾਵ ਵਰਨਣ ਕਰਦੇ ਹਨ =

ਹਉਮੈ ਏਹਾ ਜਾਤਿ ਹੈ, ਹਉਮੈ ਕਰਮ ਕਮਾਹਿ।ਹਉਮੈ ਏਈ ਬੰਧਨਾ, ਫਿਰਿ ਫਿਰਿ ਜੋਨੀ ਪਾਹਿ।

ਹਉਮੈ ਕਿਥਹੁ ਉਪਜੈ, ਕਿਤੁ ਸੰਜਮਿ ਏਹ ਜਾਇ।ਹਉਮੈ ਇਹੁ ਹੁਕਮੁ ਹੈ, ਪਇਐ ਕਿਰਤਿ ਫਿਰਾਹਿ।
ਹਉਮੈ ਦੀਰਘ ਰੋਗੁ ਹੈ, ਦਾਰੂ ਭੀ ਇਸੁ ਮਾਹਿ।ਕਿਰਪਾ ਕਰੇ ਜੇ ਅਪਣੀ, ਤਾ ਗੁਰ ਕਾ ਸਬਦੁ ਕਮਾਹਿ।
ਨਾਨਕ ਕਹੈ ਸੁਣਹੁ ਜਨਹੁ ,ਇਤੁ ਸੰਜਮਿ ਦੁਖ ਜਾਹਿ।(੪੬੬)।

ਹਉਮੈ ਜੀਵ ਤੋਂ ਹਉਮੈ ਵਾਲੇ ਕਰਮ ਕਰਾਉਂਦੀ ਹੈ, ਹਉਮੈ ਦੇ ਇਨ੍ਹਾਂ ਬੰਧਨਾਂ ਵਿਚ ਵਿਚ ਪਿਆ ਮਨੁੱਖ ਮੁੜ ਮੁੜ ਜੋਨੀਆਂ ਵਿਚ ਪੈਂਦਾ ਰਹਿੰਦਾ ਹੈ।ਹਉਮੈ ਕਿਥੋਂ ਉਪਜਦੀ ਹੈ ਅਤੇ ਕਿਸ ਤਰ੍ਹਾਂ ਨਾਸ਼ ਹੁੰਦੀ ਹੈ? ਹਉਮੈ ਵੀ ਰੱਬ ਦਾ ਹੁਕਮ ਹੀ ਹੈ, ਪੂਰਬਲੇ ਜਨਮਾਂ ਵਿਚ ਕੀਤੇ ਕਰਮਾਂ ਦੇ ਸੰਸਕਾਰ ਮਨੁੱਖ ਨੂੰ ਜਨਮ ਮਰਣ ਵਿਚ ਫਿਰਾਈ ਜਾਂਦੇ ਹਨ।ਹਉਮੈ ਵੱਡਾ ਰੋਗ ਜਰੂਰ ਹੈ, ਪਰ (ਹਉਮੈ ਨੂੰ) ਸਮਝਣ ਵਿਚ ਹੀ ਇਸਦਾ ਇਲਾਜ ਹੈ।ਜੇ ਨਿਰੰਕਾਰ ਅਪਣੀ ਕਿਰਪਾ ਕਰੇ ਤਾਂ ਜੀਵ ਗੁਰੂ ਦੇ ਸ਼ਬਦ ਨੂੰ ਕਮਾਉਂਦਾ ਹੈ।ਗੁਰੂ ਜੀ ਆਖਦੇ ਹਨ ਕਿ ਹੇ ਸੰਤ ਜਨੋਂ! ਇਸ ਤਰੀਕੇ ਨਾਲ ਹਉਮੈ ਦੇ ਦੁਖ ਦੂਰ ਹੁੰਦੇ ਹਨ।

ਹਉਮੈ ਦਾ ਬੰਦੀ ਬਣਿਆ ਮਨੁੱਖ ਸੁਆਰਥੀ ਤੇ ਖੁਦ ਪਸੰਦ ਹੋ ਜਾਂਦਾ ਹੈ, ਇਹੀ ਹਉਮੈ ਮੋਹ ਮਮਤਾ, ਕਾਮ, ਕ੍ਰੋਧ ਅਤੇ ਲੋਭ ਦਾ ਰੂਪ ਧਾਰ ਲੈਂਦੀ ਹੈ ਅਤੇ ਮਨੁੱਖ ਦੁਨੀਆਵੀ ਚੀਜਾਂ ਨੂੰ ਅਪਣਾ ਕੇ ਉਨ੍ਹਾਂ ਤੇ ਕਬਜਾ ਜਮਾਉਣਾ ਚਾਹੁੰਦਾ ਹੈ।ਇਹ ਸਾਰੇ ਔਗੁਣ ਮਨੁੱਖ ਲਈ ਗਲ ਘੋਟੂ ਜੰਜੀਰ ਬਣ ਜਾਂਦੇ ਹਨ {ਨਾਨਕ ਅਉਗਣ ਜੇਤੜੇ, ਤੇਤੇ ਗਲੀ ਜੰਜੀਰ ੫੯੫; ਜੋ ਜੋ ਕਰਮ ਕੀਓ ਲਾਲਚ ਲਗਿ, ਤਿਹ ਤਿਹ ਆਪੁ ਬੰਧਾਇਓ ੭੦੨}।ਹਉਮੈ ਤਦ ਮਿਟਦੀ ਹੈ, ਜੇ ਇਸਦੀ ਸਮਝ ਆ ਜਾਵੇ {ਹਉਮੈ ਬੂਝੈ ਤਾ ਦਰੁ ਸੂਝੈ੪੬੬}।ਹਉਮੈ ਦੀ ਸਮਝ ਨਾ ਹੋਣ ਕਰਕੇ ਹੀ ਅਗਿਆਨਤਾ ਹੈ {ਹਉਮੈ ਵਡਾ ਗੁਬਾਰ ਹੈ, ਹਉਮੈ ਵਿਚਿ ਬੁਝਿ ਨ ਸਕੈ ਕੋਇ ੫੬੦}।ਜਦੋ ਇਹ ਬੇ ਮੁਹਾਰਾ ਵਗੇ ਤਾਂ ਮਹਾਂ ਰੋਗ ਹੈ, ਜੇ ਕਾਬੂ ਕਰ ਲਈ ਜਾਵੇ ਅਤੇ ਕਿਸੇ ਮੁਹਾਰ ਸਿਰ ਤੋਰੀਏ, ਤਾਂ ਲਾਭ ਦਾਇਕ ਹੈ।ਜਿਵੇਂ ਦਰਿਆ ਆਪ ਮੁਹਾਰਾ ਚਲੇ ਤਾਂ ਕੰਢੇ ਢਾਹ ਕੇ ਨੁਕਸਾਨ ਵੀ ਕਰਦਾ ਹੈ, ਪਰ ਇਸੇ ਦਰਿਆ ਨੂੰ ਬੰਨ੍ਹ ਲਾ ਕੇ ਲਾਭ ਲਿਆ ਜਾ ਸਕਦਾ ਹੈ, ਬੇਕਾਰ ਅਤੇ ਮਾਰੂ ਜਮੀਨਾਂ ਨੂੰ ਸਿੰਜ ਕੇ ਚੰਗੀਆਂ ਫਸਲਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ।ਮਸਤਿਆ ਹਾਥੀ ਬੇਕਾਬੂ ਹੋ ਕੇ ਬਰਬਾਦੀ ਕਰਦਾ ਹੈ, ਪਰ ਮਹਾਵਤ ਦੇ ਕਾਬੂ ਹੋ ਕੇ ਅੰਕੁਸ ਸਹਿ ਕੇ ਬੜੀ ਸੇਵਾ ਕਰਦਾ ਹੈ।ਬੇ ਨਕੇਲਾ ਊਂਠ ਮਨੁੱਖ ਲਈ ਘਾਤਕ ਬਣ ਸਕਦਾ ਹੈ, ਨਕੇਲ ਪਾ ਕੇ ਸੈਂਕੜੇ ਕੰਮ ਲਏ ਜਾ ਸਕਦੇ ਹਨ।ਇਸੇ ਤਰ੍ਹਾਂ ਬੇ ਮੁਹਾਰੀ ਹਉਮੈ ਦੁਖਾਂ ਦਾ ਘਰ ਹੈ, ਪਰ ਜਦੋਂ ਗੁਰੂ ਦੇ ਸ਼ਬਦ ਦਾ ਅੰਕੁਸ਼ ਇਸ ਨੂੰ ਰੱਬੀ ਭਾਣੇ ਵਿਚ ਕਰ ਲੈਂਦਾ ਹੈ, ਤਾਂ ਇਹ ਕਾਬੂ ਵਿਚ ਹੋ ਕੇ ਅਨੰਦ ਪ੍ਰਾਪਤੀ ਦਾ ਕਾਰਣ ਬਣ ਜਾਂਦੀ ਹੈ।ਇਹੋ ਹੀ ਹਉਮੈ ਦਾ ਇਲਾਜ ਹੈ=

ਮਨੁ ਕੁੰਚਰੁ ਕਾਇਆ ਉਦਿਆਨੈ।ਗੁਰੁ ਅੰਕਸੁ ਸਚੁ ਸਬਦੁ ਨੀਸਾਨੈ।ਰਾਜ ਦੁਆਰੈ ਸੋਭ ਸੁ ਮਾਨੈ(੨੨੧)।

ਪ੍ਰਮਾਤਮਾ ਮਨੁੱਖ ਦੇ ਅੰਦਰ ਹੀ ਹੈ ਪਰ ਹਉਮੈ ਦੇ ਪੜਦੇ ਕਰਕੇ ਜਾਣਿਆ ਨਹੀਂ ਜਾਂਦਾ =

ਅੰਤਰਿ ਅਲਖੁ ਨ ਜਾਈ ਲਖਿਆ, ਵਿਚਿ ਪੜਦਾ ਹਉਮੈ ਪਾਈ ੨੦੫।ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ, ਮਿਲਿ ਬਾਤ ਨ ਕਰਤੇ ਭਾਈ।(੨੦੫)।ਧਨ ਪਿਰ ਕਾ ਇਕਹੀ ਸੰਗਿ ਵਾਸਾ, ਵਿਚਿ ਹਉਮੈ ਭੀਤਿ ਕਰਾਰੀ।ਗੁਰਿ ਪੂਰੈ ਹਉਮੈ ਭੀਤਿ ਤੋਰੀ, ਜਨ ਨਾਨਕ ਮਿਲੇ ਬਨਵਾਰੀ ੧੨੬੩।ਪੂਰਨ ਗੁਰੂ ਦੇ ਸ਼ਬਦ ਦੁਆਰਾ ਮਨੁੱਖ ਹਉਮੈ ਦੀ ਕੰਧ ਤੋੜ ਦੇਂਦਾ ਹੈ।ਗੁਰੂ ਅਮਰਦਾਸ ਜੀ ਦਾ ਵਾਕ ਹੈ =

ਕਾਇਆ ਅੰਦਰਿ ਹਉਮੈ ਮੇਰਾ।ਜੰਮਣ ਮਰਣ ਨ ਚੂਕੈ ਫੇਰਾ।ਗੁਰਮੁਖਿ ਹੋਵੈ ਸ ਹਉਮੈ ਮਾਰੇ, ਸਚੋ ਸਚੁ ਧਿਆਵਣਿਆ (੧੨੬)।

**ਹੁਕਮ** =ਨਿਰੰਕਾਰ ਦੇ ਮੁਢਲੇ ਫੁਰਨੇ, ਮਰਜੀ ਜਾਂ ਇੱਛਾ ਭਾਵ ਬ੍ਰਹਮ ਦੀ ਚੇਤਨ ਸੱਤਾ ਦੇ ਸ੍ਵੈ ਰਚਿਤ ਨੀਯਮ ਨੂੰ ਹੀ 'ਹੁਕਮ' ਦਾ ਨਾਮ ਦਿਤਾ ਗਿਆ ਹੈ।ਨਿਰੰਕਾਰ ਦੇ ਕਵਾਉ ਤੋਂ ਪੈਦਾ ਹੋਇਆ ਹੁਕਮ ਉਹ ਪ੍ਰਧਾਨ ਨਿਯਮ ਹੈ, ਜਿਸ ਅਨੁਸਾਰ ਸੰਸਾਰ ਉਤਪਤੀ ਤੋਂ ਲੈ ਕੇ ਪਰਲੋ ਤਕ ਸਭ ਕੁਝ ਹੋ ਰਿਹਾ ਹੈ।ਹੁਕਮ ਤੋਂ ਬਾਹਰ ਕੁਛ ਨਹੀ ਹੋ ਰਿਹਾ ਅਤੇ ਨਾ ਹੀ ਹੋ ਸਕਦਾ ਹੈ।ਪ੍ਰਧਾਨ ਨਿਯਮ ਹੁਕਮ ਅਨੁਸਾਰ ਹੀ ਨਿੱਕੇ ਵੱਡੇ ਹੋਰ ਨਿਯਮ ਪੈਦਾ ਹੋਏ, ਜਿਵੇਂ ਕਿ ਅਨੇਕਤਾ ਵਿਚ ਏਕਤਾ ਪੈਦਾ ਕਰਨ ਵਾਲਾ ਨਿਯਮ 'ਨਾਮ' ਹੈ ਭਾਵ ਨਾਮ ਇਨਸਾਨ ਨੂੰ ਇਨਸਾਨ ਨਾਲ ਜੋੜਦਾ ਹੈ ਅਤੇ ਇਨਸਾਨ ਨੂੰ ਰੱਬ ਨਾਲ ਵੀ ਜੋੜਦਾ ਹੈ।ਇਸੇ ਤਰ੍ਹਾਂ ਇਕ ਨਿਯਮ ਹਉਮੈ ਵੀ ਹੈ, ਜੋ ਏਕਤਾ ਨੂੰ ਅਨੇਕਤਾ ਵਿਚ ਬਦਲਦਾ ਹੈ ਅਤੇ ਵੱਖਰੇਵਾਂ ਪੈਦਾ ਕਰਦਾ ਹੈ।ਮਨੁੱਖ ਨੂੰ ਮਨੁੱਖ ਨਾਲੋਂ ਤੋੜਦਾ ਹੈ ਅਤੇ ਰੱਬ ਤੋਂ ਵੀ ਦੂਰ ਕਰਦਾ ਹੈ।ਇਸ ਦੁਜਾਇਗੀ ਪਣ ਵਿਚ, ਅੰਦਰ ਵਸਦਾ ਨਾਮ ਤੱਤ ਓਝਲ ਹੋ ਕੇ ਭੁੱਲ ਜਾਂਦਾ ਹੈ।ਇਹ ਭੁਲੇਖੇ ਦਾ ਪੜਦਾ ਨਾਮ ਅਤੇ ਹਉਮੈ ਵਿਚ ਪੈਣ ਕਰਕੇ ਕੂੜ ਦੀ ਇਕ ਕੰਧ ਉਸਰ ਜਾਂਦੀ ਹੈ।ਗੁਰੂ ਦੇ ਗਿਆਨ ਅਤੇ ਨਾਮ ਤੋਂ ਬਾਂਝੇ ਹੋਣ ਕਰਕੇ ਕੂੜ ਦੀ ਕੰਧ ਹੋਰ ਮਜਬੂਤ ਹੁੰਦੀ ਜਾਂਦੀ ਹੈ।ਮਨੁੱਖ ਸਦਾ ਲਈ ਪ੍ਰਭੂ ਤੋਂ ਵਿਛੜ ਕੇ ਘੋਰ ਦੁੱਖ ਭੋਗਦਾ ਹੈ।ਮਾਪਿਆਂ ਦੀ ਆਗਿਆ ਦਾ ਪਾਲਨ ਕਰਨ ਵਾਲਾ ਬੱਚਾ ਮਾਪਿਆ ਦੀ ਖੁਸ਼ੀ ਪ੍ਰਾਪਤ ਕਰਦਾ ਹੈ, ਵਿਦਿਆਰਥੀ ਅਪਣੇ ਟੀਚਰ ਦੇ ਦਿਤੇ ਸਬਕ ਨੂੰ ਮਨ ਵਿਚ ਵਸਾਉਂਦਾ ਹੈ, ਤਾਂ ਟੀਚਰ ਖੁਸ਼ ਰਹਿੰਦੇ ਹਨ।ਮਾਲਕ ਦੀ ਆਗਿਆ ਦਾ ਪਾਲਨ ਕਰਨ ਵਾਲਾ ਨੌਕਰ ਮਾਲਕ ਦੀ ਪ੍ਰਸੰਨਤਾ ਹਾਸਲ ਕਰ ਲੈਂਦਾ ਹੈ।ਕਿਸੇ ਦੀ ਖੁਸ਼ੀ ਲੈਣੀ ਹੋਵੇ ਤਾਂ ਉਸਦੇ ਅਨੁਕੂਲ ਹੋ ਕੇ ਚਲਣਾ ਪੈਂਦਾ ਹੈ, ਇਸੇ ਤਰ੍ਹਾਂ

ਪ੍ਰਮਾਤਮਾ ਦੇ ਹੁਕਮ ਜਾਂ ਭਾਣੇ ਵਿਚ ਰਹਿਣ ਨਾਲ ਉਸਦੀ ਖੁਸ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ।ਜਿਹੜਾ ਸਿੱਖ ਗੁਰੂ ਦੇ ਹੁਕਮ ਅਨੁਸਾਰ ਜੀਵਨ ਬਤੀਤ ਕਰਦਾ ਹੈ, ਉਹ ਪਰਮਪਦ ਨੂੰ ਪ੍ਰਾਪਤ ਕਰ ਲੈਂਦਾ ਹੈ =

ਮਨ ਕੀ ਮਤਿ ਤਿਆਗਹੁ ਹਰਿ ਜਨ, ਹੁਕਮੁ ਬੂਝਿ ਸੁਖੁ ਪਾਈਐ ਰੇ।੨੦੯।ਗੁਰਸਿਖ ਮੀਤ ਚਲਹੁ ਗੁਰਚਾਲੀ।ਜੋ ਗੁਰ ਕਹੈ ਸੋਈ ਭਲ ਮਾਨਹੁ, ਹਰਿ ਹਰਿ ਕਥਾ ਨਿਰਾਲੀ।(੬੬੭)।ਸੇਵਕ ਸਿਖ ਪੂਜਣ ਸਭ ਆਵਹਿ, ਸਭ ਗਾਵਹਿ ਹਰਿ ਹਰਿ ਊਤਮ ਬਾਨੀ। ਗਾਵਿਆ ਸੁਣਿਆ ਤਿਨਕਾ ਹਰਿ ਥਾਇ ਪਾਵੈ,ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ।੬੬੯।

ਪ੍ਰਮਾਤਮਾ ਬੇਅੰਤ ਅਤੇ ਅਕੱਥ ਹੈ, ਇਸੇ ਤਰ੍ਹਾਂ ਉਸਦਾ ਹੁਕਮ ਵੀ ਬੇਅੰਤ ਅਤੇ ਅਕੱਥ ਹੈ।ਪ੍ਰਮਾਤਮਾ ਦੀ ਨਿੱਜੀ ਚੇਤਨਾ ਹੋਣ ਕਰਕੇ ਉਸ ਨਾਲ ਅਭੇਦ ਹੈ, ਕੋਈ ਵੀ ਹੁਕਮ ਦੀ ਹੱਦ ਸੀਮਾ ਨਹੀਂ ਜਾਣ ਸਕਦਾ = ਹੁਕਮੁ ਨ ਜਾਪੀ ਕੇਤੜਾ, ਕਹਿ ਨ ਸਕੀਜੈ ਕਾਰ ੧੨੪੧।ਨਿਰੰਕਾਰ ਸੱਤ ਸਰੂਪ ਹੈ ਅਤੇ ਉਸ ਨਾਲ ਅਭੇਦ ਹੋਣ ਕਰਕੇ ਹੁਕਮ ਵੀ ਸੱਤ ਸਰੂਪ ਹੈ = ਸਚਾ ਤੇਰਾ ਹੁਕਮੁ ਸਚਾ ਫੁਰਮਾਣੁ।੪੬੩।

ਹੁਕਮ ਤੋਂ ਹੀ ਸਾਰੀ ਦਿਸਦੀ ਅਣ ਦਿਸਦੀ ਸ੍ਰਿਸਟੀ ਰਚਨਾ ਪੈਦਾ ਹੋਈ ਅਤੇ ਅੰਤ ਹੁਕਮ ਵਿਚ ਹੀ ਸਮੇਟੀ ਜਾਂਦੀ ਹੈ = ਹੁਕਮੀ ਹੋਵਨਿ ਅਕਾਰ ਹੁਕਮੁ ਨ ਕਹਿਆ ਜਾਈ (ਜਪੁ ਜੀ)।ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ ੫੦੯।ਨਿਰੰਕਾਰ ਦੀ ਜੋਤ ਸਭ ਦੇ ਅੰਦਰ ਹੈ, ਹੁਕਮ ਨਿਰੰਕਾਰ ਨਾਲ ਅਭੇਦ ਹੋਣ ਕਰਕੇ ਹੁਕਮ ਵੀ ਸਾਡੀ ਅੰਦਰਲੀ ਜੋਤ ਵਿਚ ਮੌਜੂਦ ਹੈ।ਜੋਤਿ ਵਿਚ ਮੌਜੂਦ ਸੱਤ ਸਰੂਪ ਹੁਕਮ ਹੀ ਸਾਡੇ ਨਾਲ ਲਿਖਿਆ ਹੋਇਆ ਹੈ।ਮਨੁੱਖ ਨੇ ਗੁਰੂ ਦੀ ਸਿਖਿਆ ਲੇ ਕੇ ਇਸ ਹੁਕਮ ਨੂੰ ਬੁਝਣਾ ਹੈ ਅਤੇ ਇਸ ਹੁਕਮ ਅਨੁਸਾਰ ਚਲਣਾ ਹੈ।ਇਸ 'ਨਾਲ ਲਿਖੇ ਹੁਕਮ' ਦੀ ਸੋਝੀ ਸਾਨੂੰ ਪ੍ਰਮਾਤਮਾ ਦੇ ਦਰ ਘਰ ਦੀ ਸੂਝ ਦੇ ਕੇ ਕੂੜ ਦੀ ਕੰਧ ਨੂੰ ਤੋੜੇਗੀ ਅਤੇ ਸਚਿਆਰ ਬਣਾਏਗੀ =

ਹੁਕਮੁ ਮੰਨਹਿ ਤਾ ਹਰਿ ਮਿਲੈ, ਤਾ ਵਿਚਹੁ ਹਉਮੈ ਜਾਇ।੫੬੦।ਹੁਕਮ ਨੂੰ ਨਾ ਬੁਝਣ ਕਰਕੇ ਹੀ ਮਨੁੱਖ ਨੂੰ ਦੁੱਖ ਮਿਲਦੇ ਹਨ = ਜਬ ਲਗਿ ਹੁਕਮੁ ਨ ਬੂਝਤਾ, ਤਬ ਹੀ ਲਉ ਦੁਖੀਆ।ਗੁਰ ਮਿਲਿ ਹੁਕਮੁ ਪਛਾਨਿਆ, ਤਬ ਹੀ ਤੇ ਸੁਖੀਆ (੪੦੦)।

ਗੁਰੂ ਦੇ ਹੁਕਮ ਵਿਚ ਜੀਵਨ ਜਿਉਂ ਕੇ ਅਤੇ ਨਾਮ ਜਪ ਕੇ ਮਨੁੱਖ ਕੂੜ ਦੀ ਕੰਧ ਢਾਹੁਣ ਵਿਚ ਸਫਲ ਹੋ ਜਾਂਦਾ ਹੈ।ਫਿਰ ਮਨੁੱਖ ਸਚਿਆਰ ਹੋ ਜਾਂਦਾ ਹੈ।ਕੀਤੇ ਕਰਮਾਂ ਅਨੁਸਾਰ ਜਨਮ ਮਰਣ ਵਿਚ ਪਾਉਣ ਵਾਲੇ ਨੀਯਮ ਨੂੰ ਕਰਮ ਕਿਹਾ ਜਾਂਦਾ ਹੈ।ਇਸੇ ਤਰ੍ਹਾਂ ਅਨੇਕਾਂ ਹੋਰ ਆਤਮਕ, ਮਾਨਸਿਕ, ਸਰੀਰਕ, ਸਦਾਚਾਰਕ, ਸਮਾਜਕ, ਰਾਸਟਰੀ ਅਤੇ ਅੰਤਰਰਾਸ਼ਟਰੀ ਨੀਯਮ ਵੀ ਇਸੇ ਪ੍ਰਧਾਨ ਨੀਯਮ ਹੁਕਮ ਦੇ ਅਧੀਨ ਹੀ ਚਲਦੇ ਹਨ।

ਕਈ ਲੋਕ ਕਿੰਤੂ ਕਰਦੇ ਹਨ ਕਿ ਜੇ ਸਭ ਕੁਝ ਹੁਕਮ ਵਿਚ ਹੀ ਹੋ ਰਿਹਾ ਹੈ ਤਾਂ ਸਾਨੂੰ ਉਦਮ ਕਰਨ ਦੀ ਕੀ ਲੋੜ ਹੈ?।ਉਦਮ ਕਰਨ ਦਾ ਬਲ ਵੀ ਨਿਰੰਕਾਰ ਦੇ ਹੁਕਮ ਅਧੀਨ ਹੀ ਮਿਲਦਾ ਹੈ, ਪਰ ਮਨੁੱਖ ਅਗਿਆਨ ਵਸ ਹੋ ਕੇ ਸਮਝਦਾ ਹੈ ਕਿ ਉਦਮ ਮੈਂ ਕਰ ਰਿਹਾ ਹਾਂ।ਰੱਬ ਅੱਗੇ ਆਪਾ ਸਮਰਪਣ ਕਰਨ ਨਾਲ ਇਹ ਗਿਆਨ ਹੋ ਜਾਂਦਾ ਹੈ ਕਿ ਕਰਤਾਰ ਨੂੰ ਜੋ ਭਾਉਂਦਾ ਹੈ, ਉਹ ਅਪਣੇ ਆਪ ਕਰਾ ਲੈਂਦਾ ਹੈ।ਕਰਤਾਰ ਦੇ ਹੁਕਮ ਅਨੁਸਾਰ ਜੀਵਨ ਜਿਉਣਾ ਵੀ ਉਦਮ ਹੀ ਹੈ, ਅੰਮ੍ਰਿਤ ਵੇਲੇ ਉਠਣਾ, ਸੰਗਤ ਕਰਨੀ, ਨਾਮ ਜਪਣਾ, ਭਲੇ ਕਰਮ ਕਰਨੇ, ਸੇਵਾ ਕਰਨੀ ਆਦਿ ਕਰਮ ਉਦਮ ਨਾਲ ਹੀ ਕੀਤੇ ਜਾਂਦੇ ਹਨ =

ਆਗਾਹਾਂ ਕੂ ਤ੍ਰਾਂਘਿ, ਪਿਛਾ ਫੇਰਿ ਨ ਮੁਹਡੜਾ।੧੦੯੬।ਉਦਮੁ ਕਰੇ ਭਲਕੇ ਪ੍ਰਭਾਤੀ...੩੦੫।ਕਬੀਰ ਕਾਲਿ ਕਰੰਤਾ ਅਬਹਿ ਕਰੁ.. ੧੩੭੧।ਨਹ ਬਿਲੰਬ ਧਰਮੰ, ਬਿਲੰਬ ਪਾਪੰ (੧੩੫੪)।ਵਾਹਿਗੁਰੂ ਨੂੰ ਭੁਲਾ ਕੇ ਨਿਰਾਪੁਰਾ ਅਪਣੇ ਯਤਨਾਂ ਤੇ ਵਿਸ਼ਵਾਸ ਕਰਨਾ ਨਿਰਾਸਤਾ ਦਾ ਕਾਰਣ ਬਣਦਾ ਹੈ, ਹੰਕਾਰੀ ਮਨੁੱਖ ਸਾਰੇ ਉਦਮ ਅਪਣੇ ਵਲੋਂ ਹੋ ਰਹੇ ਸਮਝਦਾ ਹੈ।ਗੁਰਮੁਖ ਸਭ ਕੁਝ ਕਰਤਾਰ ਵੱਲੋਂ ਹੋ ਰਿਹਾ ਸਮਝਦਾ ਹੈ, ਹੁਕਮ ਮੰਨਣ ਅਤੇ ਵਾਹਿਗੁਰੂ ਤੇ ਭਰੋਸਾ ਕਰਨ ਨਾਲ ਆਸ ਬੱਝ ਜਾਂਦੀ ਹੈ।ਰੱਬ ਤੇ ਟੇਕ ਰੱਖਣ, ਉਦਮ ਕਰਨ ਅਤੇ ਹੁਕਮ ਦੇ ਅਨੁਸਾਰੀ ਹੋਣ ਨਾਲ ਰੱਬੀ ਮੇਹਰ ਦਾ ਮੀਂਹ ਵਰ੍ਹਦਾ ਹੈ।ਗੁਰਬਾਣੀ ਦੀ ਵਿਚਾਰ ਅਤੇ ਸਿਖਿਆ ਅਨੁਸਾਰ ਚਲਣ ਕਰਕੇ ਹੀ ਰੱਬੀ ਹੁਕਮ ਦੇ ਅਨੁਸਾਰੀ ਹੋਇਆ ਜਾ ਸਕਦਾ ਹੈ।ਗੁਰਬਾਣੀ ਵਿਚਾਰ ਮਨੁੱਖ ਨੂੰ ਚੰਗੇ ਮੰਦੇ ਦੀ ਪਛਾਣ ਕਰਾ ਦੇਂਦੀ ਹੈ।ਐਸਾ ਕਰਨ ਨਾਲ ਮਨੁੱਖ ਨੂੰ ਸਮਝ ਆ ਜਾਂਦੀ ਹੈ ਕਿ ਰੱਬ ਪ੍ਰੇਰ ਕੇ ਸਾਥੋਂ ਸਭ ਕੁਝ ਕਰਾ ਰਿਹਾ ਹੈ, ਅਸੀਂ ਆਪ ਤਾਂ ਕੁਝ ਕਰਨ ਜੋਗੇ ਨਹੀਂ।ਇਹੋ ਹੀ ਹੁਕਮ ਰਜਾਈ ਅਨੁਸਾਰ ਚਲਣਾ ਹੈ।ਗੁਰੂ ਅਰਜਨ ਦੇਵ ਜੀ ਨੇ ਹੁਕਮ ਵਿਚ ਰਹਿ ਕੇ ਅਨੇਕਾਂ ਕਸ਼ਟ ਸਹਿ ਕੇ ਭਾਣਾ ਮੰਨਿਆ ਅਤੇ ਸ਼ਹੀਦ ਹੋ ਗਏ {ਤੇਰਾ ਕੀਆ ਮੀਠਾ ਲਾਗੈ ੩੯੪}।ਭਾਣਾ ਮੰਨਦੇ ਹੋਏ ਅਨੇਕਾਂ ਸਿੰਘ ਸ਼ਹੀਦ ਹੋਏ ਜਿਨ੍ਹਾਂ ਨੂੰ ਅਰਦਾਸ ਵਿਚ ਰੋਜ ਚੇਤੇ ਕੀਤਾ ਜਾਂਦਾ ਹੈ।

ਮਨੁੱਖ ਦੇ ਅੰਦਰ ਨਾਲ ਲਿਖਿਆ ਹੁਕਮ ਨਾਮ ਹੀ ਹੈ, ਨਾਮ ਅਤੇ ਹੁਕਮ ਇਕੋ ਹਨ = ਏਕੋ ਨਾਮੁ ਹੁਕਮੁ ਹੈ ਨਾਨਕ, ਸਤਿਗੁਰਿ ਦੀਆ ਬੁਝਾਇ ਜੀਉ।੭੨।ਇਸ ਨਾਮ ਨੇ ਹੀ ਕੂੜ ਦੀ ਪਾਲ ਨੂੰ ਖਤਮ ਕਰਨਾ ਹੈ ਅਤੇ ਮਨੁੱਖ ਨੂੰ ਸਚਿਆਰ ਬਣਾਉਣਾ ਹੈ = ਮਲੁ ਕੂੜੀ ਨਾਮਿ ਉਤਾਰੀਅਨੁ ,ਜਪਿ ਨਾਮੁ ਹੋਆ ਸਚਿਆਰੁ ੯੫੧।ਜਿਹੜੀ ਹਉਮੈ ਅਨੇਕਾਂ ਕਰਮ ਕਾਂਡੀ ਜੁਗਤੀਆਂ ਨਾਲ ਨਹੀ

ਲਹਿੰਦੀ ਉਹ ਨਾਮ ਜਪਣ ਨਾਲ ਛੇਤੀ ਹੀ ਪਿੱਛਾ ਛਡ ਜਾਂਦੀ ਹੈ =

ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ। ਮਹਾ ਉਦਾਸ ਤਪੀਸਰੁ ਥੀਵੈ। ਅਗਨਿ ਮਾਹਿ ਹੋਮਤ ਪਰਾਨ।
ਕਨਿਕ ਅਸ੍ਵ ਹੈਵਰ ਭੂਮਿ ਦਾਨ। ਨਿਉਲੀ ਕਰਮ ਕਰੈ ਬਹੁ ਆਸਨ। ਜੈਨ ਮਾਰਗ ਸੰਜਮ ਅਤਿ ਸਾਧਨ।
ਨਿਮਖ ਨਿਮਖ ਕਰਿ ਸਰੀਰ ਕਟਾਵੈ। ਤਉ ਭੀ ਹਉਮੈ ਮੈਲੁ ਨ ਜਾਵੈ। ਹਰਿ ਕੇ ਨਾਮ ਸਮਸਰਿ ਕਛੁ ਨਾਹਿ।
ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ। (੨੬੫)।

ਨਾਮ ਹੀ ਉਹ ਹੁਕਮ ਹੈ, ਜੋ ਮਨੁੱਖ ਦੇ ਨਾਲ ਲਿਖਿਆ ਹੋਇਆ ਹੈ = ਸਿਮਰਿ ਗੋਵਿੰਦੁ ,ਮਨਿ ਤਨਿ ਧੁਰਿ ਲਿਖਿਆ (੧੯੯)। 'ਨਾਮ ਸਿਮਰਨ' ਹੁਕਮ ਹੈ, ਜੋ ਧੁਰ ਤੋਂ ਮਨੁੱਖ ਦੇ ਨਾਲ ਲਿਖਿਆ ਹੋਇਆ ਹੈ। ਇਹ ਨਾਮ ਸਾਡੇ ਨਾਲ ਹੀ ਹੈ, ਪਰ ਪੂਰਨ ਗੁਰੂ ਹੀ ਹਿਰਦੇ ਵਿਚੋਂ ਦਿਖਾ ਸਕਦਾ ਹੈ = ਨਾਮੁ ਨਿਰੰਜਨ ਨਾਲਿ ਹੈ, ਕਿਉ ਪਾਈਐ ਭਾਈ।

ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਂਈ। ਗੁਰ ਪੂਰੇ ਤੇ ਪਾਈਐ, ਹਿਰਦੈ ਦੇਇ ਦਿਖਾਈ। ੧੨੪੨।

ਨਿਰੰਕਾਰੀ ਹੁਕਮ ਦੇ ਅਧੀਨ ਸਾਰਾ ਸੰਸਾਰਕ ਪ੍ਰਬੰਧ, ਬਿਨਾ ਕਿਸੇ ਦੂਜੇ ਦੇ ਦਖਲ ਦੇ ਅਪਣੇ ਆਪ ਨਿਰੰਤਰ ਚਲਦਾ ਰਹਿੰਦਾ ਹੈ। ਸੂਰਜ ਦਾ ਚੜ੍ਹਨਾ ਅਤੇ ਛਿਪਣਾ, ਥਿਤਾਂ ਵਾਰਾਂ ਰੁੱਤਾਂ ਦਾ ਬਦਲਣਾ, ਧਰਤੀ ਦਾ ਸੂਰਜ ਦੁਆਲੇ ਅਤੇ ਚੰਦ ਦਾ ਧਰਤੀ ਦੁਆਲੇ ਘੁੰਮਣਾ, ਅਣਗਿਣਤ ਖੰਡਾਂ ਬ੍ਰਹਿਮੰਡਾਂ ਦਾ ਅਪਣੇ ਅਪਣੇ ਦਾਇਰਿਆਂ ਵਿਚ ਅਪਣੇ ਆਪ ਗੇੜੇ ਕੱਟਣੇ ਆਦਿ ਸਾਰਾ ਪ੍ਰਬੰਧ ਨਿਰੰਕਾਰ ਦੇ ਹੁਕਮ ਅਧੀਨ ਚਲ ਰਿਹਾ ਹੈ। ਪਾਣੀ ਦਾ ਨਿਵਾਣ ਵਲ ਚਲਣਾ, ਅੱਗ ਦਾ ਸੁਭਾਵ ਸਾੜਨਾ, ਦਰਿਆਵਾਂ ਦਾ ਵਹਾਉ ਹੁਕਮ ਵਿਚ ਰਹਿ ਕੇ ਹੀ ਕੰਮ ਕਰਦੇ ਹਨ। ਜੀਵਾਂ ਦੇ ਸਰੀਰਾਂ ਵਿਚ ਸਾਹ ਦੀ ਚਾਲ, ਦਿਲ ਦੀ ਧੜਕਣ, ਫੇਫੜਿਆਂ ਦਾ ਸੁੰਗੜਨਾ ਅਤੇ ਫੈਲਣਾ, ਸਰੀਰ ਅੰਦਰ ਲਹੂ ਦਾ ਸੰਚਾਰ, ਪੱਠਿਆਂ ਦਾ ਆਪ ਮੁਹਾਰੇ ਕੰਮ ਕਰਨਾ, ਖਾਧਾ ਪੀਤਾ ਹਜਮ ਹੋਣਾ ਆਦਿ ਬਿਨਾ ਕਿਸੇ ਬਾਹਰੀ ਮੱਦਦ ਦੇ ਹੁਕਮ ਅਧੀਨ ਆਪਣੇ ਆਪ ਕੰਮ ਕਰਦੇ ਹਨ। ਕਈ ਗੱਲਾਂ ਅਜੇਹੀਆਂ ਵਾਪਰਦੀਆਂ ਹਨ, ਜਿਨ੍ਹਾਂ ਵਿਚ ਮਨੁੱਖੀ ਸੋਚ, ਬੁਧੀ ਜਾਂ ਇੱਛਾ ਦਾ ਦਖਲ ਨਹੀਂ ਹੁੰਦਾ। ਛੋਟਾ ਬੱਚਾ ਮਾਂ ਨੂੰ ਝਟ ਪਛਾਣ ਲੈਂਦਾ ਹੈ, ਜਾਨਵਰਾਂ, ਪਸ਼ੂਆਂ ਅਤੇ ਪੰਛੀਆਂ ਦੇ ਬੱਚੇ ਵੀ ਅਪਣੀ ਮਾਂ ਦੀ ਅਵਾਜ ਨੂੰ ਫੌਰਨ ਜਾਣ ਲੈਂਦੇ ਹਨ। ਕਈ ਜਾਨਵਰ ਮਾਸਾਹਾਰੀ ਅਤੇ ਕਈ ਸ਼ਾਕਾਹਾਰੀ ਹਨ, ਇਹ ਸਭ ਨਿਰੰਕਾਰ ਦੇ ਹੁਕਮ ਅਨੁਸਾਰ ਹੀ ਵਰਤਦਾ ਹੈ। ਹਨੇਰੀ ਝੱਖੜ, ਤੁਫਾਨ,ਅੱਤ ਦੀ ਗਰਮੀ, ਮੂਲੇ ਧਾਰ ਬਾਰਸ਼, ਬੱਦਲਾਂ ਦੀ ਗਰਜ, ਬਿਜਲੀਆਂ ਦਾ ਚਮਕਣਾ, ਸੂਰਜ ਚੰਦ ਦੇ ਗ੍ਰਹਿਣ, ਭੁਚਾਲ, ਸੁਨਾਮੀ ਲਹਿਰਾਂ ਨਾਲ ਹੋਈ ਤਬਾਹੀ ਨੂੰ ਬੇਸਮਝ ਮਨੁੱਖੀ ਮਨ ਰੱਬੀ ਕਹਿਰ, ਕ੍ਰੋਪੀ ਜਾਂ ਕ੍ਰੋਧ ਸਮਝਦਾ ਹੈ ਅਤੇ ਰੱਬ ਨੂੰ ਕੋਸਦਾ ਹੈ। ਸੰਨ ੨੦੧੦ ਦੇ ਹੈਟੀ ਵਿਖੇ ਆਏ ਭੁਚਾਲ ਨਾਲ ਹੋਈ ਤਬਾਹੀ ਬਾਰੇ ਇਕ ਇਸਾਈ ਮਿਸ਼ਨਰੀ ਕਈ ਦਿਨ ਸੋਚਦਾ ਰਿਹਾ ਕਿ ਇਹ ਰੱਬ ਨੇ ਕਿਉਂ ਕੀਤੀ? ਪਰ ਇਹ ਸਭ ਰੱਬੀ ਹੁਕਮ ਵਿਚ ਹੀ ਹੁੰਦਾ ਹੈ। ਭੱਖ ਅਭੱਖ ਚੀਜਾਂ ਦੀ ਬੇਸੰਜਮੀ ਅਤੇ ਗਲਤ ਵਰਤੋਂ ਰਾਹੀਂ ਕਈ ਤਰ੍ਹਾਂ ਦੇ ਰੋਗ ਅਤੇ ਦੁਖ ਅਸੀਂ ਸਹੇੜ ਲੈਂਦੇ ਹਾਂ, ਇਸ ਵਿਚ ਰੱਬ ਦਾ ਕੀ ਕਸੂਰ? ਰੱਬੀ ਹੁਕਮ ਦੇ ਬੱਧੇ ਨਿਯਮਾਂ ਨੂੰ ਤੋੜਨ ਕਰਕੇ ਮਨੁੱਖ ਰੋਗੀ ਅਤੇ ਦੁਖੀ ਹੁੰਦਾ ਹੈ। ਦੁਖਾਂ ਤੋਂ ਘਬਰਾਉਣਾ ਨਹੀਂ, ਕੀਤੇ ਦਾ ਫਲ ਜਾਣ ਕੇ ਹੱਸ ਕੇ ਭੋਗਣਾ ਹੈ ਅਤੇ ਨਿਆਂ ਕਰਨ ਵਾਲੇ ਰੱਬ ਦੀ ਸਿਫਤ ਕਰਨੀ ਹੈ। ਸਾਡੇ ਭਲੇ ਅਤੇ ਸੁਧਾਰ ਲਈ ਪਿਆਰ ਸਹਿਤ ਦਿਤੀ ਦੁੱਖ ਅਤੇ ਭੁੱਖ ਦੀ ਮਾਰ ਨੂੰ ਕਰਤਾਰ ਦੀ ਦਾਤ ਸਮਝ ਕੇ ਪ੍ਰਵਾਨ ਕਰਨਾ ਹੈ = ਕੇਤਿਆਂ ਦੂਖ ਭੂਖ ਸਦ ਮਾਰ। ਏਹ ਭਿ ਦਾਤ ਤੇਰੀ ਦਾਤਾਰ (ਜਪੁ ਜੀ)। ਦੁਖਾਂ ਭੁੱਖਾਂ ਦੀ ਮਾਰ ਵੀ ਸਾਡੇ ਨਾਲ ਲਿਖਿਆ ਕਿਰਤ ਦੇ ਰੂਪ ਵਿਚ ਰੱਬੀ ਹੁਕਮ ਹੈ =

ਮਨ ਮੂਰਖ ਕਾਹੇ ਬਿਲਲਾਈਐ। ਪੁਰਬ ਲਿਖੇ ਕਾ ਲਿਖਿਆ ਪਾਈਐ।
ਦੂਖ ਸੂਖ ਪ੍ਰਭ ਦੇਵਨਹਾਰੁ। ਅਵਰ ਤਿਆਗਿ ਤੂ ਤਿਸਹਿ ਚਿਤਾਰੁ (੨੮੩)।

**ਕਰਮ** = ਜੀਵ ਦੇ ਨਾਲ ਲਿਖਿਆ ਹੁਕਮ ਵੀ ਨਿਰੰਕਾਰ ਦੇ ਪ੍ਰਧਾਨ ਹੁਕਮ ਦੇ ਅਧੀਨ ਉਲੀਕਿਆ ਹੋਇਆ ਇਕ ਉਪ ਨੀਯਮ ਹੈ, ਜੋ ਚੰਗੇ ਮਾੜੇ ਕਰਮਾਂ ਦੇ ਲੇਖੇ ਨਾਲ ਸਬੰਧ ਰਖਦਾ ਹੈ। ਗੁਰਬਾਣੀ ਵਿਚ ਇਸ ਨੂੰ ਕਿਰਤ ਕਿਹਾ ਹੈ, ਜੋ ਕਈ ਜਨਮਾਂ ਤੋਂ ਸਾਡੇ ਨਾਲ ਚਲੀ ਆਉਂਦੀ ਹੈ। ਕਿਰਤ ਸਾਡੇ ਪਿਛਲੇ ਜਨਮਾਂ ਦੇ ਕੀਤੇ ਕਰਮ ਹਨ, ਜੋ ਸੁਭਾਵ ਦੇ ਰੂਪ ਵਿਚ ਹਰੇਕ ਦੇ ਅੰਦਰ ਮਨ ਦਾ ਭਾਗ ਬਣੇ ਹੋਏ ਹਨ। ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦੇ ਅਧਾਰ ਤੇ ਨਿਰੰਕਾਰੀ ਹੁਕਮ ਇਹ ਕਿਰਤ ਸਾਨੂੰ ਸੁਭਾਵ ਦੇ ਰੂਪ ਵਿਚ ਦੇਂਦਾ ਹੈ। ਪਿਛਲੇ ਜਨਮਾਂ ਦੇ ਕੀਤੇ ਕਰਮਾਂ ਅਨੁਸਾਰ ਬਣਿਆ ਸੁਭਾਵ ਹੀ ਸਾਡੇ ਲੇਖ ਹਨ ਅਤੇ ਇਨ੍ਹਾਂ ਲੇਖਾਂ ਅਨੁਸਾਰ ਹੀ ਮੌਜੂਦਾ ਜੀਵਨ ਵਿਚ ਦੁਖ ਸੁਖ ਮਿਲਦੇ ਹਨ। ਗੁਰੂ ਨਾਨਕ ਦੇਵ ਜੀ ਅਨੁਸਾਰ ਕਰਣੀ ਰੂਪੀ ਕਾਗਜ ਤੇ ਮਨ ਦੀ ਸਿਆਹੀ ਨਾਲ ਬੁਰੇ ਭਲੇ ਦੋ ਕਿਸਮ ਦੇ ਲੇਖ ਲਿਖੇ ਪਏ ਹਨ। ਇਹ ਲੇਖ ਸਾਡਾ ਸੁਭਾਉ ਹਨ, ਜੋ ਸੰਸਕਾਰਾਂ ਦੇ ਰੂਪ ਵਿਚ ਪੱਕ ਕੇ ਸਾਨੂੰ ਕਰਮਾਂ ਵੱਲ ਤੋਰਦਾ ਹੈ। ਕਰਮਾਂ ਦੇ ਅਸਰ ਨੂੰ ਮੇਟਣ ਲਈ ਗੁਣ ਭਰਨ ਦੀ ਜਰੂਰਤ ਹੈ ਅਤੇ ਗੁਣਾਂ ਦਾ ਖਜਾਨਾ ਨਿਰੰਕਾਰ ਹੈ, ਜਿਸਦੇ ਗੁਣਾਂ ਦਾ ਅੰਤ ਨਹੀਂ = ਕਰਣੀ ਕਾਗਦੁ ਮਨੁ ਮਸਵਾਣੀ, ਬੁਰਾ ਭਲਾ ਦੁਇ ਲੇਖ ਪਏ।

ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ, ਤਉ ਗੁਣ ਨਾਹੀ ਅੰਤੁ ਹਰੇ ੯੯੦।

ਇਸ ਕਿਰਤ ਦੇ ਰੂਪ ਵਿਚ ਲਿਖੇ ਹੁਕਮ ਨੂੰ ਬੁੱਝਣ ਨਾਲ ਹਉਮੈ ਨਹੀ ਰਹਿੰਦੀ = ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ (ਜਪੁ ਜੀ)।ਕੂੜ ਦੀ ਪਾਲ 'ਹਉਮੈ' ਹੁਕਮ ਦੀ ਹੀ ਖੇਡ ਹੈ, ਇਸ ਹੁਕਮ ਨੂੰ ਬੁਝਣ ਨਾਲ ਹੀ ਹਉਮੈ ਦਾ ਅਭਾਵ ਹੋਣਾ ਹੈ।ਦੁੱਖਾਂ ਦੇ ਮੂਲ ਕਾਰਣ ਹਉਮੈ ਨੂੰ ਵੀ ਬੁਝਣ ਦੀ ਲੋੜ ਹੈ, ਕਿਉਂਕਿ ਇਸ ਨੂੰ ਬੁਝਣ ਤੋਂ ਬਿਨਾ ਹੁਕਮ ਦੀ ਸਮਝ ਨਹੀਂ ਪੈ ਸਕਦੀ = ਹਉਮੈ ਬੂਝੈ ਤਾ ਦਰ ਸੂਝੈ (੪੬੬)।ਹਉਮੈ ਨੂੰ ਸਮਝਣ ਨਾਲ ਹੀ ਸਚਿਆਰ ਬਣਿਆ ਜਾ ਸਕੀਦਾ ਹੈ।ਅਪਣਾ ਕੁਛ ਸਮਝੇ ਹੀ ਨਾ {ਕਬੀਰ ਮੇਰਾ ਮੁਝ ਮਹਿ ਕਿਛੁ ਨਹੀ, ਜੋ ਕਿਛੁ ਹੈ ਸੋ ਤੇਰਾ ੧੩੭੬}, ਤਨ ਮਨ ਧਨ ਸਭ ਗੁਰੂ ਨੂੰ ਸੌਂਪ ਦੇਵੇ {ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ, ਹੁਕਮਿ ਮੰਨਿਐ ਪਾਈਐ ੯੧੮}।ਇਸ ਆਪਾ ਸਮਰਪਣ (ਸਿਰ ਸੌਂਪਣ) ਨਾਲ ਹਉਮੈ ਦੀ ਸਮਝ ਆਪੇ ਆ ਜਾਂਦੀ ਹੈ ਅਤੇ ਨਿਰੰਕਾਰ ਵਿਚ ਲੀਨ ਹੋ ਜਾਈਦਾ ਹੈ =

ਐਸਾ ਸਤਿਗੁਰੁ ਜੇ ਮਿਲੈ, ਤਿਸਨੋ ਸਿਰੁ ਸਉਪੀਐ, ਵਿਚਹੁ ਆਪੁ ਜਾਇ।
ਜਿਸਦਾ ਜੀਉ ਤਿਸੁ ਮਿਲਿ ਰਹੈ, ਹਰਿ ਵਸੈ ਮਨਿ ਆਇ ੯੨੧ ।

ਤਨ ਨੂੰ ਗੁਰੂ ਦੀ ਸੇਵਾ ਵਿਚ ਲਾ ਦੇਵੇ, ਮਨ ਵਿਚ ਬੁਰੇ ਫੁਰਨੇ ਪੈਦਾ ਨਾ ਹੋਣ ਦੇਵੇ।ਮਨ ਵਿਚ ਗੁਰੂ ਦੇ ਵਿਚਾਰ ਅਤੇ ਚੰਗੇ ਗੁਣ ਧਾਰਨ ਕਰੇ।ਧਨ ਨੂੰ ਧਰਮ ਦੇ ਕਾਰਜਾਂ ਲਈ ਖਰਚੇ ਅਤੇ ਧਨ ਨੂੰ ਕਰਤਾਰ ਦੀ ਦਾਤ ਸਮਝੇ, ਜਿਤਨਾ ਕੁਝ ਮਿਲਦਾ ਹੈ, ਉਸ ਵਿਚ ਸੰਤੁਸਟ ਰਹੇ।

ਕਿਰਤ ਮਨ ਵਿਚ ਵਸਦੀ ਹਉਮੈ ਦੀ ਉਪਜ ਹੈ, ਹਉਮੈ ਹਰ ਇਕ ਦੀ ਆਪੋ ਅਪਣੀ ਹੈ ਅਤੇ ਕਿਰਤ ਵੀ ਸਭ ਦੀ ਆਪੋ ਆਪਣੀ ਹੈ।ਨਾਮ ਅਤੇ ਕਿਰਤ ਦੋਵੇਂ ਹੁਕਮ ਨਿਰੰਕਾਰ ਵੱਲੋਂ ਮਨੁੱਖ ਦੇ ਅੰਦਰ ਨਾਲ ਲਿਖੇ ਹੋਏ ਹਨ।ਜਦੋਂ ਅਸੀਂ ਨਾਮ ਸਿਮਰਨ ਰਾਹੀਂ ਰੱਬੀ ਰਜ਼ਾ ਨਾਲ ਇਕ ਸੁਰ ਹੋਵਾਂਗੇ, ਤਾਂ ਹਉਮੈ ਮਿਟੇਗੀ ਅਤੇ ਹਉਮੈ ਦੇ ਮਿਟਣ ਨਾਲ ਕਿਰਤ ਵੀ ਮਿਟ ਜਾਏਗੀ, ਜੋ ਐਵੇਂ ਆਰਜੀ ਜਿਹਾ ਹੁਕਮ ਹੈ।ਹਉਮੈ ਗੁਣ ਨਾਸ਼ਕ ਹੈ ਅਤੇ ਨਾਮ ਹਉਮੈ ਨਾਸ਼ਕ ਹੈ, ਹਉਮੈ ਦੇ ਮਿਟਣ ਨਾਲ ਅਸੀਂ ਸਚਿਆਰ ਬਣ ਜਾਵਾਂਗੇ।

ਹਰ ਇਕ ਦੀ ਬੁੱਧੀ ਨਿਰੰਕਾਰ ਦੀ ਦੇਣ ਹੈ, ਪਰ ਹੈ ਇਹ ਸੀਮਤ, ਬੁੱਧੀ ਨਿਰੰਕਾਰ ਵਲੋਂ ਮਿਲੀ ਸੀਮਾ ਤੋਂ ਬਾਹਰ ਨਹੀ ਜਾ ਸਕਦੀ।ਬੁੱਧੀ ਮਨੁੱਖ ਨੂੰ ਕਿਸੇ ਹੱਦ ਤਕ ਕਰਮ ਕਰਨ ਵਿਚ ਸੁਤੰਤਰ ਬਣਾ ਦਿੰਦੀ ਹੈ।ਜਿਵੇਂ ਪਾਣੀ ਦੇ ਅੰਦਰ ਮੱਛੀਆਂ ਤਰਨ ਵਿਚ ਸੁਤੰਤਰ ਹਨ, ਪਰ ਪਾਣੀ ਤੋਂ ਬਾਹਰ ਉਹ ਕੁਛ ਨਹੀ ਕਰ ਸਕਦੀਆਂ।ਇਹ ਮਿਲੀ ਸੀਮਤ ਸੁਤੰਤ੍ਰਤਾ ਵਿਚ ਹੀ ਮਨੁੱਖ ਮਨ ਮਰਜੀ ਦੇ ਚੰਗੇ ਮਾੜੇ ਕੰਮ ਕਰਦਾ ਹੈ।ਇਨ੍ਹਾਂ ਕੀਤੇ ਕੰਮਾਂ ਦੇ ਲੇਖ ਸਾਡੇ ਮਨ ਤੇ ਉਕਰ ਜਾਂਦੇ ਹਨ, ਜਿਵੇਂ ਰੇਤ ਉਤੇ ਪੈਰਾਂ ਦੇ ਨਿਸ਼ਾਨ ਪੈ ਜਾਂਦੇ ਹਨ।ਸੰਸਾਰ ਵਿਚ ਵੀ ਹੱਥਾਂ ਪੈਰਾਂ ਦੇ ਨਿਸ਼ਾਨਾਂ ਤੋਂ ਦੋਸ਼ੀਆਂ ਦੀ ਭਾਲ ਹੋ ਜਾਂਦੀ ਹੈ ਅਤੇ ਉਨਾਂ ਦੇ ਕੀਤੇ ਦੀ ਸਜਾ ਮਿਲਦੀ ਹੈ।ਇਸੇ ਤਰ੍ਹਾਂ ਕਰਤਾਰ ਮਨੁੱਖ ਦੇ ਕੀਤੇ ਕਰਮਾਂ ਅਨੁਸਾਰ ਦੁਖ ਸੁਖ ਅਤੇ ਉਚੇ ਨੀਵੇਂ ਦਰਜੇ ਦੀਆਂ ਜੂਨਾਂ ਵਿਚ ਜਨਮ ਦੇਂਦਾ ਹੈ = ਤੁਧੁ ਦੁਖੁ ਸੁਖੁ ਨਾਲਿ ਉਪਾਇਆ, ਲੇਖੁ ਕਰਤੈ ਲਿਖਿਆ ੭੮੭ ; ਹੁਕਮਿ ਚਲਾਏ ਆਪਣੈ, ਕਰਮੀ ਵਹੈ ਕਲਾਮ ੧੨੪੧। (ਭਗਤ ਸਿੰਘ ਹੀਰਾ ਰਚਿਤ 'ਜਪ ਪ੍ਰਵਚਨ' ਵਿਚੋਂ ਸਾਰੰਸ਼)।

## ॥ ਦੂਜੀ ਪਉੜੀ ॥

ਉਥਾਨਕਾ = ਪ੍ਰਮਾਤਮਾ ਦੇ ਜਿਸ ਹੁਕਮ ਦਾ ਵਰਨਣ ਉਪਰੋਕਤ ਪਉੜੀ ਵਿਚ ਕੀਤਾ ਹੈ, ਹੁਣ ਗੁਰੂ ਜੀ ਇਸ ਪਉੜੀ ਵਿਚ ਹੁਕਮ ਦਾ ਹੋਰ ਵਿਸਥਾਰ ਸਹਿਤ ਵਖਿਆਨ ਕਰਦੇ ਹਨ =

ਹੁਕਮੀ ਹੋਵਨਿ ਆਕਾਰ, ਹੁਕਮੁ ਨ ਕਹਿਆ ਜਾਈ ॥ (ਜਿਸ ਨਿਰੰਕਾਰ ਦਾ ਹੁਕਮ ਜੀਵ ਦੇ ਅੰਦਰ ਲਿਖਿਆ ਹੋਇਆ ਹੈ, ਉਸੇ ਦੇ) ਹੁਕਮ ਅਨੁਸਾਰ ਹੀ (ਰਚਨਾ ਦੇ) ਸਾਰੇ ਅਕਾਰ ਹੋਂਦ ਵਿਚ ਆਉਂਦੇ ਹਨ,(ਪਰ ਇਹ) ਹੁਕਮ ਬਿਆਨ ਨਹੀਂ ਕੀਤਾ ਜਾ ਸਕਦਾ (ਅਕੱਥ ਹੈ)।

ਹੁਕਮੁ ਨ ਜਾਪੀ ਕੇਤੜਾ, ਕਹਿ ਨ ਸਕੀਜੈ ਕਾਰ (੧੨੪੧)।ਹੁਕਮੁ ਸਾਜਿ ਹੁਕਮੈ ਵਿਚਿ ਰਖੈ, ਨਾਨਕ ਸਚਾ ਆਪਿ (੧੪੫)।

ਹੁਕਮੀ ਹੋਵਨਿ ਜੀਅ, ਹੁਕਮਿ ਮਿਲੈ ਵਡਿਆਈ ॥ (ਨਿਰੰਕਾਰ ਦੇ) ਹੁਕਮ ਦੁਆਰਾ ਹੀ (ਸਾਰੀਆਂ ਜੂਨਾਂ ਦੇ) ਜੀਵ ਬਣਦੇ (ਪੈਦਾ ਹੁੰਦੇ ਹਨ) ਅਤੇ ਹੁਕਮ ਅਨੁਸਾਰ ਹੀ (ਕਈ ਜੀਵਾਂ ਨੂੰ ਸੰਸਾਰ ਵਿਚ) ਵਡਿਆਈ ਮਿਲਦੀ ਹੈ {ਮਾਣਸ ਕਉ ਪ੍ਰਭਿ ਦੀਈ ਵਡਿਆਈ ੧੦੭੫}।

ਹੁਕਮੀ ਉਤਮੁ ਨੀਚੁ ,ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥ (ਉਸ ਦੇ) ਹੁਕਮ ਅਨੁਸਾਰ ਹੀ (ਮਨੁੱਖ ਜਾਤੀ ਵਿਚੋਂ ਕੋਈ) ਉਤਮ ਅਤੇ ਕੋਈ ਨੀਚ ਬਣ ਜਾਂਦਾ ਹੈ, (ਫਿਰ) ਹੁਕਮ ਵਿਚ ਹੀ (ਅਪਣੇ ਕੀਤੇ ਕਰਮਾਂ ਦੇ) ਲਿਖੇ ਅਨੁਸਾਰ ਦੁਖ ਅਤੇ ਸੁਖ ਪਾਈਦੇ ਹਨ

(ਹੁਕਮ ਅਨੁਸਾਰ ਹੀ ਭਲੇ ਕਰਮਾਂ ਕਰਕੇ ਉਤਮ ਪੁਰਸ਼ਾਂ ਨੂੰ ਸੁੱਖ ਅਤੇ ਮੰਦੇ ਕਰਮਾਂ ਕਰਕੇ ਨੀਚ ਪੁਰਸ਼ਾਂ ਨੂੰ ਦੁਖ ਮਿਲਦੇ ਹਨ)।

ਇਕਨਾ ਹੁਕਮੀ ਬਖਸੀਸ, ਇਕਿ ਹੁਕਮੀ ਸਦਾ ਭਵਾਈਅਹਿ ॥ ਹੁਕਮ ਅਨੁਸਾਰ ਹੀ ਕਈ ਮਨੁੱਖਾਂ ਤੇ (ਨਿਰੰਕਾਰ ਦੀ) ਬਖਸ਼ਿਸ ਹੁੰਦੀ ਹੈ ਅਤੇ ਕਈ ਮਨੁੱਖ ਹੁਕਮ ਅਨੁਸਾਰ ਹੀ (ਵਾਸ਼ਨਾਵਾਂ ਦੇ ਬੱਧੇ ਹੋਏ) ਜਨਮ ਮਰਣ ਦੇ ਗੇੜ ਵਿਚ ਭਵਾਏ ਜਾਂਦੇ ਹਨ {ਇਕਨ੍ਹਾ ਭਾਣੈ ਕਢਿ ਲਏ, ਇਕਨ੍ਹਾ ਮਾਇਆ ਵਿਚਿ ਨਿਵਾਸੁ ੪੬੩}।

ਹੁਕਮੈ ਅੰਦਰਿ ਸਭੁ ਕੋ, ਬਾਹਰਿ ਹੁਕਮ ਨ ਕੋਇ ॥ ਸਭ ਕੋਈ (ਉਸ ਦੇ) ਹੁਕਮ ਅੰਦਰ ਹਨ, ਹੁਕਮ ਤੋਂ ਬਾਹਰ ਕੋਈ ਵੀ ਨਹੀਂ (ਜੋ ਸੁਤੰਤਰ ਹੋ ਕੇ ਮਨ ਮਰਜੀ ਦਾ ਕੰਮ ਕਰ ਸਕਣ, ਦੇਵੀ ਦੇਵਤੇ ਸੂਰਜ ਚੰਦ ਪੌਣ ਪਾਣੀ ਜੀਵ ਜੰਤ ਸਭ ਨਿਰੰਕਾਰ ਦੇ ਹੁਕਮ ਵਿਚ ਹੀ ਕੰਮ ਕਰਦੇ ਹਨ) {ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ, ਜੋ ਸਭਨਾ ਉਪਰਿ ਹੁਕਮੁ ਚਲਾਏ ੮੯ ; ਹੁਕਮੈ ਅੰਦਰ ਸਭ ਕੋ, ਮੰਨੈ ਹੁਕਮ ਸੁ ਸਚਿ ਸਮਾਯਾ (ਭਾ. ਗੁ. ਵਾਰ ੭-੧)}।

ਨਾਨਕ ਹੁਕਮੈ ਜੇ ਬੁਝੈ, ਤ ਹਉਮੈ ਕਹੈ ਨ ਕੋਇ ॥੨॥ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਜੇ ਕੋਈ (ਮਨੁੱਖ) ਇਸ ਹੁਕਮ ਨੂੰ ਸਮਝ ਲਵੇ (ਕਿ ਸਭ ਕੁਛ ਨਿਰੰਕਾਰ ਦੇ ਹੁਕਮ ਵਿਚ ਹੁੰਦਾ ਹੈ) ਤਾਂ ਫਿਰ ਕੋਈ ਵੀ ਹਉਮੈ ਨਹੀਂ ਕਹਿੰਦਾ ਭਾਵ ਹੰਕਾਰ ਦੇਬੋਲ ਨਹੀਂ ਬੋਲਦਾ।(ਕਿਉਂਕਿ ਅਪਣੀ ਤੁੱਛਤਾ ਨੂੰ ਜਾਣ ਕੇ ਹਉਮੈ ਤੋਂ ਮੁਕਤ ਹੋ ਜਾਂਦੇ ਹਨ = ਕਹੁ ਨਾਨਕ ਜਿਨਿ ਹੁਕਮੁ ਪਛਾਤਾ।ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ।੮੮੫।ਨਾਨਕ ਹੁਕਮੈ ਜੇ ਬੁਝੈ, ਤਾ ਫਲੁ ਪਾਏ ਸਚੁ ੯੫੦।ਪ੍ਰਭ ਹੁਕਮ ਬੂਝਿ, ਪਹੁਚੈ ਦਰਬਾਰਾ (ਭਾ. ਗੁ. ਵਾਰ ੪੧-੨੩)।੨।

ਪਦਾਰਥ = ਹੁਕਮੀ-ਹੁਕਮ ਅਨੁਸਾਰ।ਹੋਵਨਿ-ਹੋਂਦ ਵਿਚ ਆਉਂਦੇ ਹਨ; ਬਣਦੇ ਹਨ।ਆਕਾਰ-ਦਿਸਦੇ ਅਕਾਰ (ਸੂਖਮ ਤੇ ਸਥੂਲ ਵਜੂਦ ਜਾਂ ਸਰੂਪ; ਅਨੇਕਾਂ ਖੰਡਾਂ ਬ੍ਰਹਿਮੰਡਾਂ ਦੇ ਅਕਾਰ; ਸਰੀਰ)।ਨ ਕਹਿਆ ਜਾਈ-ਕਿਹਾ ਨਹੀਂ ਜਾ ਸਕਦਾ।ਜੀਅ-ਜਾਨ ਵਾਲੇ ਜੀਵ ਜੰਤ।ਹੁਕਮਿ-ਹੁਕਮ ਅਨੁਸਾਰ।ਵਡਿਆਈ-ਆਦਰ; ਸੋਭਾ।ਲਿਖਿ-ਲਿਖੇ ਅਨੁਸਾਰ।ਪਾਈਅਹਿ-ਪਾਈਦੇ; ਭੋਗੀਦੇ ਹਨ।ਇਕਨਾ-ਕਈਆਂ ਮਨੁੱਖਾਂ ਨੂੰ।ਬਖਸੀਸ-ਬਖਸ਼ਿਸ਼।ਇਕਿ-ਕਈ ਮਨੁੱਖ।ਭਵਾਈਅਹਿ-ਜਨਮ ਮਰਣ ਦੇ ਗੇੜ ਵਿਚ ਭਵਾਏ ਜਾਂਦੇ ਹਨ।ਹੁਕਮੈ ਅੰਦਰਿ-ਰੱਬ ਦੇ ਹੁਕਮ ਅੰਦਰ।ਸਭੁ ਕੋ-ਸਭ ਕੋਈ; ਹਰੇਕ ਜੀਵ।ਹੁਕਮੈ-ਹੁਕਮ ਨੂੰ।ਬੁਝੈ-ਸਮਝ ਲਵੇ।ਤ-ਤਾਂ।ਹਉਮੈ ਕਹੈ ਨ ਕੋਇ-ਕੋਈ ਹਉਮੈ ਦੇ ਬੋਲ ਨਹੀਂ ਆਖਦਾ।(ਹਉਮੈ = ਮੈਂ ਪੁਣੇ ਦਾ ਭਾਵ, ਜੋ ਮਨ ਦੇ ਅੰਦਰ ਸਥੂਲ ਰੂਪ ਧਾਰਨ ਕਰ ਲੈਂਦਾ ਹੈ ਅਤੇ ਆਪਾ ਭਾਵ ਦ੍ਰਿੜ ਕਰਾਉਂਦਾ ਹੈ)।੨।

ਵਿਆਖਿਆ = ਕਈ ਨਿਆਇਕ ਸ਼ਾਸਤ੍ਰਕਾਰ ਜੀਵ, ਸ੍ਰਿਸਟੀ ਅਤੇ ਸ੍ਰਿਸਟੀ ਦੇ ਕਾਰਣ ਪ੍ਰਕ੍ਰਿਤੀ ਆਦਿ ਨੂੰ ਅਨਾਦੀ-ਅਨੰਤ (ਆਦਿ ਅੰਤ ਰਹਿਤ) ਅਤੇ ਕਰਮ ਨਮਿੱਤ ਦੇ ਅਧੀਨ ਮੰਨਦੇ ਹਨ।ਉਨ੍ਹਾਂ ਦੇ ਖੰਡਨ ਵਿਚ ਕਿਹਾ ਹੈ ਕਿ ਜੀਵ ਅਤੇ ਸ੍ਰਿਸਟੀ ਅਤੇ ਹੋਰ ਸਾਰੇ ਦਿਸਦੇ ਅਣ ਦਿਸਦੇ ਆਕਾਰ ਨਿਰੰਕਾਰ ਦੇ ਹੁਕਮ ਤੋਂ ਹੀ ਬਣੇ ਹਨ ਅਤੇ ਆਦਿ ਅੰਤ ਵਾਲੇ ਹਨ।ਜਿਹੜਾ ਹੁਕਮ ਹਰੇਕ ਜੀਵ ਦੇ ਨਾਲ ਲਿਖਿਆ ਹੈ, ਉਹ ਹੁਕਮ ਇਨਸਾਨੀ ਸਮਝ ਤੋਂ ਪਰੇ ਹੈ, ਉਸ ਨੂੰ ਵਰਨਣ ਨਹੀ ਕੀਤਾ ਜਾ ਸਕਦਾ।ਹੁਕਮ ਨਿਰ ਆਕਾਰ ਹੈ ਅਤੇ ਹੁਕਮ ਨਿਰੰਕਾਰ ਤੋਂ ਵਖਰਾ ਨਹੀਂ ਹੈ।ਹੁਕਮ ਨਿਰੰਕਾਰ ਦੀ ਮਰਜੀ, ਫੁਰਨਾ ਜਾਂ ਇੱਛਾ ਹੈ, ਜੋ ਨਿਰੰਕਾਰ ਵਿਚ ਨਿਵਾਸ ਰੱਖਦਾ ਹੈ ਅਤੇ ਨਿਰੰਕਾਰ ਵਾਂਙ ਦੇਸ਼ ਕਾਲ ਤੋਂ ਰਹਿਤ ਹੈ।ਹੁਕਮ ਨਿਰੰਕਾਰ ਦੀ ਚੇਤਨ ਸੱਤਾ ਦਾ ਉਹ ਸਰੂਪ ਹੈ, ਜਿਸ ਤੋਂ ਸਾਰੀ ਉਤਪਤੀ, ਪਾਲਣਾ ਅਤੇ ਵਿਨਾਸ਼ ਹੁੰਦਾ ਹੈ।ਹੁਕਮ ਤੋਂ ਹੀ ਜੀਵਾਂ ਦੀਆਂ ਅਨੇਕਾਂ ਸ਼੍ਰੇਣੀਆਂ ਬਣੀਆਂ ਹਨ, ਸਾਰੇ ਜੀਵਾਂ ਵਿਚੋਂ ਮਨੁੱਖਾ ਜੂਨ ਉਤਮ ਹੈ, ਇਹ ਵਡਿਆਈ ਤੇ ਛੁਟਿਆਈ ਹੁਕਮ ਦੁਆਰਾ ਹੀ ਹੋਈ ਹੈ।ਜੀਵ ਦਾ ਚੰਗਾ ਮੰਦਾ, ਸੁਖੀ ਦੁਖੀ ਹੋਣਾ ਅਤੇ ਜਨਮ ਮਰਣ ਵਿਚ ਆਉਣਾ ਜਾਂ ਮੁਕਤ ਹੋਣਾ, ਸਭ ਹੁਕਮ ਅਨੁਸਾਰ ਹੁੰਦਾ ਹੈ।ਅਖੀਰ ਵਿਚ ਦਸਿਆ ਹੈ ਕਿ ਵਾਹਿਗੁਰੂ ਦੇ ਹੁਕਮ ਨੂੰ ਸਮਝ ਲੈਣ ਨਾਲ ਹਉਮੈ ਦੂਰ ਹੋ ਜਾਂਦੀ ਹੈ।

ਹੁਕਮੇ ਜੁਗ ਮਹਿ ਆਇਆ, ਚਲਣੁ ਹੁਕਮਿ ਸੰਜੋਗਿ ਜੀਉ।ਹੁਕਮੇ ਪਰਪੰਚੁ ਪਸਰਿਆ, ਹੁਕਮਿ ਕਰੇ ਰਸ ਭੋਗ ਜੀਉ (੭੬੦)।

## ॥ ਤੀਜੀ ਪਉੜੀ ॥

ਉਥਾਨਕਾ = ਹੁਕਮ ਕਿਹੋ ਜਿਹਾ ਹੈ, ਹੁਕਮ ਵਾਲੇ ਨੂੰ ਕੌਣ ਕੌਣ ਗਉਂਦੇ ਹਨ ?

ਗਾਵੈ ਕੋ ਤਾਣੁ, ਹੋਵੈ ਕਿਸੈ ਤਾਣੁ ॥ ਨਿਰੰਕਾਰ ਦੇ ਬਲ ਨੂੰ ਕੌਣ ਗਾ (ਵਖਿਆਨ ਕਰ) ਸਕਦਾ ਹੈ? ਭਾਵ ਕੋਈ ਨਹੀਂ ਗਾ ਸਕਦਾ, (ਜਿਸ) ਕਿਸੇ ਵਿਚ (ਨਿਰੰਕਾਰ ਦਾ ਬਖਸ਼ਿਆ) ਬਲ ਹੋਵੇ (ਉਹ ਹੀ ਨਿਰੰਕਾਰ ਦੇ ਬਲ ਨੂੰ ਗਾ ਸਕਦਾ ਹੈ)।

ਗਾਵੈ ਕੋ ਦਾਤਿ, ਜਾਣੈ ਨੀਸਾਣੁ ॥ ਉਸਦੀ ਦਾਤ (ਦੇਣ ਦੀ ਮਹਿਮਾਂ ਅਥਵਾ ਦਾਤਾਂ ਦੀ ਗਿਣਤੀ) ਨੂੰ ਕੌਣ ਗਾ ਸਕਦਾ ਹੈ ਅਤੇ ਉਸਦੇ ਚਿੰਨ੍ਹ (ਲੱਛਣ) ਨੂੰ ਕੌਣ ਜਾਣ ਸਕਦਾ ਹੈ ? {ਤੇਰੈ ਦਾਨੈ ਕੀਮਤਿ ਨ ਪਵੈ, ਤਿਸੁ ਦਾਤੇ ਕਵਣੁ ਸੁਮਾਰੁ ੧੨}।

ਗਾਵੈ ਕੋ ਗੁਣ ਵਡਿਆਈਆ ਚਾਰ ॥ਉਸਦੇ ਗੁਣ ਅਤੇ ਸੁੰਦਰ ਵਡਿਆਈਆਂ ਨੂੰ ਕੌਣ ਗਾ (ਵਰਨਣ ਕਰ) ਸਕਦਾ ਹੈ? (ਕਿਉਂਕਿ ਉਸਦੇ ਗੁਣ ਤੇ ਵਡਿਆਈਆਂ ਬੇਅੰਤ ਹਨ) {ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ, ਤੂ ਸਾਹਿਬ ਗੁਣੀ ਨਿਧਾਨਾ।ਤੁਮਰੀ

ਮਹਿਮਾ ਬਰਨਿ ਨ ਸਾਕਉ ,ਤੂੰ ਠਾਕੁਰ ਉਚ ਭਗਵਾਨਾ ੭੩੫}।

ਅੰਗ ੨ = ਗਾਵੈ ਕੋ ਵਿਦਿਆ ਵਿਖਮੁ ਵਿਚਾਰੁ॥(ਰਬ ਦੀ ਪ੍ਰਾਪਤੀ ਦੀ) ਵਿਦਿਆ ਦੇ ਕਠਨ ਵਿਚਾਰ ਨੂੰ ਕੌਣ ਗਾ ਸਕਦਾ ਹੈ? (ਰੱਬ ਦੇ ਗਿਆਨ ਦੀ ਵਿਦਿਆ ਬਹੁਤ ਔਖੀ ਹੈ, ਇਸ ਕਠਨ ਵਿਚਾਰ ਨੂੰ ਕੌਣ ਗਾ ਸਕਦਾ ਹੈ?)

ਗਾਵੈ ਕੋ ਸਾਜਿ ਕਰੇ ਤਨੁ ਖੇਹ ॥ ਕੌਣ ਉਸਨੂੰ ਗਾ ਸਕਦਾ ਹੈ, ਜੋ ਸਰੀਰ ਨੂੰ ਸਾਜ ਕੇ (ਫਿਰ) ਮਿੱਟੀ (ਨਾਸ਼) ਕਰ ਦੇਂਦਾ ਹੈ

ਗਾਵੈ ਕੋ ਜੀਅ ਲੈ ਫਿਰਿ ਦੇਹ ॥ ਕੌਣ (ਉਸ ਨੂੰ) ਗਾ ਸਕਦਾ ਹੈ, ਜਿਹੜਾ ਜਾਨ ਲੈ ਕੇ ਮੁੜ ਦੇ ਦੇਂਦਾ ਹੈ (ਇਸਦੇ ਦੋ ਭਾਵ ਹੋ ਸਕਦੇ ਹਨ, ਇਕ ਤਾਂ ਜਾਨ ਲੈ ਕੇ ਮੁੜ ਜਿਉਂਦਾ ਕਰ ਦੇਂਦਾ ਹੈ।ਦੂਜਾ ਇਸ ਜੀਵਨ ਵਿਚ ਜਾਨ ਲੈ ਕੇ ਮੁੜ ਦੁਬਾਰਾ ਅਗਲਾ ਜਨਮ ਦੇ ਦੇਂਦਾ ਹੈ)।

ਗਾਵੈ ਕੋ ਜਾਪੈ ਦਿਸੈ ਦੂਰਿ ॥ (ਉਸ ਪ੍ਰਭੂ ਨੂੰ) ਕੌਣ ਗਾ ਸਕਦਾ ਹੈ? ਜੋ (ਸ੍ਰਵਣ ਮੰਨਨ ਆਦਿਕ ਸਾਧਨਾਂ ਦੁਆਰਾ ਨੇੜੇ ਤਾਂ) ਪ੍ਰਤੀਤ ਹੁੰਦਾ ਹੈ, ਪਰ ਦਿਸਦਾ ਦੂਰ ਹੈ।

ਗਾਵੈ ਕੋ ਵੇਖੈ ਹਾਦਰਾ ਹਦੂਰਿ ॥ ਕੋਈ ਮਨੁੱਖ ਉਸਨੂੰ (ਇਹ ਜਾਣ ਕੇ) ਗਾਉਂਦਾ ਹੈ ਕਿ ਉਹ ਹਾਜਰ ਨਾਜਰ ਹੈ (ਅਤੇ ਸਭ ਨੂੰ) ਦੇਖ ਰਿਹਾ ਹੈ।

ਕਥਨਾ ਕਥੀ ਨ ਆਵੈ ਤੋਟਿ ॥(ਬੇਅੰਤ ਲੋਕਾਂ ਨੇ ਉਸ ਪ੍ਰਭੂ ਦੇ ਗੁਣਾਂ ਦੀ) ਵਿਆਖਿਆ ਕਥਨ ਕੀਤੀਹੈ (ਪ੍ਰਭੂ ਦਾ ਵਖਿਆਨ ਵਰਨਣ ਕਰਦਿਆਂ) ਤੋਟ ਨਹੀ ਆਉਂਦੀ (ਕਿਉਂਕਿ ਉਹ ਬੇਅੰਤ ਹੈ ਅਤੇ ਉਸਦੀ ਕਥਾ ਵੀ ਬੇਅੰਤ ਹੈ) {ਕਿਆ ਹਉ ਕਥੀ ਕਥੇ ਕਥਿ ਦੇਖਾ, ਮੈ ਅਕਥੁ ਨ ਕਥਨਾ ਜਾਈ ੭੯੫}।

ਕਥਿ ਕਥਿ ਕਥੀ, ਕੋਟੀ ਕੋਟਿ ਕੋਟਿ ॥ ਭਾਵੇਂ ਕ੍ਰੋੜਾਂ ਹੀ (ਕਥਾ ਕਰਨ ਵਾਲਿਆਂਨੇ ਉਸਦੀ)ਕਥਾ ਕਥ ਕਥ (ਆਖ ਆਖ) ਕੇ ਕ੍ਰੋੜਾਂ ਵਾਰੀ ਕਥਨ ਕੀਤੀ ਹੈ (ਕ੍ਰੋੜਾਂ ਕਥਾਕਾਰਾਂ ਨੇ ਪ੍ਰਭੂ ਵਾਰੇ ਕ੍ਰੋੜਾਂ ਵਾਰੀ ਕ੍ਰੋੜਾਂ ਹੀ ਵਖਿਆਨ ਕੀਤੇ, ਪਰ ਉਸ ਦੀ ਕਥਾ ਦਾ ਅੰਤ ਨਹੀਂ ਆਉਂਦਾ)।ਅਕਥਾ ਹਰਿ ਅਕਥ ਕਥਾ, ਕਿਛੁ ਜਾਇ ਨ ਜਾਣੀ ਰਾਮ। (੪੫੩)

ਇਸ ਪਉੜੀ ਦੀਆਂ ਹੇਠ ਲਿਖੀਆਂ ਤੁਕਾਂ ਦੇ ਦੂਜੇ ਅਰਥ ਵੀ ਕੀਤੇ ਮਿਲਦੇ ਹਨ =

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥ ਕੋਈ (ਮਨੁੱਖ ਨਿਰੰਕਾਰ ਦੇ) ਬਲ ਨੂੰ ਗਾਉਂਦਾ ਹੈ, (ਜਿਸ) ਕਿਸੇ ਮਨੁੱਖ ਨੂੰ ਰੱਬ ਤੋਂ ਬਲ ਮਿਲਿਆ ਹੁੰਦਾ ਹੈ {ਇਸ ਕਾ ਬਲੁ ਨਾਹੀ ਇਸੁ ਹਾਥ।ਕਰਨ ਕਰਾਵਨ ਸਰਬ ਕੋ ਨਾਥ ੨੭੭}।

ਗਾਵੈ ਕੋ ਦਾਤਿ ਜਾਣੈ ਨੀਣਾਣੁ ॥ਕੋਈ ਉਸ ਦੇ ਦਾਤ (ਦੇਣ ਦੇ ਗੁਣਾਂ) ਨੂੰ ਗਾਉਂਦਾ ਹੈ (ਕਿ ਸਭ ਨੂੰ ਦੇਂਦਾ ਹੈ ਅਤੇ ਇਸ ਦਾਤ ਨੂੰ ਨਿਰੰਕਾਰ ਦੀ ਹੋਂਦ ਦਾ) ਚਿੰਨ੍ਹ ਸਮਝਦਾ ਹੈ ਭਾਵ ਉਹ ਕਿੰਨਾ ਕੁ ਵੱਡਾ ਦਾਤਾ ਹੈ, ਕਿੰਨੀਆਂ ਦਾਤਾਂ ਦੇਂਦਾ ਹੈ, ਕੌਣ ਦਸ ਸਕਦਾ? ਉਹ ਹੀ ਦਸ ਸਕਦਾ ਹੈ, ਜਿਹੜਾ ਉਸ ਨੂੰ ਪਰਗਟ ਜਾਣਦਾ ਹੈ।

ਗਾਵੈ ਕੋ ਗੁਣ ਵਡਿਆਈਆ ਚਾਰ ॥ਕੋਈ ਮਾਲਕ ਪ੍ਰਭੂ ਦੇ ਗੁਣ ਅਤੇ ਸੁੰਦਰ ਵਡਿਆਈਆਂ ਨੂੰ ਗਾਉਂਦਾ ਹੈ।

ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥ਕੋਈ (ਉਸ ਪ੍ਰਭੂ ਨੂੰ) ਵਿਦਿਆ ਦੇ ਬਲ ਨਾਲ ਗਾਉਂਦਾ ਹੈ, (ਜਿਸਦਾ) ਬਿਚਾਰ ਕਠਨ ਹੈ।

ਗਾਵੈ ਕੋ ਸਾਜਿ ਕਰੇ ਤਨੁ ਖੇਹ ॥ਕੋਈ (ਮਨੁੱਖ ਇਹ ਸਮਝ ਕੇ) ਗਾਉਂਦਾ ਹੈ (ਕਿ ਵਾਹਿਗੁਰੂ) ਸਰੀਰ ਨੂੰ ਰਚ ਕੇ ਫਿਰ ਮਿੱਟੀ (ਨਸ਼ਟ) ਕਰ ਦੇਂਦਾ ਹੈ।

ਗਾਵੈ ਕੋ ਜੀਅ ਲੈ ਫਿਰਿ ਦੇਹ ॥ਕੋਈ (ਮਨੁੱਖ ਇਹ ਜਾਣ ਕੇ) ਗਾਉਂਦਾ ਹੈ ਕਿ ਉਹ ਜਿੰਦ ਲੈ ਕੇ ਮੁੜ (ਨਵੇਂ ਸਰੀਰ ਵਿਚ ਜਿੰਦ) ਦੇ ਦੇਂਦਾ ਹੈ (ਭਾਵ ਮਾਰ ਕੇ ਫਿਰ ਦੂਜਾ ਜਨਮ ਦੇ ਦੇਂਦਾ ਹੈ)।

ਗਾਵੈ ਕੋ ਜਾਪੈ ਦਿਸੈ ਦੂਰਿ ॥ਕੋਈ ਮਨੁੱਖ ਉਸ ਪ੍ਰਭੂ ਨੂੰ ਗਾਉਂਦਾ ਹੈ ਕਿ ਉਹ ਦੂਰ ਦਿਸਦਾ ਪ੍ਰਤੀਤ ਹੁੰਦਾ ਹੈ।

ਗਾਵੈ ਕੋ ਵੇਖੈ ਹਾਦਰਾ ਹਦੂਰਿ ॥ਕੋਈ ਮਨੁੱਖ ਉਸ ਨੂੰ ਹਾਜਰ ਨਾਜਰ (ਪ੍ਰਤੱਖ) ਦੇਖ ਕੇ ਗਾਉਂਦਾ ਹੈ।

ਕਥਨਾ ਕਥੀ ਨ ਆਵੈ ਤੋਟਿ ॥ (ਇਸ ਤੁਕ ਦੇ ਅਰਥ ਉਪਰ ਵਾਲੇ ਹੀ ਹਨ)।

ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ਭੂਤ ਕਾਲ ਵਿਚ ਵੀ ਕ੍ਰੋੜਾਂ ਕਥਨ ਕਰ ਗਏ, ਵਰਤਮਾਨ ਕਾਲ ਵਿਚ ਵੀ ਕ੍ਰੋੜਾਂ ਹੀ ਕਥ ਰਹੇ ਹਨ ਅਤੇ ਭਵਿਖ ਵਿਚ ਵੀ ਕ੍ਰੋੜਾਂ ਕਥਨ ਕਰਨਗੇ (ਫਿਰ ਵੀ ਉਸਦੀ ਕਥਾ ਦਾ ਅੰਤ ਨਹੀਂ)।

ਦੇਦਾ ਦੇ ਲੈਦੇ ਥਕਿ ਪਾਹਿ ॥ ਦੇਣ ਵਾਲਾ (ਪ੍ਰਮਾਤਮਾ ਅਨੇਕਾਂ ਤਰ੍ਹਾਂ ਦੀਆਂ ਦਾਤਾਂ) ਦੇਈ ਜਾਂਦਾ ਹੈ, ਪਰ ਲੈਣ ਵਾਲੇ (ਜੀਵ ਉਸ ਤੋਂ) ਲੈਂਦੇ ਲੈਂਦੇ ਥਕ ਪੈਂਦੇ ਹਨ, (ਪਰ ਉਹ ਦੇਈ ਜਾ ਰਿਹਾ ਹੈ, ਫਿਰ ਵੀ ਲੈਣ ਵਾਲਿਆਂ ਦੀ ਤ੍ਰਿਪਤੀ ਨਹੀ ਹੁੰਦੀ, ਲੈਣ ਵਾਲੇ ਲੈਂਦੇ ਲੈਂਦੇ ਥੱਕ ਭਾਵ ਮਰ ਜਾਂਦੇ ਹਨ।ਪ੍ਰਭੂ ਦੀਆਂ ਦਾਤਾਂ ਅਮੁੱਕ ਹਨ)।

ਜੁਗਾ ਜੁਗੰਤਰਿ ਖਾਹੀ ਖਾਹਿ ॥ ਜੁਗਾਂ ਜੁਗਾਂ ਅੰਦਰ (ਹਰੇਕ ਜੁਗ ਵਿਚ) ਖਾਣ ਵਾਲੇ (ਜੀਵ ਉਸ ਪ੍ਰਭੂ ਦੇ ਦਿਤੇ ਪਦਾਰਥਾਂ ਨੂੰ) ਖਾਂਦੇ ਆ ਰਹੇ ਹਨ (ਜੁੱਗਾਂ ਜੁਗਾਂ ਵਿਚ ਕਈ ਜਨਮ ਧਾਰ ਕੇ ਖਾਂਦੇ ਰਹਿੰਦੇ ਹਨ)।

ਹੁਕਮੀ ਹੁਕਮੁ ਚਲਾਏ ਰਾਹੁ ॥ ਹੁਕਮੀ ਪ੍ਰਮਾਤਮਾ ਦਾ ਹੁਕਮ (ਸਭ ਦੇ ਜੀਵਨ ਦਾ ਪ੍ਰਬੰਧ) ਚਲਾ ਰਿਹਾ ਹੈ (ਰੱਬ ਦੇ ਹੁਕਮ ਨਾਲ ਹੀ ਜਨਮ ਮਰਣ ਸੁੱਖ ਦੁਖ ਲੈਣ ਦੇਣ ਆਦਿ ਦਾ ਪ੍ਰਬੰਧ ਚਲਦਾ ਹੈ)।

ਨਾਨਕ ਵਿਗਸੈ ਵੇਪਰਵਾਹੁ ॥੩॥ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਬੇਪ੍ਰਵਾਹ ਨਿਰੰਕਾਰ (ਅਪਣੀ ਰਚਨਾ ਨੂੰ ਦੇਖ ਕੇ) ਖੁਸ਼ ਹੁੰਦਾ (ਜਿਵੇਂ ਬੱਚੇ ਦੀ ਬਾਲ ਲੀਲ੍ਹਾ ਨੂੰ ਦੇਖ ਕੇ ਮਾਂ ਖੁਸ਼ ਹੁੰਦੀ ਹੈ, ਸਭ ਦੇ ਜੀਵਨ ਨੂੰ ਚਲਾਉਂਦਾ ਹੋਇਆ ਵੀ ਨਿਰਲੇਪ ਅਤੇ ਖੁਸ਼ ਰਹਿੰਦਾ ਹੈ, ਉਹ ਅੱਕਦਾ ਜਾਂ ਥੱਕਦਾ ਨਹੀਂ)।੩।

ਪਦਾਰਥ = ਗਾਵੈ-ਗਾਉਂਦਾ ਹੈ;ਵਖਿਆਨ (ਬਿਆਨ ਜਾਂ ਕਥਨ) ਕਰਦਾ ਹੈ।ਕੋ-ਕੌਣ; ਕੋਈ।ਤਾਣੁ-ਬਲ; ਸ਼ਕਤੀ।ਕਿਸੈ-ਜਿਸ ਕਿਸੇ (ਮਨੁੱਖ) ਨੂੰ।ਦਾਤਿ-(ਬਖਸ਼ੇ ਪਦਾਰਥਾਂ ਦੀ) ਦਾਤ।ਨੀਸਾਣੁ-(ਦਾਤਾਂ ਦਾ) ਚਿੰਨ੍ਹ; ਲੱਛਣ; ਪ੍ਰਗਟ; ਪਰਤਾਪ; ਝੰਡਾ (ਝੰਡੇ ਤੋਂ ਝੰਡੇ ਵਾਲੇ ਦੀ ਪਛਾਣ ਹੁੰਦੀ ਹੈ)।ਚਾਰ-ਸੁੰਦਰ।ਵਿਖਮੁ-ਕਠਨ;ਔਖਾ।ਸਾਜਿ-ਰਚ ਕੇ।ਕਰੇ ਖੇਹ-ਮਿੱਟੀ (ਸੁਆਹ; ਨਾਸ਼) ਕਰ ਦਿੰਦਾ ਹੈ।ਜੀਅ ਲੈ-ਜਿੰਦ (ਪ੍ਰਾਣ) ਲੈ ਕੇ।ਫਿਰਿ-ਦੁਬਾਰਾ ਮੁੜ।ਦੇਹ-ਦਿੰਦਾ ਹੈ।ਜਾਪੈ-ਪ੍ਰਤੀਤ ਹੁੰਦਾ ਹੈ; ਜਾਣਿਆ ਜਾਂਦਾ ਹੈ। ਦਿਸੈ-ਦਿਸਦਾ ਹੈ।ਹਾਦਰਾ ਹਦੂਰਿ-ਹਾਜਰ ਨਾਜਰ; ਪ੍ਰਤੱਖ।ਕਥਨਾ-ਕਥਾ (ਵਿਆਖਿਆ)।ਕਥੀ-ਆਖੀ (ਵਰਨਣ ਕੀਤੀ)।ਤੋਟਿ -ਘਾਟਾ।ਕਥਿ ਕਥਿ-ਕਥ ਕਥ (ਕਹਿ ਕਹਿ) ਕੇ।ਕਥੀ-ਕਥਨ ਕੀਤੀ।ਕੋਟੀ-ਕ੍ਰੋੜਾਂ (ਕਥਾਕਾਰਾਂ) ਨੇ।ਕੋਟਿ ਕੋਟਿ-ਕ੍ਰੋੜਾਂ ਵਾਰ।ਦੇਦਾ-ਦੇਣ ਵਾਲਾ (ਦਾਤਾ ਪ੍ਰਮਾਤਮਾ)।ਦੇ-ਦੇਂਦਾ ਹੈ।ਲੈਦੇ-ਲੈਣ ਵਾਲੇ (ਜੀਵ)।ਥਕਿ ਪਾਹਿ-ਥੱਕ (ਮਰ; ਮੁੱਕ) ਜਾਂਦੇ ਹਨ।ਜੁਗਾ ਜੁਗੰਤਰਿ-ਅਨੇਕਾਂ ਜੁਗਾਂ ਵਿਚ; ਸਦਾ ਤੋਂ ਹੀ (ਕਈ ਜਨਮਾਂ ਤੋਂ)।ਖਾਹੀ-ਖਾਣ ਵਾਲੇ।ਖਾਹਿ-ਖਾਂਦੇ ਹਨ।ਹੁਕਮੀ-ਹੁਕਮ ਦਾ ਮਾਲਕ ਨਿਰੰਕਾਰ।ਰਾਹੁ-ਰਸਤਾ; ਪ੍ਰਬੰਧ; ਕੰਮ ਕਾਜ।ਵਿਗਸੈ-ਖੁਸ਼ ਹੁੰਦਾ ਹੈ।ਵੇਪਰਵਾਹੁ-ਅਲੇਪ; ਨਿਸਚਿੰਤ; ਬੇਮੁਹਤਾਜ।੩।

ਵਿਆਖਿਆ = ਸੰਸਾਰ ਦਾ ਸਾਰਾ ਪ੍ਰਬੰਧ ਪ੍ਰਮਾਤਮਾ ਦੇ ਹੁਕਮ ਰਾਹੀਂ ਅਪਣੇ ਆਪ ਚਲ ਰਿਹਾ ਹੈ।ਹੁਕਮ ਵਾਲੇ ਨਿਰੰਕਾਰ ਦਾ ਜਸ ਉਸਦੇ ਕਿਸੇ ਕਿਸੇ ਗੁਣਾਂ ਰਾਹੀਂ ਹੋ ਰਿਹਾ ਹੈ, ਪਰ ਇਹ ਜਸ ਕਿਸੇ ਗੁਣ ਨੂੰ ਲੈ ਕੇ ਜਸ ਕਰਨ ਵਾਲਿਆਂ ਦੀ ਬੁਧੀ ਦੀ ਸੀਮਾ ਵਿਚ ਹੋ ਰਿਹਾ ਹੈ।ਹਰੇਕ ਮਨੁੱਖ ਵਿਚ ਉਸਦੇ ਪਿਛਲੇ ਜਨਮਾਂ ਦੇ ਕੀਤੇ ਕਰਮਾਂ ਤੋਂ ਬਣੇ ਸੁਭਾਵ ਦੇ ਕਾਰਣ ਕੋਈ ਨਾ ਕੋਈ ਰੁਚੀ ਪ੍ਰਧਾਨ ਹੋ ਜਾਂਦੀ ਹੈ।ਕਿਸੇ ਵਿਚ ਅਪਣਾ ਬਲ ਦਿਖਾਉਣ ਦੀ, ਕਿਸੇ ਵਿਚ ਦਾਨ ਦੇਣ ਜਾਂ ਦਿਵਾਉਣ ਦੀ, ਕਿਸੇ ਵਿਚ ਵਿਦਿਆ ਜਾਂ ਤਰਕ ਦਲੀਲਾਂ ਆਦਿ ਦੀਆਂ ਕਈ ਤਰ੍ਹਾਂ ਦੀਆਂ ਰੁਚੀਆਂ ਭਾਰੂ ਹੋ ਜਾਂਦੀਆਂ ਹਨ।ਕਿਰਤ ਅਨੁਸਾਰ ਉਸਰੀ ਹੋਈ ਵਿਸ਼ੇਸ ਰੁਚੀ ਅਨੁਸਾਰ ਹੀ ਮਨੁੱਖ ਰੱਬ ਨੂੰ ਦੇਖਦਾ ਹੈ ਅਤੇ ਉਸਦੇ ਗੁਣ ਗਾਉਂਦਾ ਹੈ।ਗਾਉਣ ਦੀ ਥੋੜੀ ਬਹੁਤੀ ਰੁਚੀ ਕਰੀਬ ਕਰੀਬ ਹਰੇਕ ਮਨੁੱਖ ਵਿਚ ਹੁੰਦੀ ਹੈ।ਗਾਉਣਾ ਮਨ ਦੀ ਖੁਰਾਕ ਹੈ, ਜੋ ਮਨ ਨੂੰ ਖੁਸ਼ ਰਖਦੀ ਹੈ।ਕਿਸੇ ਵਿਚ ਤਾਣ ਦੀ ਰੁਚੀ ਹੈ, ਉਹ ਤਾਣ ਦੀ ਰੁਚੀ ਨੂੰ ਮੁਖ ਰਖਕੇ ਕਰਤਾਰ ਦੇ ਤਾਣ ਨੂੰ ਗਾਉਂਦਾ ਹੈ।ਕੋਈ ਦਾਨੀ ਹੈ, ਉਹ ਦਾਨ ਵਾਲੀ ਰੁਚੀ ਅਨੁਸਾਰ ਰੱਬ ਨੂੰ ਵੱਡਾ ਦਾਤਾਰ ਸਮਝ ਕੇ ਉਸਦੀ ਦਾਤਾਰਗੀ ਦੇ ਗੁਣ ਗਾਉਂਦਾ ਹੈ।ਵਿਦਵਾਨ ਆਪਣੀ ਵਿਦਿਆ ਦੀ ਰੁਚੀ ਅਨੁਸਾਰ ਰੱਬ ਨੂੰ ਗੰਭੀਰ ਦਾਰਸ਼ਨਿਕ ਵਿਚਾਰਾਂ ਰਾਹੀ ਗਾਉਂਦਾ ਹੈ।ਸੋ ਇਸੇ ਤਰ੍ਹਾਂ ਬੇਸ਼ੁਮਾਰ ਲੋਕ ਅਪਣੀ ਪ੍ਰਧਾਨ ਰੁਚੀ ਅਨੁਸਾਰ ਰੱਬ ਨੂੰ ਗਾਉਂਦੇ ਹਨ।ਗੁਣਾਂ ਦਾ ਪੂਰਨ ਗਾਇਨ ਅਤੇ ਉਸਦੇ ਸਰੂਪ ਦਾ ਸਾਰਾ ਵਰਨਣ ਕਿਸੇ ਤੋਂ ਨਹੀਂ ਹੋ ਸਕਦਾ {ਏਕ ਜੀਹ ਗੁਣ ਕਵਨ ਬਖਾਨੈ।ਸਹਸ ਫਨੀ ਸੇਖ ਅੰਤੁ ਨ ਜਾਨੈ ੧੦੮੩}।ਕ੍ਰੋੜਾਂ ਹੀ ਲੋਕ ਕਿਤਨਾ ਹੀ ਜਸ ਕਹੀ ਜਾਣ, ਫਿਰ ਵੀ ਹੋਰ ਬਹੁਤਾ ਕਹਿਣ ਨੂੰ ਬਾਕੀ ਰਹਿ ਜਾਂਦਾ ਹੈ {ਏਤੇ ਕੀਤੇ ਹੋਰ ਕਰੇਹਿ।ਤਾ ਆਖਿ ਨ ਸਕਹਿ ਕੇਈ ਕੇਇ (ਜਪੁ ਜੀ)}।ਪ੍ਰਮਾਤਮਾ ਅਤੇ ਉਸਦੇ ਹੁਕਮ ਬਾਰੇ ਕਥਨ ਦਾ ਅੰਤ ਨਹੀ ਆਉਂਦਾ।ਰੱਬ ਦੇ ਗੁਣ ਅਪਣੀ ਕਲਿਆਣ ਲਈ ਗਾਉਣੇ ਤਾਂ ਜਰੂਰ ਹਨ, ਪਰ ਉਸਦਾ ਅੰਤ ਲੈਣ ਨਹੀਂ।ਜੇ ਕੋਈ ਖੂਹ ਦਾ ਪਾਣੀ ਮਿਣਨਾ ਚਾਹੇ ਤਾਂ ਪਿਆਸਾ ਹੀ ਮਰੇਗਾ।ਖੂਹ ਕਿੰਨਾ ਡੂੰਘਾ ਹੈ, ਉਸ ਵਿਚ ਕਿੰਨਾ ਪਾਣੀ ਹੈ? ਇਹ ਜਾਨਣ ਦੀ ਜਰੂਰਤ ਨਹੀਂ ਹੁੰਦੀ, ਲੋੜ ਤਾਂ ਹੈ ਪਿਆਸ ਬੁਝਾਉਣ ਦੀ।ਕਥਨਹਾਰੇ ਕਥ ਕਥ ਕੇ ਥਕ ਗਏ ਪਰ ਅੰਤ ਕੋਈ ਨਹੀ ਪਾ ਸਕਿਆ =

ਕਥਨੀ ਕਹਿ ਭਰਮੁ ਨ ਜਾਈ।ਸਭ ਕਥਿ ਕਥਿ ਰਹੀ ਲੋਕਾਈ।(੬੫੫)।

ਬਹੁਤੇ ਲੋਕ ਅਪਣੀਆਂ ਲੋੜਾਂ ਪੂਰੀਆਂ ਕਰਨ ਲਈ ਗਾਉਂਦੇ ਹਨ।ਵਿਸ਼ਵਾਸ ਨਹੀ ਕਿ ਉਹ ਤਾਂ ਪਿਛਲੇ ਕਈ ਜਨਮਾਂ ਤੋਂ ਦੇ ਰਿਹਾ ਹੈ।ਫਿਰ ਵੀ ਉਸਦੀਆਂ ਦਾਤਾਂ ਮੁਕਦੀਆਂ ਨਹੀਂ।ਪ੍ਰਮਾਤਮਾ ਦੇ ਹੁਕਮ ਅਨੁਸਾਰ ਸੰਸਾਰ ਦਾ ਪ੍ਰਬੰਧ ਅਪਣੇ ਆਪ ਚਲੀ ਜਾ ਰਿਹਾ ਹੈ ਅਤੇ ਆਪ ਉਹ {ਬੈਠਾ ਵੇਖੈ ਵਖਿ ਇਕੇਲਾ ੭੨੩} ਨਿਸਚਿੰਤ ਹੋ ਕੇ ਖੁਸ਼ ਰਹਿੰਦਾ ਹੈ।ਲੋਕ ਹੰਕਾਰ ਕਰਦੇ ਹਨ ਕਿ ਮੈ ਅਮਕਾ ਕੰਮ ਵੱਡੀ ਬੁੱਧੀ ਨਾਲ ਕੀਤਾ ਹੈ, ਜੇ ਕੁਛ ਬਿਗੜ ਗਿਆ ਤਾਂ ਕਹਿੰਦੇ ਹਨ ਕਿ ਸਾਡੀ ਬੇ ਅਕਲੀ ਨਾਲ ਖਰਾਬ ਹੋਇਆ ਹੈ।ਇਸ ਤਰ੍ਹਾਂ ਦੇ ਹਾਣ ਲਾਭ ਨੂੰ ਅਪਣੇ ਵੱਲੋਂ ਹੋਇਆ ਮੰਨਦੇ ਹਨ।ਉਨ੍ਹਾਂ ਵੱਲ ਦੇਖ ਕੇ ਨਿਰੰਕਾਰ ਹਸਦਾ ਹੈ ਕਿ ਕਰਨ ਕਰਾਵਨਹਾਰ ਤਾਂ ਉਹ ਆਪ ਹੈ, ਮਨੁੱਖ ਕੋਣ ਹੈ? ਐਸੇ ਹੰਕਾਰ ਦੇ ਦੋਸ਼ ਦੇ ਕਾਰਣ ਵੀ ਨਿਰੰਕਾਰ ਉਨ੍ਹਾਂ ਮੂਰਖਾਂ ਨੂੰ ਦੇਂਦਾ ਹੈ, ਗਿਆਨ ਹੀਣ ਮੂਰਖਾਂ ਦੇ ਦੋਸ਼ਾਂ ਦੀ ਪ੍ਰਵਾਹ ਨਹੀਂ ਕਰਦਾ।

## ॥ ਚੌਥੀ ਪਉੜੀ ॥

ਨਿਰੰਕਾਰ ਦੀ ਪ੍ਰਾਪਤੀ ਕਿਸ ਤਰ੍ਹਾਂ ਹੁੰਦੀ ਹੈ? ਗੁਰੂ ਜੀ ਉਤਰ ਦੇਂਦੇ ਹਨ =

ਸਾਚਾ ਸਾਹਿਬੁ ਸਾਚੁ ਨਾਇ, ਭਾਖਿਆ ਭਾਉ ਅਪਾਰੁ ॥ ਮਾਲਕ (ਪ੍ਰਮਾਤਮਾ ਸਦਾ ਥਿਰ ਰਹਿਣ ਵਾਲਾ) ਸੱਚਾ ਹੈ ਅਤੇ ਉਸਦਾ ਨਾਮ ਵੀ ਸਚਾ ਹੈ {ਸੋ ਕਿਉ ਵਿਸਰੈ ਮੇਰੀ ਮਾਇ।ਸਾਚਾ ਸਾਹਿਬ ਸਾਚੈ ਨਾਇ ੯}, ਉਹ ਬੇਅੰਤ ਹੈ ਅਤੇ (ਉਸ ਨੂੰ ਪ੍ਰਾਪਤ ਕਰਨ ਵਾਲੀ) ਬੋਲੀ ਪ੍ਰੇਮ ਹੈ (ਉਹ ਮਿੱਠ ਬੋਲੜਾ ਸੱਜਣ ਹੈ ਤੇ ਪਿਆਰ ਦੀ ਬੋਲੀ ਨਾਲ ਖੁਸ਼ ਹੁੰਦਾ ਹੈ)।

ਆਖਹਿ ਮੰਗਹਿ ਦੇਹਿ ਦੇਹਿ, ਦਾਤਿ ਕਰੇ ਦਾਤਾਰੁ ॥ (ਉਸ ਮਾਲਕ ਦਾ ਨਾਮ ਸਾਰੇ) ਆਖਦੇ ਹਨ, (ਅਪਣੀ ਮੰਗ ਅਨੁਸਾਰ ਉਸਤੋਂ ਦਾਤਾਂ) ਮੰਗਦੇ ਹਨ, (ਅਤੇ ਅਰਦਾਸਾਂ ਕਰਦੇ ਹਨ ਕਿ ਸਾਨੂੰ ਆਹ ਚੀਜ) ਦੇਹ, ਔਹ ਦੇਹ, (ਫਿਰ ਉਹ) ਦਾਤਾਰ ਪ੍ਰਭੂ (ਸਭ ਦੀ ਬੇਨਤੀ ਸੁਣ ਕੇ ਯਥਾ ਯੋਗ) ਦਾਤਾਂ ਦੀ ਬਖਸ਼ਿਸ ਕਰਦਾ ਹੈ।(ਅਗਲੀਆਂ ਦੋ ਤੁਕਾਂ ਪ੍ਰਸ਼ਨ ਵਾਚੀ ਹਨ)।

ਫੇਰਿ ਕਿ ਅਗੈ ਰਖੀਐ, ਜਿਤੁ ਦਿਸੈ ਦਰਬਾਰੁ ॥ (ਸਾਰੀਆਂ ਦਾਤਾਂ ਨਿਰੰਕਾਰ ਦੀਆਂ ਦਿਤੀਆਂ ਹੋਈਆਂ ਹਨ, ਉਸਦੀਆਂ ਦਿਤੀਆਂ ਹੋਈਆਂ ਦਾਤਾਂ ਵਿਚੋਂ ਭੇਟਾ ਧਰਨੀ ਸੋਭਾ ਨਹੀਂ ਦਿੰਦਾ {ਤੇਰੋ ਕੀਆ ਤੁਝੈ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ ੬੯੪}, ਤਾਂ) ਫਿਰ ਉਸ ਅੱਗੇ ਕੀ ਭੇਟਾ ਰਖੀਏ?ਜਿਸ ਨਾਲ (ਨਿਰੰਕਾਰ ਦਾ) ਦਰਬਾਰ ਦਿਸ ਪਵੇ।

ਮੁਹੌ ਕਿ ਬੋਲਣੁ ਬੋਲੀਐ, ਜਿਤੁ ਸੁਣਿ ਧਰੇ ਪਿਆਰੁ ॥ (ਉਸਦੇ ਦਰਸ਼ਨ ਹੋਣ ਤੇ) ਮੂੰਹ ਤੋਂ ਕਿਹੜਾ ਬਚਨ ਬੋਲਿਆ ਜਾਵੇ, ਜਿਸ ਨੂੰ ਸੁਣ ਕੇ (ਉਹ ਮੈਨੂੰ ਅਪਣਾ ਜਾਣ ਕੇ) ਪਿਆਰ ਕਰਨ ਲਗ ਜਾਵੇ।(ਅਗਲੀ ਤੁਕ ਵਿਚ ਉਪਰੋਕਤ ਪ੍ਰਸ਼ਨਾਂ ਦਾ ਉਤਰ ਹੈ)।

ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵੀਚਾਰੁ ॥ ਅੰਮ੍ਰਿਤ ਵੇਲੇ ਸੱਚਾ ਨਾਮ ਸਿਮਰੀਏ, (ਅਤੇ ਉਸ ਦੀਆਂ) ਵਡਿਆਈਆਂ ਦਾ ਵਿਚਾਰ ਕੀਤਾ ਜਾਵੇ {ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੋ ਭਲਕੇ ਉਠਿ ਹਰਿ ਨਾਮੁ ਧਿਆਵੈ ੩੦੫} (ਨਿਰੰਕਾਰ ਅੱਗੇ ਅੰਮ੍ਰਿਤ ਵੇਲੇ 'ਨਾਮ ਸਿਮਰਨ ਅਤੇ ਵਡਿਆਈਆਂ ਦੀ ਵੀਚਾਰ' ਰੂਪ ਭੇਟਾ ਰਖੀਏ ਤਾਂ ਖੁਸ਼ ਹੋ ਕੇ ਦਰਸ਼ਨ ਦੇਵੇਗਾ)।

ਕਰਮੀ ਆਵੈ ਕਪੜਾ, ਨਦਰੀ ਮੋਖੁ ਦੁਆਰੁ ॥ (ਜੇ ਸ਼ੁੱਭ ਕਰਮਾਂ ਤੇ ਟੇਕ ਰੱਖੀ ਜਾਵੇ ਤਾਂ) ਸ਼ੁੱਭ ਕਰਮਾਂ ਕਰਕੇ ਤਾਂ ਸਰੀਰ ਰੂਪ ਕਪੜਾ ਮਿਲਦਾ ਹੈ (ਜਨਮ ਮਰਣ ਨਹੀਂ ਮੁਕਦਾ), ਪਰ ਮੁਕਤੀ ਅਤੇ ਨਿਰੰਕਾਰ ਦਾ ਦਰ ਉਸਦੀ ਮੇਹਰ ਨਾਲ ਹੀ ਪ੍ਰਾਪਤ ਹੁੰਦੇ ਹਨ (ਦੁਆਰ ਦਾ ਅਰਥ ਹੈ ਦਰਵਾਜਾ।ਦਰਵਾਜੇ ਤੇ ਪੁਜਣ ਨਾਲ ਹੀ ਮੁਕਤੀ ਮਿਲਦੀ ਹੈ)।

ਨਾਨਕ ਏਵੈ ਜਾਣੀਐ, ਸਭੁ ਆਪੇ ਸਚਿਆਰੁ ॥੪॥ ਗੁਰੂ ਨਾਨਕ ਦੇਵ ਜੀ ਆਖਦੇ ਹਨ (ਕਿ ਅੰਮ੍ਰਿਤ ਵੇਲੇ ਨਾਮ ਸਿਮਰਨ ਅਤੇ ਵਡਿਆਈਆਂ ਦੀ ਵਿਚਾਰ ਦੁਆਰਾ ਜਦ ਅਕਾਲ ਪੁਰਖ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ ਤਾਂ) ਇਉਂ ਜਾਣ ਲਈਦਾ (ਗਿਆਨ ਹੋ ਜਾਂਦਾ) ਹੈ ਕਿ ਸੱਤ ਸਰੂਪ ਵਾਹਿਗੁਰੂ ਆਪੇ ਆਪ ਹੀ ਸਭ ਕੁਝ ਹੈ।

'ਭਾਖਿਆ ਭਾਉ ਅਪਾਰੁ'ਦੇ ਕੁਝ ਹੋਰ ਵੀ ਅਰਥ ਕੀਤੇ ਮਿਲਦੇ ਹਨ = ੧. ਬਿਅੰਤ ਪ੍ਰੇਮ ਨਾਲ (ਭਗਤ ਜਨ ਉਸ ਪ੍ਰਭੂ ਦਾ ਨਾਮ) ਜਪਦੇ ਹਨ {ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ (ਪਾ.੧੦)}।

੨. (ਜਿਨ੍ਹਾਂ ਭਗਤਾਂ ਨੇ) ਬੇਅੰਤ ਪ੍ਰਮਾਤਮਾ ਨੂੰ ਪਿਆਰ ਨਾਲ ਉਚਾਰਨ ਕੀਤਾ ਹੈ (ਉਨ੍ਹਾਂ ਨੇ ਪ੍ਰਾਪਤ ਕਰ ਲਿਆ ਹੈ)।

੩. ਬਿਅੰਤ ਭਾਵ ਵਾਲੇ (ਲੋਕਾਂ ਨੇ ਉਸ ਨੂੰ ਬਿਅੰਤ ਨਾਵਾਂ ਨਾਲ) ਉਚਾਰਿਆ ਹੈ (ਦੁਨੀਆਂ ਦੇ ਲੋਕਾਂ ਦੀਆਂ ਬੋਲੀਆਂ ਬਹੁਤ ਹਨ, ਅਣਗਿਣਤ ਬੋਲੀ ਵਾਲੇ ਲੋਕ ਨਿਰੰਕਾਰ ਨੂੰ ਅਣਗਿਣਤ ਨਾਵਾਂ ਨਾਲ ਜਪਦੇ ਹਨ)।

੪. ਜਿਨ ਲੋਗੋਂ ਨੇ ਉਸ ਈਸ਼ਵਰ ਕੇ ਨਾਮ ਕੋ ਕਹਾ ਹੈ, ਉਨਹੇਂ ਅਪਾਰ = ਪਾਰਬ੍ਰਹਮ ਕਾ ਭਾਉ = ਗਿਆਨ ਪ੍ਰਾਪਤ ਹੁਆ ਹੈ (ਮੁਨੀ ਅਰਜਨ ਸਿੰਘ ਨਿਰਮਲੇ, ਕਨਖਲ ਹਰਦੁਆਰ)।

ਪਸੁ ਪੰਖੀ ਮ੍ਰਿਗਾਵਲੀ, ਭਾਖਿਆ ਭਾਉ ਆਲਾਏ ਸੁਣਾਏ। (ਭਾ. ਗੁ. ਵਾਰ ੧੭-੬)

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ਮਨੁੱਖਾ ਜਨਮ ਵੀ ਰੱਬ ਦੀ ਪ੍ਰਾਪਤੀ ਦਾ ਅੰਮ੍ਰਿਤ ਵੇਲਾ ਹੈ, ਜੋ ਸਤਿਨਾਮ ਦਾ ਸਿਮਰਨ ਤੇ ਵਡਿਆਈਆਂ ਦੀ ਵਿਚਾਰ ਕਰਨ ਵਾਸਤੇ ਮਿਲਿਆ ਹੈ (ਕਿਉਂਕਿ ਮਨੁੱਖਾ ਜਨਮ ਵਿਚ ਹੀ ਸਿਮਰਨ ਅਤੇ ਵੀਚਾਰ ਕਰਨ ਦੀ ਸੂਝ ਬੂਝ ਹੁੰਦੀ ਹੈ)।

ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥ ਇਉਂ ਜਾਣਨਾ ਚਾਹੀਦਾ ਹੈ (ਕਿ ਸੰਸਾਰ ਵਿਚ ਜੋ ਦਿਸਦਾ ਹੈ, ਉਹ) ਸਭ ਕੁਝ ਪ੍ਰਭੂ ਆਪ ਹੀ (ਮੂਰਤੀਮਾਨ ਹੋ ਕੇ) ਦਿਖਾਈ ਦੇ ਰਿਹਾ ਹੈ।੪।

ਇਹੁ ਵਿਸੁ ਸੰਸਾਰੁ ਤੁਮ ਦੇਖਦੇ, ਇਹੁ ਹਰਿ ਕਾ ਰੂਪੁ ਹੈ, ਹਰਿ ਰੂਪੁ ਨਦਰੀ ਆਇਆ। (੯੨੨)

ਪਦਾਰਥ = ਸਾਚਾ-ਸਦਾ ਥਿਰ ਰਹਿਣ ਵਾਲਾ।ਸਾਹਿਬ-ਮਾਲਕ (ਨਿਰੰਕਾਰ)।ਸਾਚੁ ਨਾਇ-ਸੱਚਾ (ਸਦਾ ਥਿਰ ਰਹਿਣ ਵਾਲਾ) ਨਾਮ।ਭਾਖਿਆ-ਆਖਿਆ;ਬੋਲੀ;ਭਾਸ਼ਾ।ਭਾਉ-ਪ੍ਰੇਮ;ਅਰਥ ਭਾਵ;ਗਿਆਨ।ਅਪਾਰੁ-ਬਿਅੰਤ;ਪ੍ਰਮਾਤਮਾ।ਆਖਹਿ-ਆਖਦੇ(ਜਪਦੇ)ਹਨ।ਮੰਗਹਿ-ਮੰਗਦੇ ਹਨ।ਦੇਹਿ ਦੇਹਿ-(ਸਾਨੂੰ ਦਾਤਾਂ)ਦੇਹ ਦੇਹ।ਫੇਰਿ-ਫਿਰ; ਮੁੜ; ਭੇਟਾ।ਕਿ-ਕਿਹੜੀ।ਅਗੈ-

ਅੱਗੇ; ਮੂਹਰੇ।ਜਿਤੁ–ਜਿਸ ਨਾਲ।ਦਿਸੈ–ਦਿਸ ਪਵੇ।ਦਰਬਾਰੁ–ਨਿਰੰਕਾਰ ਦਾ ਦਰਬਾਰ।ਮੁਹੌ–ਮੂੰਹ ਤੋਂ।ਬੋਲਣੁ–ਬੋਲ; ਬਚਨ।ਧਰੇ–ਧਾਰਣ ਕਰੇ।ਅੰਮ੍ਰਿਤ ਵੇਲਾ–ਰਾਤ ਦਾ ਅਖੀਰਲਾ ਪਹਿਰ (ਸੂਰਜ ਚੜ੍ਹਨ ਤੋਂ ਪਹਿਲਾਂ ਦਾ ਸਮਾਂ); ਮਨੁੱਖਾ ਜਨਮ।ਵਡਿਆਈ ਵੀਚਾਰੁ–ਵਡਿਆਈਆਂ ਦੀ ਵਿਚਾਰ (ਹਰਿ ਜਸ; ਕੀਰਤਨ; ਗੁਰਬਾਣੀ ਦਾ ਪਾਠ ਅਤੇ ਬਿਚਾਰ)।ਕਰਮੀ–(ਪੁੰਨ) ਕਰਮਾਂ ਕਰਕੇ; ਚੰਗੇ ਭਾਗਾਂ ਨਾਲ; ਰੱਬ ਦੀ ਮੇਹਰ ਨਾਲ।ਆਵੈ–ਆਉਂਦਾ ਭਾਵ ਮਿਲਦਾ ਹੈ।ਕਪੜਾ–ਸਰੀਰ ਰੂਪ ਕਪੜਾ {ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ੪੭੦}।ਨਦਰੀ–ਮੇਹਰ ਦੀ ਨਜਰ ਨਾਲ।ਮੋਖੁਦੁਆਰੁ–ਮੁਕਤੀ ਅਤੇ ਪ੍ਰਮਾਤਮਾ ਦਾ ਦਰ।ਏਵੈ–ਇਉਂ; ਇਸ ਪ੍ਰਕਾਰ।ਸਚਿਆਰੁ–ਸੱਤ ਸਰੂਪ ਪ੍ਰਮਾਤਮਾ।

ਵਿਆਖਿਆ = ਇਸ ਪਉੜੀ ਵਿਚ ਪ੍ਰਮਾਤਮਾ ਦੀ ਪ੍ਰਾਪਤੀ ਦਾ ਢੰਗ ਦਸਿਆ ਹੈ।ਧਰਮ ਵਿਚ ਵਿਸ਼ਵਾਸ ਰਖਣ ਵਾਲੇ ਲੋਕ ਰੱਬ ਤੋਂ ਅਨੇਕਾਂ ਤਰ੍ਹਾਂ ਦੀਆਂ ਦਾਤਾਂ ਮੰਗਦੇ ਹਨ ਅਤੇ ਰੱਬ ਸਭ ਨੂੰ ਉਨ੍ਹਾਂ ਦੇ ਕੀਤੇ ਕਰਮਾਂ ਅਨੁਸਾਰ ਜਥਾ ਯੋਗ ਦਾਤਾਂ ਦਿੰਦਾ ਹੈ।ਮਨੁੱਖ ਕੋਲ ਜੋ ਵੀ ਹੈ, ਉਹ ਮਨੁੱਖ ਦਾ ਅਪਨਾ ਕੁਝ ਵੀ ਨਹੀ, ਸਭ ਕੁਛ ਰੱਬ ਦਾ ਦਿਤਾ ਹੋਇਆ ਹੈ = ਸਰਬੇ ਜਾਚਿਕ ਤੂੰ ਪ੍ਰਭੁ ਦਾਤਾ, ਦਾਤਿ ਕਰੇ ਅਪੁਨੈ ਬੀਚਾਰ।ਕੋਟਿ ਤੇਤੀਸ ਜਾਚਹਿ ਪ੍ਰਭ ਨਾਇਕ, ਦੇਦੇ ਤੋਟਿ ਨਾਹੀ ਭੰਡਾਰ (੫੦੪)।

ਸਾਡੇ ਕੋਲ ਅਪਣਾ ਹੈ ਕੀ ? ਜੋ ਰੱਬ ਅਗੇ ਭੇਟ ਕਰੀਏ {ਕਿਆ ਦੇਵਉ ਜਾ ਸਭੁ ਕਿਛੁ ਤੇਰਾ ੮੯੭} ਅਤੇ ਕਿਸ ਤਰ੍ਹਾਂ ਦੇ ਬਚਨ ਉਚਾਰੀਏ ਤਾਂ ਕਿ ਰੱਬ ਦੇ ਦੀਦਾਰ ਹੋ ਜਾਣ ਅਤੇ ਉਹ ਸਾਨੂੰ ਪਿਆਰ ਕਰੇ? ਗੁਰੂ ਜੀ ਉਤਰ ਦਿੰਦੇ ਹਨ ਕਿ ਅੰਮ੍ਰਿਤ ਵੇਲੇ ਉਠ ਕੇ ਨਾਮ ਸਿਮਰਣ ਰੱਬ ਅੱਗੇ ਭੇਟਾ ਰਖਣੀ ਹੈ ਅਤੇ ਉਸਦੇ ਗੁਣਾਂ ਦੀ ਵਿਚਾਰ ਦੇ ਬੋਲ ਬੋਲਣੇ ਹਨ।ਮਨੁੱਖੀ ਮਨ ਵਿਚ ਹਉਮੈ ਬਹੁਤ ਹੈ, ਮਨ ਵਿਚ ਨਾਮ ਵਸਾਉਣ ਲਈ ਹਉਮੈ ਦਾ ਤਿਆਗ ਜਰੂਰੀ ਹੈ।ਹਉਮੈ ਤੇ ਨਾਮ ਇਕੱਠੇ ਮਨ ਵਿਚ ਨਹੀ ਰਹਿ ਸਕਦੇ {ਹਉਮੈ ਨਾਵੈ ਨਾਲਿ ਵਿਰੋਧੁ ਹੈ, ਦੁਇ ਨ ਵਸੈ ਇਕ ਠਾਇ ੫੬੦}।ਹਉਮੈ ਦੇ ਵਸ ਹੋ ਕੇ ਮਨੁੱਖ ਅਪਣੀ ਵਖਰੀ ਸ਼ਖਸੀਅਤ ਬਣਾ ਲੈਂਦਾ ਹੈ ਅਤੇ ਫਿਰ ਹਉਮੈ ਤੋਂ ਉਪਜੀ ਮਮਤਾ ਵਸ ਹੋ ਕੇ ਦੂਜਿਆਂ ਦੀਆਂ ਮਲਕੀਅਤਾਂ ਨੂੰ ਵੀ ਅਪਣੀ ਸਮਝਣ ਲਗ ਜਾਂਦਾ ਹੈ।ਅਪਣੇ ਆਪ ਨੂੰ ਉਤਮ ਅਤੇ ਵੱਡਾ ਜਾਣ ਕੇ ਦੂਜਿਆ ਨੂੰ ਨੀਵਾਂ ਜਾਣਦਾ ਹੈ।ਹਉਮੈ ਮਮਤਾ ਕਰਕੇ ਮਨੁੱਖ ਰੱਬ ਤੋਂ ਆਕੀ ਹੋ ਜਾਂਦਾ ਹੈ ਅਤੇ ਵਿਦਰੋਹੀ ਕਰਮ ਕਰਨ ਲਗਦਾ ਹੈ, ਇਹ ਅਯੋਗ ਕਰਮ ਮਨੁੱਖ ਨੂੰ ਰੱਬ ਤੋਂ ਵਿਛੋੜ ਕੇ ਜਨਮ ਮਰਣ ਦੇ ਚੱਕਰ ਵਿਚ ਪਾਈ ਰਖਦੇ ਹਨ।ਗੁਰੂ ਦੀ ਸਿਖਿਆ ਤੋਂ ਬਿਨਾ ਇਸ ਜਿਲ੍ਹਣ ਵਿਚੋਂ ਨਿਕਲਨਾ ਮਨੁੱਖ ਲਈ ਬੜਾ ਕਠਨ ਹੈ।ਗੁਰੂ ਦੀ ਸ਼ਰਣ ਵਿਚ ਆਪਾ ਸਪਰਪਣ ਕਰਨ ਨਾਲ ਹਉਮੈ ਨਿਕਲੇਗੀ, ਨਾਮ ਮਨ ਵਿਚ ਵਸੇਗਾ।ਰੱਬ ਸਾਡੇ ਅੰਦਰ ਹੀ ਵਸਦਾ ਹੈ, ਮਨੁੱਖ ਅਤੇ ਰੱਬ ਵਿਚਾਲੇ ਹਉਮੈ ਦਾ ਪੜਦਾ ਹੈ {ਧਨ ਪਿਰ ਕਾ ਇਕ ਹੀ ਸੰਗਿ ਵਾਸਾ, ਵਿਚਿ ਹਉਮੈ ਭੀਤ ਕਰਾਰੀ।ਗੁਰ ਪੂਰੈ ਹਉਮੈ ਭੀਤਿ ਤੋਰੀ, ਜਨ ਨਾਨਕ ਮਿਲੇ ਬਨਵਾਰੀ ੧੨੬੩} ।ਹਉਮੈ ਦਾ ਪੜਦਾ ਦੂਰ ਹੋਣ ਨਾਲ ਰੱਬ ਦੇ ਸਾਨੂੰ ਅੰਦਰੋਂ ਹੀ ਦਰਸ਼ਨ ਹੋ ਜਾਣਗੇ ਅਤੇ ਉਸਦਾ ਪਿਆਰ ਮਿਲੇਗਾ।ਪਿਆਰ ਪਾਉਣ ਦਾ ਭਾਵ ਹੈ ਸਾਂਝ ਪੈਦਾ ਕਰਨੀ, ਅਪਨਾਉਣਾ, ਹਮ ਖਿਆਲ ਹੋਣਾ।ਪਿਆਰ ਤਾਂ ਹੀ ਕਾਮਯਾਬ ਹੁੰਦਾ ਹੈ ਜੇ ਦੋਵੇਂ ਧਿਰਾਂ ਇਕ ਖਿਆਲ ਦੇ ਹੋਣ, ਦੋਹਾਂ ਦੇ ਵਿਚਾਰਾਂ ਵਿਚ ਕੋਈ ਫਰਕ ਨਾ ਹੋਵੇ।ਰੱਬ ਗੁਣਾਂ ਦਾ ਖਜਾਨਾ ਹੈ ਅਤੇ ਪੂਰਨ ਹੈ, ਪਰ ਮਨੁੱਖ ਅਉਗਣਿਆਰਾ ਅਤੇ ਅਧੂਰਾ ਹੈ।ਰੱਬ ਦੇ ਗੁਣ ਅਪਨਾ ਕੇ ਅਸੀਂ ਅਪਣੇ ਵਿਚੋਂ ਅਉਗੁਣ ਕਢਣੇ ਹਨ।ਉਸਦੀ ਬਿਅੰਤਤਾ ਦਾ ਵਿਚਾਰ ਸਾਡੀ ਹਉਮੈ ਦਾ ਅੰਤ ਕਰ ਦੇਵੇਗੀ।ਇਸ ਤਰ੍ਹਾਂ ਜਦ ਮਨੁੱਖ ਰੱਬ ਦੀ ਨੇੜਤਾ ਪ੍ਰਾਪਤ ਕਰੇਗਾ ਤਾਂ ਰੱਬ ਦੀ ਵਡੱਪਣ ਅਤੇ ਅਪਣੀ ਤੁੱਛਤਾ ਦਾ ਅਹਿਸਾਸ ਹੋਵੇਗਾ।

ਮਨੁੱਖ ਰੱਬ ਦੀ ਹੋਂਦ ਨੂੰ ਦਲੀਲ ਅਤੇ ਬੌਧਿਕ ਵਿਚਾਰਧਾਰਾ ਰਾਹੀਂ ਸਿੱਧ ਕਰਨਾ ਚਾਹੁੰਦਾ ਹੈ।ਦਲੀਲ ਅਤੇ ਬੌਧਿਕਤਾ ਕਿਤਾਬੀ ਗਿਆਨ ਹੈ, ਜੋ ਬੁਧੀ ਦੇ ਆਸਰੇ ਹੁੰਦਾ ਹੈ।ਤਰਕਸ਼ੀਲ ਅਤੇ ਅਲੋਚਕ ਬ੍ਰਹਮ ਗਿਆਨ ਦੀ ਸਾਰ ਨੂੰ ਨਹੀ ਜਾਣ ਸਕਦੇ।ਬੁਧੀ ਸੀਮਤ ਹੈ, ਰੱਬ ਅਸੀਮ ਹੈ, ਸੀਮਤ ਬੁਧੀ ਅਸੀਮ ਰੱਬ ਤਕ ਕਿਵੇਂ ਪੁੱਜ ਸਕਦੀ ਹੈ? ਦਲੀਲ ਦੂਜੇ ਦੀ ਗਲ ਨੂੰ ਕੱਟਣ ਲਈ ਇਕ ਵੱਟਾ ਹੈ, ਕੋਈ ਜਰੂਰੀ ਨਹੀ ਕਿ ਸਾਰੀਆਂ ਦਲੀਲਾਂ ਸਹੀ ਹੋਣ।ਅਦਾਲਤਾਂ ਵਿਚ ਵਕੀਲ ਬਹਿਸਾਂ ਕਰਨ ਵੇਲੇ ਦੂਜੇ ਵਕੀਲ ਦੀਆਂ ਦਲੀਲਾਂ ਨੂੰ ਕੱਟ ਕੇ ਸੱਚ ਨੂੰ ਝੂਠਾ ਸਾਬਤ ਕਰ ਦੇਂਦੇ ਹਨ।ਗੁਰਮੱਤ ਵਿਚ ਅਦ੍ਰਿਸਟ ਅਗੋਚਰ ਪ੍ਰਮਾਤਮਾ ਨੂੰ ਅਨੁਭਵੀ ਅੱਖਾਂ ਨਾਲ ਦੇਖਿਆ ਜਾ ਸਕਦਾ ਹੈ {ਨਾਨਕ ਸੇ ਅਖੜੀਆਂ ਬਿਅੰਨਿ, ਜਿਨੀ ਡਿਸੰਦੋ ਮਾ ਪਿਰੀ ੧੧੦੦}।ਪ੍ਰਮਾਤਮਾ ਦੇ ਦਰਸ਼ਨ ਇਨ੍ਹਾਂ ਚੰਮ ਦੀਆਂ ਅੱਖਾਂ ਨਾਲ ਨਹੀਂ ਹੋ ਸਕਦੇ, ਇਹ ਅੱਖਾਂ ਤਾਂ ਸੰਸਾਰ ਨੂੰ ਦੇਖਣ ਲਈ ਹਨ।ਅਨੁਭਵੀ ਗਿਆਨ ਮਨ ਨੂੰ ਹਉਮੈ ਦੀ ਕੈਦ ਵਿਚੋਂ ਕੱਢ ਕੇ ਵਿਸਮਾਦ ਵਿਚ ਲੈ ਆਉਂਦਾ ਹੈ {ਪਾਰਬ੍ਰਹਮੁ ਪ੍ਰਭੁ ਦ੍ਰਿਸਟੀ ਆਇਆ, ਪੂਰਨ ਅਗਮ ਬਿਸਮਾਦ ੩੦੦}।'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ' ਰਾਹੀਂ ਹੀ ਵਿਸਮਾਦੀ ਅਵਸਥਾ ਪ੍ਰਾਪਤ ਹੁੰਦੀ ਹੈ।ਇਸ ਅਵਸਥਾ ਤੇ ਪੁਜ ਕੇ ਸੀਮਤ ਬੁੱਧੀ ਦਾ ਤਰਕ ਵਿਤਰਕੀ ਅਤੇ ਮੰਤਕੀ ਗਿਆਨ ਮੁੱਕ ਜਾਂਦਾ ਹੈ।ਚੁੰਚ ਗਿਆਨ ਅਤੇ ਦੂਈ ਦੀ ਜਿਲ੍ਹਣ ਵਿਚੋਂ ਨਿਕਲ ਕੇ ਮਨੁੱਖ ਬਿਬੇਕ ਬੁੱਧ ਅਤੇ ਰੱਬੀ ਸੂਝ ਬੂਝ ਵਾਲਾ ਬਣ ਜਾਂਦਾ ਹੈ।

ਕਰਮ = ਮਨੁੱਖ ਜੋ ਵੀ ਚੰਗਾ ਮਾੜਾ ਕਰਮ ਕਰਦਾ ਹੈ ਉਸਦਾ ਨਿਸ਼ਾਨ ਮਨ ਤੇ ਪੈ ਜਾਂਦਾ ਹੈ ਜਿਵੇ ਰੇਤ ਉਤੇ ਤੁਰਨ ਵੇਲੇ ਪੈਰਾਂ ਦੇ

ਨਿਸ਼ਾਨ ਪੈ ਜਾਂਦੇ ਹਨ।ਇਕ ਹੋਰ ਮਿਸਾਲ ਹੈ, ਜਿਵੇਂ ਕੈਮਰੇ ਨਾਲ ਫੋਟੋਆਂ ਖਿੱਚਣ ਵੇਲੇ ਰੀਲ੍ਹ ਦੇ ਨੈਗੇਟਿਵਾਂ ਤੇ ਸਾਡਾ ਅਕਸ ਉਕਰ ਜਾਂਦਾ ਹੈ।ਠੀਕ ਇਸੇ ਤਰ੍ਹਾਂ ਸਾਡੇ ਫੁਰਨੇ, ਬੋਲ, ਕਰਮ ਮਨ ਉਤੇ ਉਕਰ ਜਾਂਦੇ ਹਨ, ਇਹੋ ਹੀ ਸਾਡੇ ਕੀਤੇ ਕਰਮਾਂ ਦੀ ਵਹੀ ਹੈ, ਜਿਸਦਾ ਹਿਸਾਬ ਸਾਡੇ ਮਰਨ ਤੋਂ ਫੌਰਨ ਬਾਦ ਹੋ ਜਾਂਦਾ ਹੈ।ਇਸ ਹਿਸਾਬ ਨੂੰ ਵਾਚਣ ਲਗਿਆਂ ਕੋਈ ਦੇਰ ਨਹੀ ਲਗਦੀ,ਕੰਪਿਊਟਰ ਵਾਂਗ ਬੜੀ ਛੇਤੀ ਹੋ ਜਾਂਦਾ ਹੈ।ਇਹ ਸਾਰਾ ਸਿਸਟਮ ਮਨੁੱਖ ਦੇ ਅੰਦਰ ਹੀ ਹੈ, ਜਿਸ ਅਨੁਸਾਰ ਅਗਲਾ ਜੀਵਨ ਮਿਲਦਾ ਹੈ ਜਾਂ ਫਿਰ ਕਿਸੇ ਨੂੰ ਸਜਾ ਜਾਂ ਬਖਸ਼ਿਸ਼ ਅਤੇ ਮੁਕਤੀ ਮਿਲਦੀ ਹੈ।ਕਈ ਕਰਮ ਬਾਰ ਬਾਰ ਕਰਨ ਨਾਲ ਮਨ ਦੀ ਤਹਿ ਵਿਚ ਬੈਠ ਕੇ ਆਦਤ ਬਣ ਜਾਂਦੇ ਹਨ।ਪਿਛਲੇ ਜਨਮਾਂ ਦੇ ਕੀਤੇ ਕਰਮ ਮਨੁੱਖ ਦੇ ਹਰੇਕ ਜਨਮ ਦੇ ਨਾਲੋ ਨਾਲ ਚਲਦੇ ਰਹਿੰਦੇ ਹਨ {ਨਾਨਕ ਕਮਾਣਾ ਸੰਗਿ ਜੁਲਿਆ, ਨਹ ਕਿਰਤੁ ਜਾਇ ਮਿਟਾਇਆ ੪੬੦}।ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦੀਆਂ ਲੀਹਾਂ ਵਿਚੋਂ ਨਿਕਲਨਾ ਮੁਸ਼ਕਲ ਹੈ ਅਤੇ ਹਰ ਕੋਈ ਇਨ੍ਹਾਂ ਕੀਤੇ ਕਰਮਾਂ ਅਨੁਸਾਰ ਹੀ ਮੌਜੂਦਾ ਜੀਵਨ ਜਿਉਂ ਰਿਹਾ ਹੈ {ਬੰਧਨ ਬੰਧਿ ਭਵਾਏ ਸੋਇ।ਪਇਐ ਕਿਰਤਿ ਨਚੈ ਸਭ ਕੋਇ ੪੬੫}।ਮਨੁੱਖ ਨੂੰ ਗਿਆਨ ਨਾ ਹੋਣ ਕਰਕੇ ਪਤਾ ਹੀ ਨਹੀਂ ਹੁੰਦਾ ਕਿ ਉਹ ਕੀ ਕਰ ਰਿਹਾ ਹੈ।ਯੋਗ ਅਯੋਗ ਕਰਮਾਂ ਦਾ ਪਤਾ ਕੇਵਲ ਬਿਬੇਕ ਬੁਧ ਵਾਲੇ ਬੰਦੇ ਨੂੰ ਹੀ ਹੁੰਦਾ ਹੈ।ਅਹੰ ਬੁਧੀ ਅਧੀਨ ਮੰਦੇ ਕਰਮ ਕਰਦਿਆਂ ਮਨ ਇਤਨਾ ਮੈਲਾ ਹੋ ਜਾਂਦਾ ਹੈ ਕਿ ਉਹ ਗੁਰੂ ਦੀ ਕ੍ਰਿਪਾ ਦ੍ਰਿਸਟੀ ਤੋਂ ਬਿਨਾ ਕਿਸੇ ਹੋਰ ਢੰਗ ਨਾਲ ਉਜਲਾ ਹੁੰਦਾ ਹੀ ਨਹੀਂ।ਇਹ ਕਰਮ ਅਮਿੱਟ ਨਹੀਂ ਹਨ, ਪਰ ਤੀਰਥ ਬਰਤ ਦਾਨ ਅਤੇ ਪੁੰਨ ਆਦਿ ਕਰਮ ਕਰਨ ਨਾਲ ਨਹੀ ਮਿਟਦੇ।ਕੀਤੇ ਮੰਦੇ ਕਰਮਾਂ ਦੇ ਅਸਰ ਨੂੰ ਮਿਟਾਉਣ ਦਾ ਤਰੀਕਾ ਗੁਰਬਾਣੀ ਵਿਚ ਦਰਜ ਹੈ =

ਮਿਟਹਿ ਕਮਾਣੇ ਪਾਪ ਚਿਰਾਣੇ, ਸਾਧ ਸੰਗਤਿ ਮਿਲਿ ਮੁਆ ਜੀਜੈ ੬੮੩।ਗੁਰ ਕਾ ਸਬਦੁ ਕਾਟੈ ਕੋਟਿ ਕਰਮ ੧੧੯੫।ਜਨਮ ਜਨਮ ਕੇ ਪਾਪ ਕਰਮ ਕੇ, ਕਾਟਨਹਾਰਾ ਲੀਜੈ ਰੇ ੧੫੬।ਸਾਕਤਾਂ ਦੇ ਲੇਖ ਨਹੀਂ ਮਿਟਿਆ ਕਰਦੇ {ਲੇਖ ਨ ਮਿਟਈ ਹੇ ਸਖੀ, ਜੋ ਲਿਖਿਆ ਕਰਤਾਰਿ ੯੩੭}।ਕੁਝ ਲੋਕ ਸ਼ੁੱਭ ਕਰਮਾਂ ਨੂੰ ਰੱਬ ਪ੍ਰਾਪਤੀ ਦਾ ਸਾਧਨ ਮੰਨਦੇ ਹਨ, ਗੁਰੂ ਜੀ ਆਖਦੇ ਹਨ ਕਿ ਸ਼ੁੱਭ ਕਰਮਾਂ ਨਾਲ ਮਨੁੱਖਾ ਜਨਮ ਤਾਂ ਮਿਲ ਜਾਂਦਾ ਹੈ, ਪਰ ਮੁਕਤੀ ਨਹੀ ਮਿਲਦੀ।ਸਾਰੇ ਕਰਮ ਸ਼ੁੱਭ ਨਹੀ ਹੋ ਸਕਦੇ, ਮਨੁੱਖ ਭੁੱਲਣਹਾਰ ਹੈ, ਚੰਗੇ ਕਰਮ ਕਰਦੇ ਕਰਦੇ ਕੁਦਰਤੀ ਹੀ ਕੋਈ ਨਾ ਕੋਈ ਮਾੜਾ ਕਰਮ ਵੀ ਹੋ ਜਾਂਦਾ ਹੈ।ਭਲਾ ਜੇ ਸਾਰੇ ਕਰਮ ਸਹੀ ਹੋ ਵੀ ਜਾਣ, ਵਾਸ਼ਨਾ ਪਿੱਛਾ ਨਹੀ ਛਡਦੀ, ਕਿਉਂਕਿ ਬਹੁਤੇ ਕਰਮ ਕੋਈ ਨ ਕੋਈ ਇੱਛਾ ਦੀ ਪੂਰਤੀ ਵਾਸਤੇ ਕੀਤੇ ਜਾਂਦੇ ਹਨ।ਹਉਮੈ ਰਹਿਤ ਹੋ ਕੇ ਨਿਸ਼ਕਾਮ ਕਰਮ ਕਰਨ ਅਤੇ ਨਾਮ ਸਿਮਰਨ ਕਰਕੇ ਹੀ ਮੁਕਤ ਹੋ ਸਕੀਦਾ ਹੈ {ਕਰਮ ਕਰਤ ਹੋਵੈ ਨਿਹਕਰਮ।ਤਿਸੁ ਬੈਸਨੋ ਕਾ ਨਿਰਮਲ ਧਰਮ।ਕਾਹੂ ਫਲ ਕੀ ਇਛਾ ਨਹੀ ਬਾਛੈ।ਕੇਵਲ ਭਗਤਿ ਕੀਰਤਨ ਸੰਗਿ ਰਾਚੈ ੨੭੪}।ਜੇ ਕਾਮਨਾ ਨਹੀਂ ਤਾਂ ਉਦਮ ਕਰਨ ਦੀ ਕੀ ਲੋੜ? ਵਾਹਿਗੁਰੂ ਦੇ ਪਿਆਰ ਲਈ ਉਦਮ ਕਰਨਾ ਹੈ।

ਨਦਰ = ਸਭ ਤੋਂ ਉਤਮ ਕਰਮ ਹੈ ਸਾਧ ਸੰਗਤ ਕਰਨੀ, ਅਕਾਲ ਪੁਰਖ ਦੀ ਮਹਿਮਾਂ ਗਾਉਣੀ, ਗੁਰਬਾਣੀ ਦੀ ਵਿਚਾਰ ਅਤੇ ਨਾਮ ਜਪਣਾ।ਵਾਹਿਗੁਰੂ ਗੁਣੀ ਨਿਧਾਨ ਹੈ, ਉਸਦੇ ਗੁਣ ਅਪਨਾਉਣ ਨਾਲ ਕੁਦਰਤੀ ਅਸੀਂ ਉਸਨੂੰ ਚੰਗੇ ਲਗਾਂਗੇ।ਉਹ ਸਾਨੂੰ ਪਿਆਰ ਕਰੇਗਾ ਅਤੇ ਸਾਡੇ ਤੇ ਮੇਹਰ ਦ੍ਰਿਸਟੀ ਕਰੇਗਾ।ਜਿਸ ਉਤੇ ਉਸਦੀ ਮੇਹਰ ਹੋ ਜਾਂਦੀ ਹੈ, ਫਿਰ ਕੋਈ ਲੇਖਾ ਨਹੀ ਪੁੱਛਦਾ {ਜਿਸਨੋ ਤੇਰੀ ਨਦਰਿ, ਨ ਲੇਖਾ ਪੁਛੀਐ ੯੬੧}।ਪ੍ਰਮਾਤਮਾ ਅਪਣੀ ਨਦਰ ਕਰਕੇ ਕਾਂ ਵਰਗੇ ਨੀਵੇਂ ਪੱਧਰ ਦੇ ਮਨੁੱਖ ਨੂੰ ਵੀ ਹੰਸ ਵਰਗਾ ਉਤਮ ਪੁਰਸ਼ ਬਣਾ ਦੇਂਦਾ ਹੈ =

ਕਿਆ ਹੰਸੁ ਕਿਆ ਬਗੁਲਾ, ਜਾ ਕਉ ਨਦਰਿ ਧਰੇ।ਜੇ ਤਿਸੁ ਭਾਵੈ ਨਾਨਕਾ, ਕਾਗਹੁ ਹੰਸੁ ਕਰੇ ੧੩੮੪।

ਇਕ ਵਾਰੀ ਬਾਬਾ ਫਰੀਦ ਸਾਹਿਬ ਇਕ ਬੇੜੀ ਵਿਚ ਸਵਾਰ ਸਨ, ਸਾਥੀ ਸੁੱਤੇ ਪਏ ਸਨ।ਬਾਬਾ ਫਰੀਦ ਜੀ ਨੇ ਅਵਾਜ ਮਾਰੀ, ਨਿਜਾਮ! (ਨਿਜਾਮੁਦੀਨ ਬਾਬਾ ਜੀ ਦਾ ਪੁਤ੍ਰ ਸੀ ਅਤੇ ਇਕ ਹੋਰ ਨਿਜਾਮੁਦੀਨ ਔਲੀਆ ਬਾਬਾ ਜੀ ਦਾ ਮੁਰੀਦ ਸੀ)।ਮੁਰੀਦ ਨਿਜਾਮੁਦੀਨ ਜਾਗਦੇ ਸਨ,ਝਟ ਅਵਾਜ ਸੁਣ ਕੇ ਬੋਲੇ, ਜੀ ਹਜੂਰ! ਫਰੀਦ ਜੀ ਆਖਣ ਲਗੇ, ਮੈਂ ਅਪਣੇ ਪੁਤ੍ਰ ਨਿਜਾਮ ਨੂੰ ਅਵਾਜ ਮਾਰੀ ਹੈ, ਪੁਤ੍ਰ ਨਿਜਾਮੁਦੀਨ ਸੁਤੇ ਪਏ ਸਨ।ਥੋੜੀ ਦੇਰ ਬਾਦ ਬਾਬਾ ਜੀ ਨੇ ਫਿਰ ਅਵਾਜ ਮਾਰੀ, ਓ ਨਿਜਾਮ! ਮੁਰੀਦ ਨਿਜਾਮੁਦੀਨ ਫਿਰ ਬੋਲੇ, ਜੀ ਹਜੂਰ! ਫਰੀਦ ਸਾਹਿਬ ਬੋਲੇ ਓਇ ਉਰੇ ਆ, ਫਰੀਦ ਤਾਂ ਅਪਣੇ ਪੁਤ੍ਰ ਨੂੰ ਨਿਆਮਤ ਬਖਸ਼ਣਾ ਚਾਹੁੰਦਾ ਸੀ, ਪਰ ਖੁਦਾ ਤੈਨੂੰ ਦਿਵਾ ਕੇ ਰਾਜੀ ਹੈ।ਗੁਰੂ ਨਾਨਕ ਦੇਵ ਜੀ ਦਾ ਵਾਕ ਹੈ = ਦਾਤੀ ਸਾਹਿਬ ਸੰਦੀਆ, ਕਿਆ ਚਲੈ ਤਿਸੁ ਨਾਲਿ।ਇਕ ਜਾਗੰਦੇ ਨਾ ਲਹੰਨਿ, ਇਕਨਾ ਸੁਤਿਆ ਦੇਇ ਉਠਾਲਿ।(੮੩)

ਹਉ ਜਾਇ ਪੁਛਾ ਸੁਹਾਗ ਸੁਹਾਗਣਿ, ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ।<br>
ਮੈ ਊਪਰਿ ਨਦਰਿ ਕਰੀ ਪਿਰਿ ਸਾਚੈ, ਮੈ ਛੋਡਿਅੜਾ ਮੇਰਾ ਤੇਰਾ।<br>
ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ, ਇਤੁ ਮਾਰਿਗਿ ਭੈਣੇ ਮਿਲੀਐ।<br>
ਆਪਨੜਾ ਪ੍ਰਭੁ ਨਦਰਿ ਕਰਿ ਦੇਖੈ, ਨਾਨਕ ਜੋਤਿ ਜੋਤੀ ਰਲੀਐ।(੫੬੧)।

## ॥ ਪੰਜਵੀਂ ਪਉੜੀ ॥

ਉਹ ਨਿਰੰਕਾਰ ਕਿਸ ਦੁਆਰਾ ਸਥਾਪਨ ਕੀਤਾ ਜਾਂਦਾ ਹੈ ਅਤੇ ਉਸਨੂੰ ਕੌਣ ਪੈਦਾ ਕਰਦਾ ਹੈ? ਗੁਰੂ ਜੀ ਉਤਰ ਦੇਂਦੇ ਹਨ =

ਥਾਪਿਆ ਨ ਜਾਇ, ਕੀਤਾ ਨ ਹੋਇ ॥ (ਸੱਤ ਸਰੂਪ ਪ੍ਰਮਾਤਮਾ ਕਿਸੇ ਮਨੁੱਖ ਵਲੋਂ ਮੂਰਤੀ ਵਾਂਙ ਮੰਦਰ ਆਦਿ ਕਿਸੇ ਸਥਾਨ ਵਿਚ) ਸਥਾਪਨ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕਿਸੇ ਵਲੋਂ ਪੈਦਾ ਕੀਤਾ (ਰਚਿਆ) ਹੋਇਆ ਹੈ (ਜਾਂ ਮੂਰਤੀ ਵਾਂਙ ਬਣਾਇਆ ਨਹੀ ਜਾ ਸਕਦਾ)।

ਆਪੇ ਆਪਿ ਨਿਰੰਜਨੁ ਸੋਇ ॥ ਉਹ ਮਾਇਆ ਰਹਿਤ ਪ੍ਰਮਾਤਮਾ ਅਪਣੇ ਆਪ ਤੋਂ ਹੀ (ਪੈਦਾ ਹੋਇਆ ਹੋਇਆ) ਹੈ ਭਾਵ ਅਨਾਦਿ ਹੈ {ਆਪੇ ਆਪਿ ਨਿਰੰਜਨੁ ਸੋਈ ੧੧੯ ; ਆਪੇ ਆਪਿ ਆਪਿ ਪ੍ਰਭੁ ਸੋਇ ੨੭੯}।

ਜਿਨਿ ਸੇਵਿਆ, ਤਿਨਿ ਪਾਇਆ ਮਾਨੁ ॥ ਜਿਸ ਨੇ ਵੀ (ਉਸ ਸੁਤੇ ਪ੍ਰਕਾਸ਼ ਪ੍ਰਭੂ ਦੀ) ਸੇਵਾ ਕੀਤੀ ਭਾਵ ਸਿਮਰਿਆ ਹੈ, ਉਸ ਨੇ (ਪ੍ਰਭੂ ਦੇ ਦਰਬਾਰ ਵਿਚ) ਮਾਣ ਸਨਮਾਨ ਪ੍ਰਾਪਤ ਕੀਤਾ ਹੈ {ਹਰਿ ਗੁਰੁ ਸਰਵਰੁ ਸੇਵਿ ਤੂ, ਦਰਗਹ ਪਾਵਹਿ ਮਾਨੁ ੨੧}।

ਨਾਨਕ ਗਾਵੀਐ ਗੁਣੀ ਨਿਧਾਨ ॥ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਗੁਣਾਂ ਦੇ ਖਜਾਨੇ (ਪ੍ਰਭੂ) ਨੂੰ ਗਾਉਣਾ ਚਾਹੀਦਾ ਹੈ।

ਗਾਵੀਐ ਸੁਣੀਐ, ਮਨਿ ਰਖੀਐ ਭਾਉ ॥ (ਉਸ ਪ੍ਰਭੂ ਦੇ ਗੁਣ) ਗਾਉਣੇ ਚਾਹੀਦੇ ਹਨ, (ਉਸ ਦਾ ਜਸ ਵੀ) ਸੁਣਨਾ ਚਾਹੀਦਾ ਹੈ ਅਤੇ ਮਨ ਵਿਚ ਉਸਦਾ ਪ੍ਰੇਮ ਵੀ ਰਖਣਾ ਚਾਹੀਦਾ ਹੈ ਭਾਵ ਮਨ ਵਿਚ ਪ੍ਰੇਮ ਰੱਖ ਕੇ ਗਾਉਣਾ ਸੁਣਨਾ ਚਾਹੀਦਾ ਹੈ।(ਇਸਦਾ ਫਲ ਅਗਲੀ ਤੁਕ ਵਿਚ ਦਸਿਆ ਹੈ)।

ਦੁਖੁ ਪਰਹਰਿ, ਸੁਖੁ ਘਰਿ ਲੈ ਜਾਇ ॥ (ਇਸ ਤਰ੍ਹਾਂ ਉਹ ਮਨੁੱਖ) ਦੁਖ ਨੂੰ ਦੂਰ ਕਰਕੇ ਹਿਰਦੇ ਘਰ ਵਿਚ ਸੁਖ ਲੈ ਜਾਂਦਾ ਹੈ ਭਾਵ ਸਦੀਵੀ ਅਨੰਦ ਹਿਰਦੇ ਵਿਚ ਪ੍ਰਾਪਤ ਕਰ ਲੈਂਦਾ ਹੈ।

ਗੁਰਮੁਖਿ ਨਾਦੰ ਗੁਰਮੁਖਿ ਵੇਦੰ, ਗੁਰਮੁਖਿ ਰਹਿਆ ਸਮਾਈ ॥ ਗੁਰੂ ਦੁਆਰਾ ਸ਼ਬਦ ਅਤੇ ਗੁਰੂ ਦੁਆਰਾ ਹੀ ਗਿਆਨ ਪ੍ਰਾਪਤ ਹੁੰਦਾ ਹੈ, ਗੁਰੂ ਦੁਆਰਾ ਹੀ (ਮਿਲੇ ਗਿਆਨ ਤੋਂ ਯਕੀਨ ਆਉਂਦਾ ਹੈ ਕਿ ਪ੍ਰਮਾਤਮਾ ਸਭ ਜਗ੍ਹਾ) ਸਮਾ ਰਿਹਾ ਹੈ।

ਗੁਰੁ ਈਸਰੁ, ਗੁਰੁ ਗੋਰਖੁ, ਬਰਮਾ ਗੁਰੁ, ਪਾਰਬਤੀ ਮਾਈ ॥ (ਮੇਰੇ ਲਈ) ਗੁਰੂ ਹੀ ਸ਼ਿਵ ਹੈ, ਗੁਰੂ ਹੀ ਵਿਸ਼ਨੂੰ ਹੈ, ਗੁਰੂ ਹੀ ਬ੍ਰਹਮਾ ਹੈ ਅਤੇ ਗੁਰੂ ਹੀ (ਮੇਰੇ ਲਈ) ਪਾਰਬਤੀ (ਅਤੇ ਗੁਰੂ ਹੀ ਮੇਰੇ ਲਈ) ਲੱਛਮੀ ਹੈ।

ਜੇ ਹਉ ਜਾਣਾ ਆਖਾ ਨਾਹੀ, ਕਹਣਾ ਕਥਨੁ ਨ ਜਾਈ ॥ (ਪ੍ਰਮੇਸਰ ਦੀ ਮਹਿਮਾਂ ਬੇਅੰਤ ਹੈ) ਜੇ ਮੈਂ ਜਾਣ ਵੀ ਲਵਾਂ ਤਾਂ (ਉਸਨੂੰ) ਆਖ ਨਹੀ ਕਰ ਸਕਦਾ, (ਕਿਉਂਕਿ ਉਸਦਾ) ਕਥਨ ਕਿਹਾ ਨਹੀਂ ਜਾ ਸਕਦਾ {ਕਿਆ ਕਥੀਐ, ਕਿਛੁ ਕਥਨੁ ਨ ਜਾਈ ੮੨੨}।

ਗੁਰਾ ਇਕ ਦੇਹਿ ਬੁਝਾਈ = (ਗੁਰੂ ਅੱਗੇ ਅਰਦਾਸ ਕਰਦਾ ਹਾਂ) ਹੇ ਗੁਰੂ! (ਮੈਨੂੰ) ਇਕ ਗੱਲ ਸਮਝਾ ਦੇਹ।

ਸਭਨਾ ਜੀਆ ਕਾ ਇਕੁ ਦਾਤਾ, ਸੋ ਮੈ ਵਿਸਰਿ ਨ ਜਾਈ ॥੫॥ (ਕਿ) ਸਭਨਾਂ ਜੀਵਾਂ ਦਾ ਇਕ ਨਿਰੰਕਾਰ ਹੀ ਦਾਤਾ ਹੈਂ, ਮੈਨੂੰ ਉਹ (ਦਾਤਾਰ ਪ੍ਰਭੂ ਕਦੇ) ਭੁੱਲ ਨਾ ਜਾਵੇ।੫।

ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ਦੁਖ ਨਾਸ਼ ਹੋ ਕੇ ਸੁੱਖ ਮਿਲਦਾ ਹੈ ਅਤੇ (ਵਾਹਿਗੁਰੂ ਦਾ ਜਸ ਮਨੁੱਖ ਨੂੰ) ਰੱਬ ਦੇ ਘਰ ਵਿਚ ਲੈ ਜਾਂਦਾ ਹੈ (ਮੇਰਾ ਵਿਚਾਰ)।

'ਸੁਖ ਘਰਿ ਲੈ ਜਾਇ' ਦੇ ਹੋਰ ਵੀ ਅਰਥ ਹਨ = ੧. ਦਿਲ ਵਿਚ ਅਨੰਦ ਦਾ ਵਾਸਾ ਕਰਾ ਲੈਂਦਾ ਹੈ (ਸ਼ਬਦਾਰਥ)।
੨. ਪ੍ਰਲੋਕ ਰੂਪ ਘਰ ਵਿਚ ਸੁੱਖ ਲੈ ਕੇ ਜਾਂਦਾ ਹੈ (ਟਕਸਾਲ)।

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥ ੧. (ਮੇਰੇ ਲਈ) ਗੁਰੂ ਪ੍ਰਮੇਸ਼ਰ ਹੀ (ਜੋਗੀਆਂ ਦਾ) ਨਾਦ ਹੈ, ਗੁਰੂ ਪ੍ਰਮੇਸ਼ਰ ਹੀ ਵੇਦ ਹੈ ਅਤੇ ਗੁਰੂ ਪ੍ਰਮੇਸਰ ਹੀ ਸਭ ਜਗ੍ਹਾ ਸਮਾ ਰਿਹਾ (ਦੇਖੀਦਾ) ਹੈ।
੨. (ਮੇਰੇ ਲਈ) ਗੁਰੂ ਦਾ ਵਾਕ ਹੀ ਨਾਦ ਹੈ, ਗੁਰੂ ਦਾ ਵਾਕ ਹੀ ਵੇਦ ਹੈ, (ਕਿਉਂਕਿ) ਗੁਰੂ ਦੇ ਵਾਕ ਵਿਚ ਪ੍ਰਭੂ ਸਮਾ ਰਿਹਾ ਹੈ।ਗੁਰਬਾਣੀ ਦੇ ਵਾਕ ਹਨ = ਸਭ ਨਾਦ ਬੇਦ ਗੁਰਬਾਣੀ ੮੭੯।ਗੁਰਮੁਖਿ ਨਾਦ ਬੇਦ ਬੀਚਾਰੁ ੯੩੨।ਨਾਮੁ ਹਮਾਰੈ ਬੇਦ ਅਰੁ ਨਾਦ ੧੧੪੫। ਗੁਰ ਮਹਿ ਆਪੁ ਸਮੋਇ, ਸਬਦੁ ਵਰਤਾਇਆ ੧੨੭੯।

ਪਦਾਰਥ = ਥਾਪਿਆ ਨ ਜਾਇ–ਸਥਾਪਨ (ਟਿਕਾਇਆ) ਨਹੀਂ ਜਾ ਸਕਦਾ।ਕੀਤਾ ਨ ਹੋਇ–(ਕਿਸੇ ਵੱਲੋਂ) ਪੈਦਾ ਨਹੀਂ ਕੀਤਾ ਹੋਇਆ।ਨਿਰੰਜਨੁ–(ਨਿਰ+ਅੰਜਨ)ਮਾਇਆ ਤੋਂ ਰਹਿਤ; ਸ਼ੁੱਧ।ਸੋਇ–ਉਹ ਪ੍ਰਭੂ।ਜਿਨਿ–ਜਿਸ ਨੇ।ਸੇਵਿਆ–ਸੇਵਾ ਕੀਤੀ; ਸਿਮਰਿਆ ਹੈ।ਤਿਨਿ–ਉਸ ਨੇ।ਮਾਨੁ–ਆਦਰ; ਵਡਿਆਈ।ਗੁਣੀ ਨਿਧਾਨੁ–ਗੁਣਾਂ ਦਾ ਖਜਾਨਾ (ਪ੍ਰਭੂ)।ਮਨਿ–ਮਨ ਵਿਚ।ਭਾਉ–ਪ੍ਰੇਮ।ਪਰਹਰਿ–ਪਰੇ (ਦੂਰ) ਕਰਕੇ।ਘਰਿ–ਹਿਰਦੇ ਵਿਚ; ਪ੍ਰਲੋਕ ਘਰ ਵਿਚ।ਲੈ ਜਾਇ–ਲੈ ਜਾਂਦਾ ਹੈ।ਗੁਰਮੁਖਿ–ਗੁਰੂ ਦੁਆਰਾ; ਗੁਰੂ ਪ੍ਰਮੇਸ਼ਰ; ਗੁਰੂ ਦਾ ਵਾਕ।ਨਾਦੰ–ਜੋਗੀਆਂ ਦਾ ਨਾਦ; ਸ਼ਬਦ; ਵਾਹਿਗੁਰੂ ਦਾ ਧਿਆਨ ਕਰਨ ਵੇਲੇ ਸੁਣਨ ਵਾਲੀ ਧੁਨ।ਵੇਦੰ–ਵੇਦ; ਗਿਆਨ।ਰਹਿਆ ਸਮਾਈ–ਸਮਾ ਰਿਹਾ ਹੈ।ਈਸਰੁ–ਸ਼ਿਵ ਜੀ।ਗੋਰਖੁ–ਵਿਸ਼ਨੂੰ।ਬਰਮਾ–ਬ੍ਰਹਮਾ।ਮਾਈ–ਮਾਇਆ; ਲੱਛਮੀ

(ਮਾ–ਮਾਤਾ {ਲੱਛਮੀ}।ਈ–ਸਰਸ੍ਵਤੀ)।ਜੇ ਹਉ–ਜੇ ਮੈਂ।ਜਾਣਾ–ਜਾਣ ਲਵਾਂ।ਆਖਾ ਨਾਹੀ–ਆਖ ਨਹੀਂ ਸਕਦਾ।ਗੁਰਾ–ਹੇ ਗੁਰੂ ਜੀ!।ਇਕ–ਇਕ ਗੱਲ (ਸਿਖਿਆ)।ਦੇਹਿ ਬੁਝਾਈ–ਸਮਝਾ ਦੇਹ; ਸਮਝਾ ਦਿਤੀ ਹੈ।ਸਭਨਾ ਜੀਆ ਕਾ–ਸਾਰੇ ਜੀਵਾਂ ਦਾ।ਇਕੁ ਦਾਤਾ–ਇਕ ਨਿਰੰਕਾਰ ਦਾਤਾ ਹੈ।ਸੋ–ਉਹ (ਪ੍ਰਭੂ)।ਮੈ–ਮੈਨੂੰ।ਵਿਸਰਿ ਨ ਜਾਈ–ਭੁੱਲ ਨਾ ਜਾਵੇ।੫।

ਵਿਆਖਿਆ = ਇਸ ਪਉੜੀ ਵਿਚ ਦਸਿਆ ਹੈ ਕਿ ਪ੍ਰਮਾਤਮਾ ਬਣਾਇਆ, ਘੜਿਆ ਜਾਂ ਰਚਿਆ ਨਹੀ ਜਾ ਸਕਦਾ।ਕਿਸੇ ਮੂਰਤ, ਪੱਥਰ, ਦੇਵੀ ਦੇਵਤੇ ਜਾਂ ਕਿਸੇ ਮਨੁੱਖ ਨੂੰ ਭਗਵਾਨ ਜਾਣ ਕੇ ਨਹੀਂ ਪੂਜਿਆ ਜਾਣਾ ਚਾਹੀਦਾ।ਉਹ ਪ੍ਰਮਾਤਮਾ ਤਾਂ ਅਪਣੇ ਆਪ ਤੋਂ ਹੀ ਪ੍ਰਗਟ ਹੁੰਦਾ ਹੈ, ਉਸਦੀ ਪ੍ਰਾਪਤੀ ਦਾ ਸਾਧਨ ਹੈ ਪਿਆਰ ਨਾਲ ਉਸਦਾ ਜਸ ਕਰਨਾ ਅਤੇ ਜਿਹੜਾ ਗਾਉਣ ਨਹੀਂ ਜਾਣਦਾ ਉਹ ਜਸ ਸੁਣੇ।ਅਜੇਹਾ ਕਰਨ ਨਾਲ ਜਨਮ ਮਰਣ ਦਾ ਦੁਖ ਦੂਰ ਹੋਵੇਗਾ, ਅਨੰਦ ਮਿਲੇਗਾ ਅਤੇ ਸਚਖੰਡ ਵਿਚ ਵਾਸਾ ਹੋਵੇਗਾ।ਇਹ ਉਚੀ ਅਵਸਥਾ ਪ੍ਰਾਪਤ ਕਰਨ ਲਈ ਲੋਕ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ, ਪਾਰਬਤੀ ਅਤੇ ਲੱਛਮੀ ਆਦਿ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਹਨ।ਗੁਰੂ ਜੀ ਆਖਦੇ ਹਨ ਕਿ ਮੇਰੇ ਲਈ ਗੁਰੂ ਪ੍ਰਮਾਤਮਾ ਹੀ ਪੂਜਣ ਯੋਗ ਹੈ।ਜੋ ਫਲ ਦੇਵੀ ਦੇਵਤਿਆਂ ਦੀ ਉਪਾਸ਼ਨਾ ਤੋਂ ਮਿਲਦਾ ਹੈ, ਉਹ ਪ੍ਰਮਾਤਮਾ ਦਾ ਜਸ ਕਰਨ ਨਾਲ ਮਿਲ ਜਾਂਦਾ ਹੈ।ਦੇਵੀ ਦੇਵਤੇ ਵੀ ਪ੍ਰਮਾਤਮਾ ਦੇ ਹੀ ਪੈਦਾ ਕੀਤੇ ਹੋਏ ਹਨ।ਕਰਤਾਰ ਆਪ ਹੀ ਸਭ ਕੁਛ ਕਰਨ ਵਾਲਾ ਹੈ, ਬ੍ਰਹਮਾ ਵਿਸ਼ਨੂੰ ਅਤੇ ਸ਼ਿਵ ਜੀ ਇਕ ਕਰਤਾਰ ਦਾ ਕੰਮ ਕਰਨ ਵਾਲੀਆਂ (ਵੱਖ ਵੱਖ) ਮੂਰਤਾਂ ਹਨ, {ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ, ਆਪੇ ਕਰਤਾ ਕਾਰੀ ੯੦੮}।ਬ੍ਰਹਮਾ ਵਿਸ਼ਨੂੰ ਅਤੇ ਸ਼ਿਵ ਜੀ ਕਰਤਾ ਪੁਰਖਦੇ ਹੀ ਪੈਦਾ ਕੀਤੇ ਹੋਏ ਹਨ ਅਤੇ ਇਹ ਤਿੰਨੇ ਉਸਦੇ ਹੁਕਮ ਵਿਚ ਕੰਮ ਕਰਦੇ ਹਨ {ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ, ਹੁਕਮਿ ਕਮਾਵਨ ਕਾਰਾ ੯੪੮}।(ਵੱਡੇ ਵੱਡੇ ਪੂਜਨੀਕ ਦੇਵਤੇ) ਬ੍ਰਹਮਾ ਵਿਸਨੂੰ ਅਤੇ ਸ਼ਿਵ ਜੀ ਆਦਿ ਵੀ ਮਾਇਆ ਦੇ ਤਿੰਨਾਂ ਗੁਣਾਂ ਦੇ ਪ੍ਰਭਾਵ ਹੇਠ ਹਨ ਅਤੇ ਹਉਮੈ ਵਿਚ ਕੰਮ ਕਰਦੇ ਰਹੇ ਹਨ, ਇਸ ਕਰਕੇ ਰੋਗੀ ਹਨ {ਬ੍ਰਹਮਾ ਬਿਸਨੁ ਮਹਾ ਦੇਉ, ਤ੍ਰੈ ਗੁਣ ਰੋਗੀ, ਵਿਚਿ ਹਉਮੈ ਕਾਰ ਕਮਾਈ ੭੩੫}।ਬ੍ਰਹਮਾ ਵਿਸ਼ਨੂੰ ਅਤੇ ਰੁਦ੍ਰ (ਸ਼ਿਵ ਜੀ) ਉਸ ਨਿਰੰਕਾਰ ਦੀ ਸੇਵਾ ਵਿਚ ਹਨ ਤੇ ਉਸ ਨਿਰੰਕਾਰ ਦਾ ਅੰਤ ਨਹੀਂ ਪਾ ਸਕਦੇ {ਬ੍ਰਹਮਾ ਬਿਸਨੁ ਰੁਦ੍ਰ ਤਿਸ ਕੀ ਸੇਵਾ।ਅੰਤੁ ਨ ਪਾਵਹਿ ਅਲਖ ਅਭੇਵਾ ੧੦੫੩}।ਨਿਰੰਕਾਰ ਅਕਹਿ ਹੈ,ਉਸ ਵਾਰੇ ਪੂਰਨ ਰੂਪ ਵਿਚ ਕੁਛ ਕਿਹਾ ਨਹੀਂ ਜਾ ਸਕਦਾ।ਗੁਰੂ ਜੀ ਕਹਿੰਦੇ ਹਨ ਕਿ ਮੈਂ ਤਾਂ ਇਹੀ ਅਰਦਾਸ ਕਰਦਾ ਹਾਂ ਕਿ ਉਹ ਨਿਰੰਕਾਰ ਮੈਂਨੂੰ ਕਦੇ ਵੀ ਨਾ ਭੁੱਲੇ, ਸਦਾ ਯਾਦ ਰਹੇ।ਗੁਰੂ ਦਸਮੇਸ਼ ਜੀ ਕਹਿੰਦੇ ਹਨ, ਕਿਉ ਸ਼ਿਵ ਜੀ ਅਤੇ ਬ੍ਰਹਮਾ ਨੂੰ ਈਸ਼ਵਰ ਕਹਿੰਦੇ ਹੋ।ਰਘੂਪਤੀ ਰਾਮਚੰਦ੍ਰ ਜੀ, ਕ੍ਰਿਸ਼ਨ ਜੀ ਅਤੇ ਲੱਛਮੀ ਦਾ ਪਤੀ ਵਿਸ਼ਨੂੰ ਵੀ ਭਗਵਾਨ ਨਹੀਂ ਹਨ, ਜਿਨ੍ਹਾਂ ਨੂੰ ਤੁਸੀਂ ਵਿਸ਼ਵਨਾਥ ਕਹਿੰਦੇ ਹੋ।ਇਕ ਨੂੰ ਛਡ ਕੇ ਅਨੇਕਾਂ (ਦੇਵੀ ਦੇਵਤਿਆਂ) ਨੂੰ ਪੂਜਦੇ ਹੋ, ਸੁਕਦੇਵ, ਬਿਆਸ ਅਤੇ ਪਰਾਸਰ ਆਦਿ ਵੀ ਝੂਠੇ ਪੈ ਗਏ।ਇਕ ਨਿਰੰਕਾਰ ਨੂੰ ਛਡ ਕੇ ਦੂਜੇ ਨੂੰ ਪੂਜਣ ਵਾਲੇ ਸਾਰੇ ਧਰਮ ਫੋਕਟ ਹਨ, ਅਸੀਂ ਤਾਂ ਇਕ ਨਿਰੰਕਾਰ ਨੂੰ ਅਨੇਕ ਢੰਗਾਂ ਨਾਲ ਪ੍ਰਮਾਨਿਆ ਹੈ =

ਕਾਹੇ ਕੋ ਏਸ ਮਹੇਸਹਿ ਭਾਖਤ, ਕਾਹੇ ਦਿਜੇਸ ਕੋ ਏਸ ਬਖਾਨਯੋ।<br>
ਹੈ ਨ ਰਘ੍ਵੇਸ ਜਦ੍ਵੇਸ ਰਮਾਪਤਿ, ਤੈ ਜਿਨ ਕੋ ਬਿਸਵਨਾਥ ਪਛਾਨਯੋ।<br>
ਏਕ ਕੋ ਛੇਡਿ ਅਨੇਕ ਭਜੈ, ਸੁਕਦੇਵ ਪਰਾਸਰ ਬਿਯਾਸ ਝੁਠਾਨਿਯੋ।<br>
ਫੋਕਟ ਧਰਮ ਸਜੈ ਸਬ ਹੀ, ਹਮ ਏਕ ਹੀ ਕੋ ਬਿਧਿ ਨੈਕ ਪ੍ਰਮਾਨਿਯੋ।

ਐਸੇ ਇਕ ਪ੍ਰਭੂ ਦਾ ਸਿਮਰਨ ਕਰਨ ਵਾਲੇ ਗੁਰਮੁਖ ਨੂੰ ਭਾ. ਗੁਰਦਾਸ ਜੀ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਨਾਲੋਂ ਉਚਾ ਦਸਦੇ ਹਨ =

ਬਿਸਨੈ ਦਸ ਅਵਤਾਰ, ਨਾਵ ਗਣਾਇਆ।ਕਰਿ ਕਰਿ ਅਸੁਰ ਸੰਘਾਰ, ਵਾਦੁ ਵਧਾਇਆ।<br>
ਬ੍ਰਹਮੈ ਵੇਦ ਵਿਚਾਰਿ, ਆਖਿ ਸੁਣਾਇਆ।ਮਨ ਅੰਦਰਿ ਅਹੰਕਾਰੁ, ਜਗਤੁ ਉਪਾਇਆ।<br>
ਮਹਾਦੇਉ ਲਾਇ ਤਾਰ, ਤਾਮਸ ਤਾਇਆ।ਗੁਰਮੁਖਿ ਮੋਖੁ ਦੁਆਰੁ, ਆਪੁ ਗਵਾਇਆ।(ਭਾ.ਗੁ.ਵਾਰ ੧੪–੪)।

ਨਿਰੰਕਾਰ, ਗੁਰੂ ਅੰਦਰ ਵਸਦਾ ਹੈ ਅਤੇ ਗੁਰੂ ਦੇ ਮੂੰਹੋਂ ਅਪਣਾ ਬਚਨ ਬੁਲਵਾ ਕੇ ਲੋਕਾਂ ਨੂੰ ਗਿਆਨ ਦਿੰਦਾ ਹੈ।ਗੁਰਬਾਣੀ ਦੀ ਵਿਚਾਰ ਹੀ ਨਾਦ ਅਤੇ ਵੇਦ ਹੈ {ਗੁਰਮੁਖਿ ਨਾਦ ਬੇਦ ਬੀਚਾਰੁ ੧੦੫੮}।

ਗੁਰੂ ਨਾਨਕ ਦੇਵ ਜੀ ਦਾ ਗੁਰੂ ਨਿਰੰਕਾਰ ਹੈ, ਗੁਰੂ ਨਾਨਕ ਦੇਵ ਜੀ ਨੇ ਅਪਣੇ ਗੁਰੂ ਦਾ ਜਿਕਰ ਅਪਣੀ ਬਾਣੀ ਵਿਚ ਕਈ ਜਗ੍ਹਾ ਕੀਤਾ ਹੈ।ਅਪਰੰਪਰ ਪਾਰਬ੍ਰਹਮੁ ਪ੍ਰਮੇਸਰੁ, ਨਾਨਕ ਗੁਰ ਮਿਲਿਆ ਸੋਈ ਜੀਉ ੫੯੯।ਗੁਰ ਪਰਮੇਸਰੁ ਨਾਨਕ ਭੇਟਿਓ, ਸਾਚੈ ਸਬਦਿ ਨਿਬੇਰਾ ੮੭੮।ਸਿਖ ਧਰਮ ਵਿਚ ਸਰੀਰ ਗੁਰੂ ਨਹੀਂ ਹੈ।ਦਸਾਂ ਗੁਰੂਆਂ ਦੇ ਸਰੀਰ ਵਖਰੇ ਵਖਰੇ ਸਨ, ਪਰ ਉਨ੍ਹਾਂ ਅੰਦਰ ਅਕਾਲ ਪੁਰਖ ਦੀ ਜੋਤ ਹੋਣ ਕਰਕੇ ਉਹ ਇਕ ਰੂਪ ਸਨ {ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ੯੬੬}।ਦਸਮੇਸ਼ ਜੀ ਵੀ ਅਕਾਲ ਪੁਰਖ ਨੂੰ ਹੀ ਗੁਰੂ ਮੰਨਦੇ ਹਨ {ਬੇਦ ਕਤੇਬ ਨ ਭੇਦ ਲਖਯੋ ਜਿਹ, ਸੋਊ ਗੁਰੂ ਗੁਰ ਮੋਹਿ ਬਤਾਯੋ (੩੩ ਸਵਯੇ ਪਾ.੧੦); ਆਦਿ ਅੰਤਿ ਏਕੈ ਅਵਤਾਰਾ।ਸੋਈ ਗੁਰੂ ਸਮਝੀਅਹੁ ਹਮਾਰਾ (ਚੌਪਈ ਪਾ.੧੦)}।ਗੁਰੂ ਤਾਂ ਨਿਰੰਕਾਰ

ਹੈ, ਪਰ ਸੰਸਾਰ ਉਧਾਰਨ ਲਈ ਕਿਸੇ ਪੁਗੀ ਹੋਈ ਆਤਮਾ ਦੇ ਸਰੀਰ ਅੰਦਰ ਅਪਣਾ ਆਪ ਰੱਖ ਦੇਂਦਾ ਹੈ =

ਸਤਿਗੁਰ ਵਿਚਿ ਆਪੁ ਰਖਿਓਨੁ ,ਕਰਿ ਪਰਗਟੁ ਆਖਿ ਸੁਣਾਇਆ ੪੬੬। ਗੁਰ ਮਹਿ ਆਪੁ ਰਖਿਆ ਕਰਤਾਰੇ ੧੦੨੪।
ਗੁਰ ਮਹਿ ਆਪੁ ਸਮੋਇ, ਸਬਦੁ ਵਰਤਾਇਆ ੧੨੭੯।

ਸੋ ਗੁਰੂ ਜੀ ਦੇ ਸਰੀਰ ਅੰਦਰ ਬਿਰਾਜਮਾਨ ਨਿਰੰਕਾਰੀ ਜੋਤ ਹੀ ਗੁਰੂ ਹੈ। ਇਹ ਜੋਤੀ ਗੁਰੂ ਜੀ ਦੇ ਸਰੀਰ ਵਿਚੋਂ ਉਪਦੇਸ਼ਕ ਬਣ ਕੇ ਬੋਲਦੀ ਹੈ, ਜੋ ਮਨੁੱਖਾਂ ਦੀ ਕਲਿਆਣ ਕਰਦੀ ਹੈ। ਇਸ ਕਰਕੇ ਗੁਰੂ ਜੀ ਦੇ ਮੁਖੋਂ ਉਚਾਰੀ ਬਾਣੀ ਨੂੰ ਨਿਰੰਕਾਰ ਦੀ ਬਾਣੀ ਕਿਹਾ ਹੈ = ਵਾਹੁ ਵਾਹੁ ਬਾਣੀ ਨਿਰੰਕਾਰ ਹੈ ੫੧੫। ਗੁਰਮੁਖਿ ਬਾਣੀ ਬ੍ਰਹਮੁ ਹੈ, ਸਬਦਿ ਮਿਲਾਵਾ ਹੋਇ ੩੯।

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰ ਸਿਖਹੁ ,ਹਰਿ ਕਰਤਾ ਆਪਿ ਮੁਹਹੁ ਕਢਾਏ ੩੦੮।

ਗੁਰੂ ਉਹ ਹੀ ਬੋਲਦਾ ਹੈ, ਜੋ ਨਿਰੰਕਾਰ ਉਸ ਤੋਂ ਬੁਲਾਉਂਦਾ ਹੈ, ਇਸ ਲਈ ਧੁਰ ਤੋਂ ਆਈ ਹੋਈ ਬਾਣੀ ਗੁਰੂ ਹੈ ਅਤੇ ਗੁਰੂ ਦਾ ਵਾਕ ਹੈ। ਗੁਰੂ ਦੇ ਮੁਖੋਂ ਨਿਕਲਿਆ ਵਾਕ ਹੀ ਨਾਦ ਹੈ, ਵੇਦ ਹੈ। ਗੁਰ ਵਾਕ ਨਿਰੰਕਾਰ ਵਿਚ ਸਮਾਇਆ ਹੋਇਆ ਹੈ, ਗੁਰਵਾਕ ਹੀ ਸਭ ਕੁਝ ਹੈ ਅਤੇ ਪੂਜਣ ਯੋਗ ਹੈ। ਨਿਰੰਕਾਰੀ ਜੋਤ ਜਾਹਰਾ ਰੂਪ ਵਿਚ ਗੁਰੂ ਦੇ ਸਰੀਰ ਅੰਦਰ ਹੋਣ ਕਰਕੇ ਗੁਰੂ ਅਤੇ ਨਿਰੰਕਾਰ ਵਿਚ ਕੋਈ ਫਰਕ ਨਹੀ {ਗੁਰ ਪਰਮੇਸਰੁ ਏਕੋ ਜਾਣੁ ੮੬੪}। ਗੁਰੂ ਨਾਨਕ ਸਾਹਿਬ ਆਖਦੇ ਹਨ ਕਿ ਉਹ ਦਾਤਾਰ ਨਿਰੰਕਾਰ ਮੈਨੂੰ ਕਦੇ ਭੁੱਲੇ ਨਾ।

ਮਹਿਮਾ ਨ ਜਾਨਹਿ ਬੇਦ। ਬ੍ਰਹਮੇ ਨਹੀ ਜਾਨਹਿ ਭੇਦ। ਅਵਤਾਰ ਨ
ਜਾਨਹਿ ਅੰਤੁ। ਪਰਮੇਸਰੁ ਪਾਰਬ੍ਰਹਮ ਬੇਅੰਤੁ। (੮੯੪)।

## ॥ ਛੇਵੀਂ ਪਉੜੀ ॥

ਉਥਾਨਕਾ = ਸਿੱਧ ਗੁਰੂ ਜੀ ਅੱਗੇ ਤੀਰਥਾਂ ਦੀ ਵਡਿਅਈ ਕਰਦੇ ਹਨ {ਤੀਰਥਿ ਨਾਈਐ ਸੁਖੁ ਫਲੁ ਪਾਈਐ, ਮੈਲੁ ਨ ਲਾਗੈ ਕਾਈ ੯੩੯}। ਜੇ ਸਾਡੇ ਨਾਲ ਮਾਨਸਰੋਵਰ ਚਲੋਂ ਤਾਂ ਉਥੋਂ ਜਵਾਹਰ ਮਾਣਿਕ ਆਦਿ ਰਤਨ ਵੀ ਮਿਲ ਜਾਣਗੇ। ਗੁਰੂ ਜੀ ਸਿੱਧਾਂ ਨੂੰ ਸਮਝਾਉਂਦੇ ਹਨ =

ਤੀਰਥਿ ਨਾਵਾ ਜੇ ਤਿਸੁ ਭਾਵਾ, ਵਿਣੁ ਭਾਣੇ ਕਿ ਨਾਇ ਕਰੀ ॥ ਮੈਂ ਤੀਰਥਾਂ ਤੇ ਇਸ਼ਨਾਨ ਤਾਂ ਕਰਾਂ, ਜੇ (ਇਸ਼ਨਾਨ ਕਰਨ ਕਰਕੇ) ਉਸ (ਪ੍ਰਭੂ) ਨੂੰ ਚੰਗਾ ਲੱਗਾਂ, ਉਸ ਨੂੰ ਚੰਗਾ ਲਗੇ ਬਿਨਾ ਇਸ਼ਨਾਨ ਕਰਕੇ ਮੈਂ ਕੀ ਕਰਾਂ? (ਤੀਰਥ ਸ਼ਨਾਨ ਆਦਿ ਕਰਮ ਕਰਨ ਨਾਲ ਪ੍ਰਮਾਤਮਾ ਖੁਸ਼ ਨਹੀਂ ਹੁੰਦਾ)।

ਜੇਤੀ ਸਿਰਠਿ ਉਪਾਈ ਵੇਖਾ, ਵਿਣੁ ਕਰਮਾ ਕਿ ਮਿਲੈ ਲਈ ॥ (ਨਿਰੰਕਾਰ ਦੀ) ਪੈਦਾ ਕੀਤੀ ਹੋਈ ਜਿਤਨੀ ਵੀ ਸ੍ਰਿਸਟੀ ਮੈਂ ਦੇਖਦਾ ਹਾਂ, ਉਸ ਵਿਚ ਬਿਨਾ ਕਰਮਾਂ (ਭਾਗਾਂ) ਦੇ ਕੀ ਮਿਲਦਾ ਹੈ? ਜੋ ਮੈਂ ਲੈ ਸਕਾਂ (ਬਿਨਾ ਭਾਗਾਂ ਦੇ ਕੁਛ ਨਹੀਂ ਮਿਲਦਾ ਅਤੇ ਚੰਗੇ ਭਾਗ ਗੁਰੂ ਦੀ ਆਗਿਆ ਦਾ ਪਾਲਨ ਕਰਕੇ ਨਾਮ ਸਿਮਰਨ ਦੁਆਰਾ ਬਣਦੇ ਹਨ, ਤੀਰਥ ਸ਼ਨਾਨ ਨਾਲ ਨਹੀਂ)।

ਨਾਨਕ ਵਿਣੁ ਕਰਮਾ ਕਿਆ ਪਾਈਐ, ਪੂਰਬਿ ਲਿਖਿਆ ਕਮਾਇ ੬੪੫। ਵਿਣੁ ਕਰਮਾ ਕਿਛੁ ਪਾਈਐ ਨਾਹੀ,
ਜੇ ਬਹੁਤੇਰਾ ਧਾਵੈ ੭੨੨। ਕਰਮਿ ਮਿਲੈ ਤਾ ਪਾਈਐ, ਆਪਿ ਨ ਲਇਆ ਜਾਇ ੬੧।

ਮਤਿ ਵਿਚਿ ਰਤਨ ਜਵਾਹਰ ਮਾਣਿਕ, ਜੇ ਇਕ ਗੁਰ ਕੀ ਸਿਖ ਸੁਣੀ ॥ ਜੇ ਗੁਰੂ ਦੀ ਇਕ ਸਿਖਿਆ ਸੁਣ ਲਈ ਜਾਵੇ ਤਾਂ ਬੁਧੀ ਵਿਚ ਰਤਨ ਜਵਾਹਰ ਅਤੇ ਮਾਣਕ (ਕੀਮਤੀ ਗੁਣ) ਪ੍ਰਗਟ ਹੋ ਜਾਂਦੇ ਹਨ। ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ, ਅਠਸਠਿ ਤੀਰਥ ਸੰਗਿ ਗਹੇ। ਗੁਰ ਉਪਦੇਸਿ ਜਵਾਹਰ ਮਾਣਿਕ, ਸੇਵੇ ਸਿਖੁ ਸੁੋ ਖੋਜਿ ਲਹੈ। (੧੩੨੮)

ਗੁਰਾ ਇਕ ਦੇਹਿ ਬੁਝਾਈ ॥ (ਤਾਂ ਤੇ)ਹੇ ਗੁਰੂ! (ਤੇਰੇ ਅੱਗੇ ਮੇਰੀ ਅਰਦਾਸ ਹੈ ਕਿ) ਮੈਨੂੰ ਇਕ ਸਿਖਿਆ ਬੁਝਾ (ਸਮਝਾ) ਦੇਹ।
ਸਭਨਾ ਜੀਆ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੬॥ (ਕਿ) ਸਾਰੇ ਜੀਵਾਂ ਦਾ ਦਾਤਾ ਇਕ ਨਿਰੰਕਾਰ ਹੈ, ਉਹ (ਨਿਰੰਕਾਰ) ਮੈਨੂੰ ਭੁਲ ਨਾ ਜਾਵੇ ਭਾਵ ਮੈਂ ਉਸ ਨੂੰ ਸਦਾ ਯਾਦ ਰਖਾਂ। ੬। ਹੇਠ ਲਿਖੀਆਂ ਤੁਕਾਂ ਦੇ ਦੂਜੇ ਅਰਥ =

ਤੀਰੀਥ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥ ੧. ਮੈਂ ਤੀਰਥ ਉਤੇ ਸ਼ਨਾਨ ਤਾਂ ਕਰਾਂ (ਜੇ ਐਸਾ ਕਰਨ ਨਾਲ) ਉਸ ਪ੍ਰਭੂ ਨੂੰ ਪ੍ਰਸੰਨ ਕਰ ਸਕਾਂ ਅਤੇ ਜੇ ਮੈਂ ਪ੍ਰਭੂ ਨੂੰ ਪ੍ਰਸੰਨ ਨਾ ਕਰ ਸਕਾਂ, ਤਾਂ ਮੈ ਨਹਾ ਕੇ ਕੀ ਕਰਨਾ ਹੈ (ਡਾ. ਤਾਰਨ ਸਿੰਘ)।
੨. ਜੇ ਮੈਂ ਪ੍ਰਭੂ ਨੂੰ ਚੰਗਾ ਲਗ ਜਾਵਾਂ ਤਾਂ ਮੇਰੇ ਲਈ ਇਹੋ ਹੀ ਤੀਰਥ ਇਸ਼ਨਾਨ ਹੈ, ਉਸ ਨੂੰ ਚੰਗਾ ਲਗੇ ਬਿਨਾ ਇਸ਼ਨਾਨ ਕਰਨਾ ਕੀ ਹੋਇਆ? (ਨਿਤਨੇਮ ਸਟੀਕ, ਪ੍ਰੋ. ਪ੍ਰਕਾਸ਼ ਸਿੰਘ ਨਵੀਂ ਦਿਲੀ; ਮਨਮੋਹਨ ਸਿੰਘ S.G.P.C.)।

ਵਿਣੁ ਕਰਮਾ ਕਿ ਮਿਲੈ ਲਈ ॥ (ਵਾਹਿਗੁਰੂ ਦੀ) ਬਖਸ਼ਿਸ਼ ਤੋਂ ਬਿਨਾ ਕੀ ਮਿਲਦਾ ਹੈ? ਜੋ ਮੈਂ (ਅਪਣੇ ਯਤਨਾਂ ਨਾਲ) ਲੈ ਸਕਾਂ। ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥ ਮਨੁੱਖ ਦੀ ਬੁੱਧੀ ਵਿਚ ਰਤਨ, ਜਵਾਹਰ ਅਤੇ ਮਾਣਿਕ (ਅਮੋਲਕ ਗੁਣ) ਭਰੇ ਪਏ ਹਨ, ਪਰ ਮਿਲਦੇ ਤਾਂ ਹਨ, ਜੇ ਇਕ ਗੁਰੂ ਦੀ ਸਿਖਿਆ (ਗੁਰ ਮੰਤ੍ਰ) ਸੁਣ ਲਈਏ।

**ਪਦਾਰਥ** = ਤੀਰਥਿ-ਪਾਣੀਆਂ ਜਾਂ ਦਰਿਆਵਾਂ ਦੇ ਕਿਨਾਰਿਆ ਤੇ ਬਣੇ ਸਥਾਨ, ਜਿਥੇ ਲੋਕ ਨਹਾ ਕੇ ਅਪਣੀ ਕਲਿਆਣ ਹੋਣੀ ਮੰਨਦੇ ਹਨ।ਨਾਵਾ-ਇਸ਼ਨਾਨ ਕਰਾਂ।ਤਿਸੁ-ਉਸ (ਪ੍ਰਭੂ) ਨੂੰ।ਭਾਵਾ-ਚੰਗਾ ਲੱਗਾਂ; ਪਿਆਰਾ ਲੱਗਾਂ।ਵਿਣੁ ਭਾਣੇ-ਬਿਨਾ ਚੰਗਾ ਲੱਗੇ;ਬਿਨਾ ਪ੍ਰਸੰਨ ਕੀਤਿਆਂ।ਕਿ ਨਾਇਕਰੀ-ਨਹਾ (ਇਸ਼ਨਾਨ ਕਰ) ਕੇ ਕੀ ਕਰਾਂ; ਨਹਾ ਕੇ ਕੀ ਕਰਨਾ ਹੈ।ਜੇਤੀ-ਜਿਤਨੀ ਵੀ।ਸਿਰਠਿ-ਸ੍ਰਿਸਟੀ (ਜਗਤ)।ਉਪਾਈ-ਪੈਦਾ ਕੀਤੀ ਹੈ।ਵੇਖਾ-ਦੇਖਦਾ ਹਾਂ।ਵਿਣੁ ਕਰਮਾ-ਬਿਨਾ (ਚੰਗੇ) ਭਾਗਾਂ;ਬਿਨਾ ਸ਼ੁੱਭ ਕਰਮਾਂ ਦੇ; ਬਖਸ਼ਿਸ਼ ਤੋਂ ਬਿਨਾ।ਕਿ ਮਿਲੈ-ਕੀ ਮਿਲਦਾ ਹੈ? ਲਈ-ਮੈਂ ਲੈ ਲਵਾਂ (ਕਿ ਮਿਲੈ ਲਈ-ਕੀ ਮਿਲਦਾ ਹੈ, ਜੇ ਕੋਈ ਲੈ ਲਵੇ;ਕਿਸੇ ਨੂੰ ਕੀ ਮਿਲਦਾ ਹੈ ਅਤੇ ਕੋਈ ਕੀ ਲੈ ਸਕਦਾ ਹੈ?)।ਮਤਿ-ਬੁੱਧੀ।ਰਤਨ-ਕੀਮਤੀ ਵਸਤੂ (ਜਿਵੇਂ ਸਮੁੰਦਰ ਚੋਂ ਨਿਕਲੇ ੧੪ ਰਤਨ)।ਜਵਾਹਰ-ਕੀਮਤੀ ਪੱਥਰ।ਮਾਣਿਕ-ਲਾਲ (ਰਤਨ ਜਵਾਹਰ ਤੇ ਮਾਣਿਕ ਤੋਂ ਭਾਵ ਕੀਮਤੀ ਗੁਣ ਹਨ)।ਸਿਖ-ਸਿੱਖਿਆ; ਉਪਦੇਸ਼; ਗੁਰ ਮੰਤ੍ਰ।ਸੁਣੀ-ਸੁਣੀਏ; ਸੁਣ ਲਈਏ।(ਬਾਕੀ ਅਰਥ ਉਪਰ ਹੋ ਚੁਕੇ ਹਨ)।੬।

**ਵਿਆਖਿਆ** = ਬਹੁਤ ਲੋਕ ਤੀਰਥਾਂ ਤੇ ਇਸ਼ਨਾਨ ਕਰਨ ਨੂੰ ਬੜਾ ਪੁੰਨ ਕਰਮ ਅਤੇ ਕਲਿਆਣ ਦਾ ਸਾਧਨ ਮੰਨਦੇ ਹਨ।ਗੁਰੂ ਜੀ ਆਖਦੇ ਹਨ ਮਨੁੱਖ ਤੀਰਥਾਂ ਤੇ ਨਹਾ ਕੇ, ਤਪ ਕਰਕੇ ਅਤੇ ਦਾਨ ਆਦਿ ਕਰਮ ਕਰਕੇ ਲੋਕਾਂ ਦੀ ਵਾਹ ਵਾਹ ਤਾਂ ਖੱਟ ਲੈਂਦਾ ਹੈ ਅਤੇ ਸਮਾਜ ਵਿਚ ਥੋੜਾ ਜਿਹਾ ਸਨਮਾਨ ਵੀ ਪ੍ਰਾਪਤ ਕਰ ਲੈਂਦਾ ਹੈ {ਤੀਰਥੁ ਤਪੁ ਦਇਆ ਦਤੁ ਦਾਨੁ।ਜੇ ਕੋ ਪਾਵੈ ਤਿਲ ਕਾ ਮਾਨੁ ੪} ਪਰ ਰੱਬ ਦੀ ਖੁਸ਼ੀ ਹਾਸਲ ਨਹੀਂ ਕਰ ਸਕਦਾ।ਤੀਰਥ ਇਸ਼ਨਾਨ ਤਪ ਦਇਆ ਅਤੇ ਦਾਨ ਆਦਿ ਕਰਮ ਬਿਨਾ ਨਾਮ ਸਿਮਰਨ ਤੋਂ ਊਣੇ ਹਨ।ਰਬ ਦੀ ਖੁਸ਼ੀ ਤਾਂ ਸ਼ੁੱਭ ਕਰਮ ਅਤੇ ਨਾਮ ਸਿਮਰਨ ਕਰਕੇ ਮਿਲਦੀ ਹੈ, ਤੀਰਥਾਂ ਤੇ ਨ੍ਹਾਉਣ ਨਾਲ ਨਹੀਂ।ਜੀਵਾਂ ਨੂੰ ਜੋ ਕੁਛ ਵੀ ਮਿਲਦਾ ਹੈ, ਕਰਮਾਂ ਅਨੁਸਾਰ ਹੀ ਮਿਲਦਾ ਹੈ।ਗੁਰ ਬਾਣੀ ਦੇ ਹੇਠ ਲਿਖੇ ਪ੍ਰਮਾਣਾਂ ਅਨੁਸਾਰ ਸਭ ਤੋਂ ਵੱਡਾ ਤੀਰਥ ਤਾਂ ਨਾਮ ਹੈ ঃ-

ਤੀਰਥ ਮਜਨੁ ਗੁਰ ਵੀਚਾਰਾ ੪੧੧।ਤੀਰਥਿ ਨਾਵਣੁ ਜਾਉ, ਤੀਰਥੁ ਨਾਮੁ ਹੈ ੬੮੭।ਤੀਰਥੁ ਹਮਰਾ ਹਰਿ ਕੋ ਨਾਮੁ ੧੧੪੨।
ਸਤਿਗੁਰੁ ਤੀਰਥੁ ਛਡਿ ਕੈ, ਅਠਿਸਠਿ ਤੀਰਥ ਨਾਵਣ ਜਾਹੀ।ਬਗੁਲ ਸਮਾਧਿ ਲਗਾਇਕੈ, ਜਿਉ ਜਲ ਜੰਤਾਂ ਘੁਟਿ ਘੁਟਿ ਖਾਹੀ।
ਹਸਤੀ ਨੀਰਿ ਨਵਾਲੀਅਨਿ, ਬਾਹਰਿ ਨਿਕਲਿ ਖੇਹ ਉਡਾਹੀ।ਨਦੀ ਨ ਡੁਬੈ ਤੂੰਬੜੀ, ਤੀਰਥ ਵਿਸੁ ਨਿਵਾਰੈ ਨਾਹੀ।
ਪਥਰੁ ਨੀਰ ਪਖਾਲੀਐ, ਚਿਤਿ ਕਠੋਰੁ ਨ ਭਿਜੈ ਕਾਹੀ।ਮਨਮੁਖ ਭਰਮ ਨ ਉਤਰੈ, ਭੰਭਲ ਭੂਸੇ ਖਾਇ ਭਵਾਹੀ।
ਗੁਰ ਪੂਰੇ ਵਿਣੁ, ਪਾਰ ਨ ਪਾਹੀ।(ਭਾ.ਗੁ.ਵਾਰ ੧੫-੧੦)।

ਗੁਰੂ ਜੀ ਤਾਂ ਕਹਿੰਦੇ ਹਨ ਜਿਥੇ ਮਹਾਂ ਪੁਰਖਾਂ ਦੇ ਚਰਨ ਪੈ ਜਾਣ, ਉਥੇ ੬੮ ਤੀਰਥ ਪ੍ਰਗਟ ਹੋ ਜਾਂਦੇ ਹਨ ਅਤੇ ਜਿਸ ਥਾਂ ਤੇ ਨਾਮ ਸਿਮਰਨ ਹੁੰਦਾ ਹੈ, ਉਹ ਥਾਂ ਬੈਕੁੰਠ ਧਾਮ ਹੈ {ਅਠਸਠਿ ਤੀਰਥ ਜਹ ਸਾਧ ਪਗ ਧਰਹਿ।ਤਹ ਬੈਕੁੰਠ ਜਹ ਨਾਮੁ ਉਚਰਹਿ ੮੯੦}।ਗੁਰੂ ਜੀ ਇਸ਼ਨਾਨ ਕਰਨਾ ਮਨ੍ਹਾ ਨਹੀ ਕਰ ਰਹੇ {ਗੁਰਮੁਖਿ ਨਾਮੁ ਦਾਨੁ ਇਸਨਾਨੁ ੯੪੨}।ਇਸ਼ਨਾਨ ਦਾ ਸਬੰਧ ਸਰੀਰਕ ਸਫਾਈ ਨਾਲ ਹੈ।ਸਰੀਰ ਦੀ ਸਫਾਈ ਤਾਂ ਇਸ਼ਨਾਨ ਕਰਨ ਨਾਲ ਹੋ ਜਾਂਦੀ ਹੈ, ਅਨੇਕ ਜਨਮਾਂ ਦੀ ਜੋ ਮੈਲ ਮਨ ਨੂੰ ਲਗੀ ਹੋਈ ਹੈ, ਉਹ ਤਾਂ ਸਰੀਰਕ ਇਸ਼ਨਾਨ ਨਾਲ ਨਹੀ ਉਤਰ ਸਕਦੀ {ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ।ਖੰਨਲੀ ਧੋਤੀ ਉਜਲੀ ਨ ਹੋਵਈ, ਜੇ ਸਉ ਧੋਵਣਿ ਪਾਹੁ ੬੫੧}।ਮਨ ਦੀ ਮੈਲ ਤਾਂ ਕਥਾ ਕੀਰਤਨ ਅਤੇ ਨਾਮ ਸਿਮਰਨ ਨਾਲ ਲੱਥਣੀ ਹੈ।ਧਰਮ ਸਥਾਨਾਂ ਤੇ ਜਾ ਕੇ ਇਸ਼ਨਾਨ ਕਰਨ, ਕੀਰਤਨ ਸੁਣਨ, ਭਜਨ ਕਰਨ ਆਦਿ ਦੀ ਗੁਰੂ ਜੀ ਮਨਾਹੀ ਨਹੀ ਕਰ ਰਹੇ।ਕੇਵਲ ਦਿਖਾਵੇ ਦੇ ਕਰਮ ਕਾਂਡ ਦੀ ਨਿਖੇਧੀ ਕਰਦੇ ਹਨ।ਇਸ ਪਉੜੀ ਵਿਚ 'ਅੰਤਰ ਗਤਿ ਤੀਰਥ ਮਲਿ ਨਾਉ' ਦਾ ਉਪਦੇਸ਼ ਹੈ, ਜੋ ਗੁਰੂ ਦੀ ਸਿਖਿਆ ਤੇ ਚਲ ਕੇ ਅਪਣੇ ਅੰਦਰ ਪ੍ਰਗਟ ਹੁੰਦਾ ਹੈ।

ਪਿਛਲੇ ਜਨਮਾਂ ਦੇ ਕੀਤੇ ਕਰਮਾਂ ਅਨੁਸਾਰ ਹੀ ਰੱਬ ਨੇ ਜੋ ਕੁਛ ਮਨੁੱਖ ਦੀ ਕਿਸਮਤ ਵਿਚ ਲਿਖਿਆ ਹੈ, ਉਹ ਹੀ ਇਸ ਮੌਜੂਦਾ ਜੀਵਨ ਵਿਚ ਮਿਲਦਾ ਹੈ।ਇਨਸਾਨ ਦੇ ਵਸ ਕੁਛ ਨਹੀ, ਪ੍ਰਮਾਤਮਾ ਆਪ ਹੀ ਫਲ ਦਾਤਾ ਹੈ।ਪਿਛਲੇ ਜਨਮਾਂ ਦੇ ਕੀਤੇ ਕਰਮਾਂ ਅਨੁਸਾਰ ਜਿਹੋ ਜਿਹੀ ਕਲਮ ਵਾਹ ਦਿੰਦਾ ਹੈ, ਉਹ ਜਿਹੀ ਮਨੁੱਖ ਦੀ ਕਿਰਤ ਲਿਖੀ ਜਾਂਦੀ ਹੈ, ਇਹੋ ਹੀ ਕਿਰਤ ਮਨੁੱਖ ਦੀ ਕਿਸਮਤ ਹੈ =

ਆਪਣ ਲੀਆ ਜੇ ਮਿਲੈ, ਤਾ ਸਭੁ ਕੋ ਭਾਗਠੁ ਹੋਇ।ਕਰਮਾ ਉਪਰਿ ਨਿਬੜੈ, ਜੇ ਲੋਚੈ ਸਭ ਕੋਇ।(੧੫੭)।

ਕਰਮਿ ਮਿਲੈ ਸੋ ਪਾਈਐ, ਕਿਰਤੁ ਪਇਆ ਸਿਰਿ ਦੇਹ ੬੦।ਨਾਨਕ ਕਮਾਣਾ ਸੰਗਿ ਜੁਲਿਆ, ਨਹ ਜਾਇ ਕਿਰਤੁ ਮਿਟਾਇਆ ੪੬੦।ਪਿਛਲੇ ਜਨਮਾਂ ਦੇ ਕੀਤੇ ਬੁਰੇ ਕਰਮ ਮਨੁੱਖ ਨੂੰ ਚੰਗੇ ਪਾਸੇ ਨਹੀਂ ਲਗਣ ਦੇਂਦੇ।ਇਨ੍ਹਾਂ ਕਰਮਾਂ ਨੂੰ ਮੇਟਣਾ ਮਨੁੱਖ ਦੇ ਵਸ ਨਹੀ ਹੈ, ਕਿਉਂਕਿ ਕਿਰਤ ਦੀਆਂ ਲੀਹਾਂ ਵਿਚ ਮਨੁੱਖ ਬੁਰੀ ਤਰ੍ਹਾਂ ਖੁਭਿਆ ਪਿਆ ਹੈ।ਜਿਵੇਂ ਚਿੱਕੜ ਵਿਚ ਫਸਿਆ ਗੱਡਾ ਕਿਸੇ ਤਕੜੀ ਮੱਦਦ ਤੋਂ ਬਿਨਾ ਨਹੀ ਨਿਕਲਦਾ, ਇਸੇ ਤਰ੍ਹਾਂ ਮਨੁੱਖ ਕਰਮ ਜਾਲ ਵਿਚੋਂ ਗੁਰੂ ਦੀ ਮੱਦਤ ਤੋਂ ਬਿਨਾ ਨਹੀ ਨਿਕਲ ਸਕਦਾ।ਕੇਵਲ ਗੁਰੂ ਦੀ ਸਿਖਿਆ ਹੀ ਕਿਰਤ ਦੇ ਨਿਸ਼ਾਨਾਂ ਨੂੰ ਮੇਟ ਸਕਦੀ ਹੈ।ਬੰਦਾ ਮਾਂ ਦੇ ਪੇਟੋਂ ਹੀ ਸਭ ਕੁਝ ਸਿਖ ਕੇ ਨਹੀਂ

ਆਉਂਦਾ। ਬੁਧੀ ਦਾ ਵਿਕਾਸ ਗੁਰੂ ਦੇ ਉਪਦੇਸ਼ ਨਾਲ ਹੁੰਦਾ ਹੈ, ਸ਼ੁਭ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ {ਗੁਹਜ ਰਤਨ ਵਿਚਿ ਲੁਕਿ ਰਹੇ, ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ੩੦੯}।

ਅਜ ਵਿਦਿਆ ਦਾ ਜਮਾਨਾ ਹੈ, ਵਿਦਿਆ ਮਨੁੱਖ ਦੀ ਰੋਜੀ ਵਿਚ ਸਹਾਈ ਹੋ ਸਕਦੀ ਹੈ, ਬੁੱਧੀ ਨੂੰ ਤੇਜ ਕਰਦੀ ਹੈ, ਵਿਹਾਰਾਂ ਅਤੇ ਕਾਰੋਬਾਰ ਵਿਚ ਸਹਾਈ ਹੁੰਦੀ ਹੈ, ਪਰ ਅਗਿਆਨ ਅਤੇ ਹਉਮੈ ਦੀ ਮੈਲ ਨੂੰ ਦੂਰ ਨਹੀ ਕਰ ਸਕਦੀ। ਨਾ ਹੀ ਸਾਡੇ ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦੇ ਅਸਰ ਨੂੰ ਮੇਟਣ ਵਿਚ ਸਹਾਈ ਹੋ ਸਕਦੀ ਹੈ। ਵਿਦਿਆ ਪੜ੍ਹਿਆ ਮਨੁੱਖ ਵੀ ਪਿਛਲੇ ਜਨਮਾਂ ਦੇ ਕੀਤੇ ਕਰਮਾਂ ਤੋਂ ਬਣੇ ਸੁਭਾਵ ਦੀਆਂ ਪ੍ਰਧਾਨ ਰੁਚੀਆਂ ਅਨੁਸਾਰ ਹੀ ਕੰਮ ਕਰਦਾ ਹੈ। ਇਨ੍ਹਾਂ ਰੁਚੀਆਂ ਅਨੁਸਾਰ ਆਪ ਮੁਹਾਰੇ ਚਲ ਕੇ ਮਨਮੱਤ ਵੀ ਕਰਦਾ ਹੈ, ਅਪਣੀ ਵਿਦਿਅਕ ਵਿਚਾਰ ਦੀ ਚਤੁਰਾਈ ਨਾਲ ਗਲਤ ਕੰਮਾਂ ਨੂੰ ਸਹੀ ਸਿੱਧ ਕਰਨ ਦੀ ਕੋਸ਼ਿਸ ਕਰਦਾ ਹੈ। ਅਪਣੀਆਂ ਮੰਦ ਕਰਤੂਤਾਂ ਉਤੇ ਵਿਦਿਅਕ ਚਤੁਰਾਈ ਦਾ ਪੜਦਾ ਪਾਉਂਦਾ ਹੈ। ਚਾਹੇ ਕੋਈ ਅਨਪੜ੍ਹ ਹੈ, ਚਾਹੇ ਪੜ੍ਹਿਆ ਲਿਖਿਆ ਹੈ, ਕਿਰਤ ਦੀਆਂ ਲੀਹਾਂ ਨੂੰ ਮੇਟਣ ਲਈ ਕਿਸੇ ਅਜੇਹੇ ਸਤਿਗੁਰੂ ਦੀ ਲੋੜ ਹੈ, ਜੋ ਪ੍ਰਮਾਤਮਾ ਨਾਲ ਇਕ ਮਿਕ ਹੋਇਆ ਹੋਵੇ। ਗੁਰੂ ਮਨੁੱਖ ਨੂੰ ਸਿਖਿਆ ਦੇ ਕੇ ਮਨਮੱਤ ਨੂੰ ਦੂਰ ਕਰਕੇ ਗੁਰਮੱਤ ਦ੍ਰਿੜ ਕਰਾ ਦੇਂਦਾ ਹੈ, ਜਿਸ ਨਾਲ ਮਨੁੱਖ ਪੁਰਾਣਾ ਸੁਭਾਵ ਬਦਲ ਕੇ ਗੁਰੂ ਦੀ ਸਿਖਿਆ ਅਨੁਸਾਰ ਨਵਾਂ ਸੁਭਾਵ ਉਸਾਰਦਾ ਹੈ, ਜੋ ਪਿਛਲੇ ਕਰਮਾਂ ਨੂੰ ਬਦਲ ਦਿੰਦਾ ਹੈ। ਵਿਦਿਅਕ ਗਿਆਨ ਨਾਲ ਰੱਬੀ ਸੱਤਿਅਤਾ ਤਕ ਨਹੀ ਪਹੁੰਚਿਆ ਜਾ ਸਕਦਾ। ਬੁੱਧੀ ਦੀ ਚਤੁਰਾਈ ਤੇ ਦਲੀਲ ਅਮਿਣਵੀਂ ਅਤੇ ਅਤੋਲਵੀਂ ਰੱਬੀ ਸੱਤਾ ਨੂੰ ਅਨੁਭਵ ਨਹੀ ਕਰ ਸਕਦੀ। ਮਨੁੱਖੀ ਮਨ ਤੇ ਬੁੱਧੀ ਦੀਆਂ ਘੜੀਆਂ ਦਲੀਲਾਂ, ਪ੍ਰਮਾਣ ਅਤੇ ਸਬੂਤ ਪ੍ਰਮਾਤਮ ਹਸਤੀ ਨੂੰ ਸਮਝਣ ਤੇ ਗ੍ਰਹਿਣ ਕਰਨ ਤੋਂ ਅਸਮਰਥ ਹਨ। ਰੱਬ ਦਾ ਸਬੰਧ ਆਤਮਾ ਨਾਲ ਹੈ, ਉਸਨੂੰ ਰੁਹਾਨੀ ਗਿਆਨ ਅਤੇ ਆਤਮਕ ਤਜਰਬਿਆਂ ਦੁਆਰਾ ਅਨੁਭਵ ਕੀਤਾ ਜਾ ਸਕਦਾ ਹੈ। ਸੰਸਾਰੀ ਵਿਦਿਅਕ ਗਿਆਨ ਅਤੇ ਚੰਗੀ ਬੁੱਧੀ ਵੀ ਚਾਹੀਦੀ ਹੈ, ਪਰ ਇਸਦੇ ਨਾਲ ਗੁਰਮਤਿ ਦਾ ਗਿਆਨ ਵੀ ਹੋਵੇ ਤਾਂ ਮਨੁੱਖ ਉਚੀ ਮਾਨਸਿਕ ਅਵਸਥਾ ਪਰਾਪਤ ਕਰ ਸਕਦਾ ਹੈ।

## ॥ ਸੱਤਵੀਂ ਪਉੜੀ ॥

ਉਥਾਨਕਾ =ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਕਿਹਾ ਕਿ ਆਪ ਜੋਗੀ ਬਣ ਜਾਓ। ਹਠ ਯੋਗ ਦੇ ਬਲ ਨਾਲ ਤੁਹਾਡੀ ਉਮਰ ਬਹੁਤ ਵੱਡੀ ਹੋ ਜਾਵੇਗੀ ਅਤੇ ਸਾਰੀ ਦੁਨੀਆਂ ਵਿਚ ਮਾਨਤਾ ਵਧੇਗੀ। ਇਹ ਸੁਣ ਕੇ ਗੁਰੂ ਜੀ ਨੇ ਇਸ ਪਉੜੀ ਰਾਹੀਂ ਸਿਧਾਂ ਨੂੰ ਉਤਰ ਦਿਤਾ ਹੈ =

ਜੇ ਜੁਗ ਚਾਰੇ ਆਰਜਾ, ਹੋਰ ਦਸੂਣੀ ਹੋਇ ॥(ਹਠ ਯੋਗ ਸਾਧਨ ਕਰਨ ਨਾਲ) ਜੇ ਕਿਸੇ ਮਨੁੱਖ ਦੀ ਉਮਰ ਚਾਰ ਜੁਗਾਂ ਜਿੰਨੀ ਹੋ ਜਾਵੇ, (ਇਸ ਤੋਂ ਵਧੀਕ) ਦਸ ਗੁਣਾਂ ਹੋਰ ਹੋ ਜਾਵੇ {ਬਿਨੁ ਸਿਮਰਨ ਕੋਟਿ ਬਰਖ ਜੀਵੈ, ਸਗਲੀ ਅਉਧ ਬ੍ਰਿਥਾਨਦ ੧੨੦੪}।

ਨਵਾ ਖੰਡਾ ਵਿਚਿ ਜਾਣੀਐ, ਨਾਲਿ ਚਲੈ ਸਭੁ ਕੋਇ ॥ (ਰਿਧੀਆਂ ਸਿਧੀਆਂ ਦੇ ਬਲ ਕਰਕੇ ਜੇ ਉਹ ਮਨੁੱਖ ਧਰਤੀ ਦੇ) ਨੌਆਂ ਖੰਡਾਂ (ਸਾਰੇ ਸੰਸਾਰ) ਵਿਚ ਸ੍ਰੋਮਣੀ ਜਾਣਿਆ ਜਾਂਦਾ ਹੋਵੇ ਭਾਵ ਪ੍ਰਸਿੱਧ ਹੋ ਜਾਵੇ ਅਤੇ ਸਭ ਕੋਈ ਉਸਦੇ (ਹੁਕਮ ਵਿਚ) ਨਾਲ ਹੋ ਕੇ ਚਲੇ; ਸਭ ਕੋਈ (ਹਰੇਕ ਮਨੁੱਖ) ਉਸ ਦਾ ਪੱਖੀ ਬਣ ਜਾਵੇ।

ਚੰਗਾ ਨਾਉ ਰਖਾਇਕੈ, ਜਸੁ ਕੀਰਤਿ ਜਗਿ ਲੇਇ ॥ (ਫਿਰ ਉਹ ਮਨੁੱਖ ਧਰਮਾਤਮਾ, ਪੁੰਨੀ, ਵਿਸ਼ਵਨਾਥ, ਪਰਉਕਾਰੀ, ਲੋਕ ਸੇਵਕ ਆਦਿ ਅਪਣਾ) ਚੰਗਾ ਨਾਉਂ ਰਖਵਾ ਕੇ ਜਗਤ ਵਿਚਸੋਭਾ ਵਡਿਆਈ ਖੱਟ ਲਵੇ।

ਮੋਟਾ ਨਾਉ ਧਰਾਈਐ, ਗਲਿ ਅਉਗਣ ਭਾਰਾ। (੧੦੦੯)।

ਜੇ ਤਿਸੁ ਨਦਰਿ ਨ ਆਵਈ, ਤ ਵਾਤ ਨ ਪੁਛੈ ਕੇ ॥ (ਪਰ ਐਸਾ ਮਨੁੱਖ) ਜੇ ਉਸ ਪ੍ਰਭੂ ਦੀ ਮੇਹਰ ਭਰੀ ਨਜਰ ਵਿਚ ਨਹੀਂ ਆਉਂਦਾ ਤਾਂ (ਉਹ ਉਸ ਮਨੁੱਖ ਵਰਗਾ ਹੈ, ਜਿਸਦੀ) ਕੋਈ ਬਾਤ ਨਹੀ ਪੁਛਦਾ ਭਾਵ ਨਿਆਸਰਾ ਹੈ।

ਕੀਟਾ ਅੰਦਰਿ ਕੀਟੁ ਕਰਿ, ਦੋਸੀ ਦੋਸੁ ਧਰੇ ॥(ਪ੍ਰਭੂ ਦੀ ਨਦਰ ਤੋਂ ਵਿਹੂਣਾ ਉਹ ਮਨੁੱਖ) ਕੀੜਿਆਂ ਅੰਦਰ ਕੀੜਾ ਕਰਕੇ ਜਾਣਿਆ ਜਾਂਦਾ ਹੈ (ਨੀਚ ਬੰਦਿਆ ਵਿਚੋਂ ਸਭ ਤੋਂ ਨੀਚ ਗਿਣਿਆ ਜਾਂਦਾ ਹੈ ਅਤੇ ਪ੍ਰਭੂ ਉਸ)ਦੋਸ਼ੀ ਉਤੇ(ਨਾਮ ਭੁੱਲਣ ਦਾ) ਦੋਸ ਧਰਦਾ (ਲਾਉਂਦਾ) ਹੈ। ਜੇ ਕੋ ਨਾਉ ਧਰਾਏ ਵਡਾ, ਸਾਦ ਕਰੇ ਮਨ ਭਾਣੇ। ਖਸਮੈ ਨਦਰੀ ਕੀੜਾ ਆਵੈ, ਜੇਤੇ ਚੁਗੈ ਦਾਣੇ। (੩੬੦)

ਨਾਨਕ ਨਿਰਗੁਣਿ ਗੁਣੁ ਕਰੇ, ਗੁਣਵੰਤਿਆ ਗੁਣੁ ਦੇ ॥ ਗੁਰੂ ਨਾਨਕ ਦੇਵ ਜੀ ਆਖਦੇ ਹਨ (ਜੇ ਦੋਸੀ ਮਨੁੱਖ ਵੀ ਗੁਰੂ ਦੀ ਸ਼ਰਣ ਵਿਚ ਆ ਕੇ ਨਾਮ ਜਪੇ ਤਾਂ ਪ੍ਰਮਾਤਮਾ ਉਨ੍ਹਾਂ) ਨਿਰਗੁਣਿਆਂ ਨੂੰ ਵੀ ਗੁਣਵਾਨ ਬਣਾ ਦੇਂਦਾ ਹੈ ਜਾਂ ਪ੍ਰਮਾਤਮਾ ਨਿਰਗੁਣਿਆਂ ਤੇ ਵੀ ਉਪਕਾਰ ਕਰਦਾ ਹੈ ਅਤੇ ਗੁਣਵਾਨਾਂ ਨੂੰ (ਹੋਰ ਵਧੀਕ) ਗੁਣ ਬਖਸ਼ ਦੇਂਦਾ ਹੈ।

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ, ਸਤਿਗੁਰ ਕੀ ਸੇਵਾ ਲਾਇ। (੬੩੮)

ਤੇਹਾ ਕੋਇ ਨ ਸੁਝਈ, ਜਿ ਤਿਸੁ ਗੁਣੁ ਕੋਇ ਕਰੇ ॥੭॥ (ਪਰ ਹੋਰ) ਅਜੇਹਾ ਕੋਈ ਨਹੀ ਦਿਸਦਾ, ਜਿਹੜਾ ਉਸ (ਪ੍ਰਮਾਤਮਾ) ਤੇ ਕੋਈ ਉਪਕਾਰ ਕਰੇ ਜਾਂ ਪ੍ਰਮਾਤਮਾ ਨੂੰ ਕੋਈ ਗੁਣਵਾਨਬਣਾਵੇ (ਪ੍ਰਮਾਤਮਾ ਸੰਸਾਰੀ ਜੀਵਾਂ ਨੂੰ ਗੁਣਵਾਨ ਬਣਾਉਂਦਾ ਹੈ, ਉਸ ਨੂੰ

ਕੋਈ ਗੁਣਵਾਨ ਨਹੀਂ ਬਣਾ ਸਕਦਾ, ਕਿਉਂਕਿ ਸਾਰੇ ਗੁਣ ਤਾਂ ਉਸ ਵਿਚੋਂ ਨਿਕਲਦੇ ਹਨ)।੭।
'ਨਾਲਿ ਚਲੈ ਸਭੁ ਕੋਇ'= (ਸਤਿਕਾਰ ਵੱਜੋਂ) ਸਾਰੀ ਦੁਨੀਆਂ ਉਸ ਦੇ ਪਿਛੇ ਲਗ ਕੇ ਤੁਰ ਪਵੇ।
'ਤ ਵਾਤ ਨ ਪੁਛੈ ਕੇ'ਦਾ ਦੂਜਾ ਅਰਥ = ਰੱਬ ਦੀ ਦਰਗਾਹ ਵਿਚ ਉਸ ਦੀ ਕੋਈ ਬਾਤ ਨਹੀ ਪੁਛਦਾ। ਜਾਂ (ਲੋਕ ਉਸ ਦੇ ਰੋਹਬ ਦਾਬ ਕਰਕੇ ਤਾਂ ਨਾਲ ਚਲਦੇ ਹਨ, ਉਪਰੋਂ ਦਿਖਾਵੇ ਦਾ ਸਤਕਾਰ ਕਰਦੇ ਹਨ) ਉਂਝ ਉਸ ਦੀ ਕੋਈ ਬਾਤ ਨਹੀ ਪੁਛਦਾ।
**ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥** (ਸੱਚੇ ਦਰਬਾਰ ਵਿਚ ਕਰਮਾਂ ਦੀ ਵਿਚਾਰ ਹੋਣ ਤੇ) ਉਸ ਦੋਸੀ ਤੇ ਦੋਸ ਲਗਾ ਕੇ ਕੀੜਿਆਂ ਦੀ ਜੂਨ ਵਿਚ ਕੀੜਾ ਬਣਾਇਆ ਜਾਂਦਾ ਹੈ {ਬਿਸਟਾ ਅੰਦਰਿ ਕੀਟ ਸੇ, ਪਇ ਪਚਹਿ ਵਾਰੋ ਵਾਰ ੯੫}।
'ਦੋਸੀ ਦੋਸੁ ਧਰੇ'ਦਾ ਦੂਜਾ ਅਰਥ = ਦੋਸੀ ਬੰਦੇ ਵੀ ਉਸ ਉਤੇ (ਪਾਪਾਂ ਦਾ) ਦੋਸ ਧਰਦੇ (ਥਪਦੇ) ਹਨ।
**ਪਦਾਰਥ** = ਜੁਗ ਚਾਰੇ-ਚਾਰ ਜੁਗਾਂ (ਸੱਤਜੁਗ, ਤ੍ਰੇਤਾ, ਦੁਆਪਰ ਅਤੇ ਕਲਜੁਗ) ਜਿੰਨੀ। ਆਰਜਾ-ਉਮਰ। ਦਸੂਣੀ-ਦਸ ਗੁਣਾਂ। ਹੋਇ-ਹੋ ਜਾਵੇ। ਨਵਾ ਖੰਡਾ-ਨੌਂ ਖੰਡਾਂ (ਸਾਰੇ ਸੰਸਾਰ) ਵਿਚ। ਜਾਣੀਐ-ਜਾਣਿਆ ਜਾਂਦਾ ਹੋਵੇ। ਨਾਲਿ ਚਲੈ-ਨਾਲ ਚਲਦੇ ਹੋਣ;ਅਨੁਸਾਰੀ ਹੋ ਕੇ ਆਗਿਆ ਵਿਚ ਚਲਣ। ਸਭ ਕੋਇ-ਸਭ ਕੋਈ; ਹਰੇਕ ਮਨੁੱਖ। ਜਸੁਕੀਰਤਿ-ਸੋਭਾ;ਸਨਮਾਨ ਵਡਿਆਈ (ਮ. ਕੋ.)। ਜਗਿ-ਜਗਤ ਵਿਚ। ਲੇਇ-ਲੈ (ਖੱਟ) ਲਵੇ। ਤਿਸੁ-ਉਸ (ਵਾਹਿਗੁਰੂ) ਨੂੰ। ਨਦਰਿ-ਨਜਰ ਵਿਚ। ਨ ਆਵਈ-ਨਹੀ ਆਉਂਦਾ। ਵਾਤ-ਬਾਤ; ਸਾਰ। ਕੇ-ਕੋਈ। ਕੀਟਾ-ਕੀੜਾ (ਬਹੁਤ ਨੀਚ)। ਕੀਟੁ ਕਰਿ-ਕੀੜਾ ਕਰਕੇ ਜਾਣਿਆ ਜਾਂਦਾ ਹੈ;ਕੀੜਾ ਬਣਾਇਆ ਜਾਂਦਾ ਹੈ। ਦੋਸੀ ਦੋਸੁ ਧਰੇ-ਦੋਸੀ ਉਤੇ ਦੋਸ ਧਰਦਾ (ਲਉਂਦਾ) ਹੈ; ਦੋਸੀ (ਲੋਕ) ਵੀ ਦੋਸ ਲਾਉਂਦੇ ਹਨ। ਨਿਰਗੁਣਿ-ਗੁਣਾਂ ਤੋਂ ਖਾਲੀ ਲੋਕਾਂ ਨੂੰ। ਗੁਣੁ ਕਰੇ-ਗੁਣਵਾਨ ਬਣਾਉਂਦਾ ਹੈ। ਗੁਣਵੰਤਿਆ-ਗੁਣਵਾਨਾਂ (ਜਿਹੜੇ ਪਹਿਲਾਂ ਹੀ ਗੁਣਾਂ ਵਾਲੇ ਹਨ,ਉਨ੍ਹਾਂ) ਨੂੰ। ਦੇ-ਦੇਂਦਾ ਹੈ। ਤੇਹਾ-ਤੈਸਾ; ਅਜੇਹਾ। ਨ ਸੁਝਈ-ਨਹੀਂ ਸੁਝਦਾ (ਦਿਸਦਾ)। ਜਿ-ਜਿਹੜਾ। ਤਿਸੁ-ਉਸ (ਪ੍ਰਭੂ) ਨੂੰ।੭।
**ਵਿਆਖਿਆ** = ਬਹੁਤ ਸਾਰੇ ਯੋਗੀ ਦਸਮ ਦੁਆਰ ਪ੍ਰਾਣ ਚੜ੍ਹਾ ਕੇ ਅਪਣੀ ਉਮਰ ਵਧਾ ਲੈਂਦੇ ਹਨ। ਸੰਤੋਖ ਸਰ ਸਰੋਵਰ ਦੀ ਖੁਦਾਈ ਸਮੇਂ ਮਿੱਟੀ ਵਿਚ ਦੱਬਿਆ ਇਕ ਮਠ ਮਿਲਿਆ, ਜਿਸ ਵਿਚ ਸੰਤੋਖ ਦਾਸ ਜੋਗੀ ਲੰਬੇ ਸਮੇਂ ਤੋਂ ਸਮਾਧੀ ਵਿਚ ਬੈਠਾ ਸੀ। ਗੁਰੂ ਅਰਜਨ ਦੇਵ ਜੀ ਨੇ ਜੁਗਤੀ ਨਾਲ ਇਸ ਜੋਗੀ ਦੇ ਪ੍ਰਾਣ ਮੁੜ ਚਲਾ ਕੇ ਹੋਸ਼ ਵਿਚ ਲਿਆਂਦਾ। ਇਸ ਨੂੰ ਸਿਖਿਆ ਦੇ ਕੇ ਨਾਮ ਦੀ ਦਾਤ ਬਖਸ਼ੀ ਅਤੇ ਜਨਮ ਮਰਣ ਦੇ ਬੰਧਨਾਂ ਤੋਂ ਮੁਕਤ ਕੀਤਾ ਸੀ। ਜੋਗੀ ਉਮਰ ਵਧਾ ਕੇ ਰਿਧੀਆਂ ਸਿਧੀਆਂ ਆਦਿ ਕਰਾਮਾਤਾਂ ਦੀ ਸ਼ਕਤੀ ਨਾਲ ਲੋਕਾਂ ਵਿਚ ਅਪਣਾ ਜਸ ਕਰਾ ਲੈਂਦਾ ਹੈ ਅਤੇ ਲੋਕਾਂ ਨੂੰ ਵੀ ਮਗਰ ਲਾ ਲੈਂਦਾ ਹੈ, ਪਰ ਪ੍ਰਮਾਤਮਾ ਦੀ ਮਿਹਰ ਦ੍ਰਿਸਟੀ ਪ੍ਰਾਪਤ ਨਹੀ ਕਰ ਸਕਦਾ =
**ਪੂਜ ਲਗੈ ਪੀਰੁ ਆਖੀਐ, ਸਭੁ ਮਿਲੈ ਸੰਸਾਰੁ। ਨਾਉ ਸਦਾਏ ਆਪਣਾ, ਹੋਵੈ ਸਿਧੁ ਸੁਮਾਰੁ। ਜਾ ਪਤਿ ਲੇਖੈ ਨ ਪਵੈ, ਸਭਾ ਪੂਜ ਖੁਆਰੁ ੧੭। ਜੋਗ ਸਿਧ ਆਸਣ ਚਉਰਾਸੀਹ, ਏ ਭੀ ਕਰਿ ਕਰਿ ਰਹਿਆ। ਵਡੀ ਆਰਜਾ ਫਿਰਿ ਫਿਰਿ ਜਨਮੈ, ਹਰਿ ਸਿਉ ਸੰਗੁ ਨ ਗਹਿਆ ੬੪੨।**
**ਬਿਨੁ ਸਿਮਰਨ ਜੋ ਜੀਵਨੁ ਬਲਨਾ, ਸਰਪ ਜੈਸੇ ਅਰਜਾਰੀ। ਨਵ ਖੰਡਨ ਕੋ ਰਾਜੁ ਕਮਾਵੈ, ਅੰਤਿ ਚਲੈਗੋ ਹਾਰੀ ੭੧੨।**
ਉਮਰ ਦਾ ਆਖਰ ਇਕ ਦਿਨ ਅੰਤ ਤਾਂ ਹੋਣਾ ਹੀ ਹੈ, ਨਾਲ ਦੀ ਨਾਲ ਰਿਧੀਆਂ ਸਿਧੀਆਂ ਅਤੇ ਲੋਕਾਂ ਵਲੋਂ ਮਿਲੀ ਵਡਿਆਈ ਦਾ ਵੀ ਅੰਤ ਹੋ ਜਾਣਾ ਹੈ। ਵਧੀ ਉਮਰ ਅਤੇ ਕਰਾਮਾਤੀ ਤਾਕਤਾਂ ਦਾ ਹੰਕਾਰ ਹੋ ਜਾਂਦਾ ਹੈ, ਪ੍ਰਮਾਤਮਾ ਦਾ ਨਾਮ ਭੁਲਿਆ ਹੋਣ ਕਰਕੇ ਜਦ ਨਿਰੰਕਾਰ ਦੇ ਦਰਬਾਰ ਵਿਚ ਹਿਸਾਬ ਕਿਤਾਬ ਹੁੰਦਾ ਹੈ, ਤਾਂ ਉਹ ਕੀੜਿਆਂ ਦੀ ਜੂਨ ਵਿਚ ਪਾਇਆ ਜਾਂਦਾ ਹੈ {ਬਿਸਟਾ ਅੰਦਰਿ ਕੀਟ ਭਏ ਉਤ ਹੀ ਤੇ, ਉਤ ਹੀ ਮਾਹਿ ਸਮਾਇਆ ੧੨੫੫}। ਪਰ ਨਿਰਾਸਤਾ ਦੀ ਗੱਲ ਵੀ ਨਹੀਂ ਹੈ, ਜੇ ਦੋਸ਼ੀ ਸੁਧਰ ਜਾਵੇ ਅਤੇ ਗੁਰੂ ਦੀ ਸ਼ਰਣ ਪੈ ਕੇ ਨਾਮ ਨਾਲ ਜੁੜ ਜਾਵੇ ਤਾਂ ਪ੍ਰਮਾਤਮਾ ਉਸਨੂੰ ਵੀ ਬਖਸ਼ ਦੇਂਦਾ ਹੈ। ਉਸਨੂੰ ਗੁਣਵਾਨ ਬਣਾ ਦੇਂਦਾ ਹੈ {ਸਾਈ ਸੋਹਾਗਣਿ ਸਾਈ ਭਾਗਣਿ, ਜੈ ਪਿਰਿ ਕਿਰਪਾ ਧਾਰੀ। ਪਿਰਿ ਅਉਗਣ ਤਿਸ ਕੇ ਸਭਿ ਗਵਾਏ, ਗਲ ਸੇਤੀ ਲਾਇ ਸਵਾਰੀ ੯੫੯}। ਜਿਹੜੇ ਪਹਿਲਾਂ ਹੀ ਗੁਣਾਂ ਵਾਲੇ ਹਨ, ਉਨ੍ਹਾਂ ਨੂੰ ਹੋਰ ਜਿਆਦਾ ਗੁਣ ਬਖਸ਼ਦਾ ਹੈ, ਕਿਉਂਕਿ ਪ੍ਰਭੂ ਦੇ ਗੁਣਾਂ ਦਾ ਅੰਤ ਨਹੀਂ। ਮਨੁੱਖ ਵਿਚ ਸਾਰੇ ਗੁਣ ਨਹੀ ਹੋ ਸਕਦੇ, ਜਿਹੜੇ ਪ੍ਰਮਾਤਮਾ ਵਿਚ ਹਨ,ਸਾਰੇ ਗੁਣਾਂ ਦਾ ਮਾਲਕ ਨਿਰੰਕਾਰ ਹੈ। ਕੋਈ ਅਜੇਹਾ ਬੰਦਾ ਨਹੀਂ, ਜੋ ਨਿਰੰਕਾਰ ਨੂੰ ਗੁਣ ਦੇ ਸਕੇ, ਕਿਉਂਕਿ ਉਸ ਵਰਗਾ ਕੋਈ ਹੋਰ ਹੈ ਹੀ ਨਹੀਂ।

## ॥ ਅਠਵੀਂ ਪਉੜੀ ॥

ਗੁਰੂ ਨਾਨਕ ਦੇਵ ਜੀ ਹੁਣ ਵਾਹਿਗੁਰੂ ਨਾਮ ਸ੍ਰਵਣ ਕਰਨ ਦਾ ਮਹਾਤਮ ਦਸਦੇ ਹਨ =
**ਸੁਣਿਐ ਸਿਧ ਪੀਰ ਸੁਰਿ ਨਾਥ ॥** (ਵਾਹਿਗੁਰੂ ਦਾ ਨਾਮ) ਸੁਣਨ ਕਰਕੇ (ਭਗਤ ਜਨ) ਸਿੱਧਾਂ, ਪੀਰਾਂ ਅਤੇ ਵੱਡੇ ਨਾਥਾਂ ਦੀ ਪਦਵੀ ਤਕ ਪਹੁੰਚ ਜਾਂਦੇ ਹਨ। ਨਾਇ ਸੁਣਿਐ ਸਭ ਸਿਧਿ ਹੈ, ਰਿਧਿ ਪਿਛੈ ਆਵੈ। (੧੨੪੦)

ਸੁਣਿਐ ਧਰਤਿ ਧਵਲ ਆਕਾਸ ॥ ਵਾਹਿਗੁਰੂ ਦਾ ਨਾਮ ਅਤੇ ਉਸ ਦੀ ਮਹਿਮਾਂ ਸੁਣਨ ਨਾਲ ਧਰਤੀ ਨੂੰ ਚੁਕਣ ਵਾਲੇ ਕਲਪਤ ਚਿੱਟੇ ਬਲਦ ਦੀ ਅਸਲੀਅਤ ਅਤੇ ਧਰਤੀ ਤੇ ਅਕਾਸ਼ ਕਿਸ ਦੇ ਆਸਰ ਖੜ੍ਹੇ ਹਨ? ਇਸ ਬਾਰੇ ਗਿਆਨ ਹੋ ਜਾਂਦਾ ਹੈ {ਨਾਮ ਕੇ ਧਾਰੇ ਆਗਾਸ ਪਾਤਾਲ ੨੮੪}। ਗੁਰਬਾਣੀ ਅਨੁਸਾਰ ਧਰਤੀ ਅਤੇ ਆਕਾਸ ਨਾਮ ਦੇ ਆਸਰੇ ਖੜ੍ਹੇ ਹਨ।
ਸੁਣਿਐ ਦੀਪ ਲੋਅ ਪਾਤਾਲ ॥ ਨਾਮ ਸੁਣਨ ਨਾਲ (ਭਗਤਾਂ ਨੂੰ) ਟਾਪੂਆਂ (ਜਾਂ ਧਰਤੀ ਦੇ ਸੱਤ ਦੀਪਾਂ), ਪੁਰੀਆਂ ਤੇ ਪਾਤਾਲਾਂ ਦੀ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ।
ਸੁਣਿਐ ਪੋਹਿ ਨ ਸਕੈ ਕਾਲੁ ॥ ਨਾਮ ਸੁਣਨ ਨਾਲ (ਭਗਤਾਂ ਨੂੰ) ਕਾਲ ਪੋਹ (ਅਸਰ ਕਰ) ਨਹੀ ਸਕਦਾ {ਜੋ ਜਨੁ ਕਰੈ ਕੀਰਤਨੁ ਗੋਪਾਲ। ਤਿਸੁ ਕਉ ਪੋਹਿ ਨ ਸਕੈ ਜਮਕਾਲੁ ੮੬੭; ਭਗਤਾ ਨੋ ਜਮੁ ਜੋਹਿ ਨ ਸਾਕੈ, ਕਾਲੁ ਨ ਨੇੜੈ ਜਾਈ ੬੩੭}।
ਨਾਨਕ ਭਗਤਾ ਸਦਾ ਵਿਗਾਸੁ ॥ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਰੱਬ ਦੇ) ਭਗਤਾਂ ਨੂੰ ਸਦਾ ਹੀ ਖੇੜਾ (ਅਨੰਦ ਬਣਿਆ ਰਹਿੰਦਾ) ਹੈ। ਗਿਆਨੀਆ ਅੰਦਰਿ ਗੁਰ ਸਬਦੁ ਹੈ, ਨਿਤ ਹਰਿ ਲਿਵ ਸਦਾ ਵਿਗਾਸੁ। (੧੪੧੫)
ਸੁਣਿਐ ਦੂਖ ਪਾਪ ਕਾ ਨਾਸੁ ॥੮॥ (ਕਿਉਂਕਿ) ਨਾਮ ਸੁਣਨ ਨਾਲ (ਰੱਬ ਦੇ ਭਗਤਾਂ ਦੇ) ਦੁੱਖਾਂ ਪਾਪਾਂ ਦਾ ਨਾਸ ਹੋ ਜਾਂਦਾ ਹੈ।੮।
ਸੁਣਿਐ ਸਿਧ ਪੀਟ ਸੁਰਿ ਨਾਥ ॥ ੧. ਵਾਹਿਗੁਰੂ ਦੀ ਸਿਫਤ ਸਲਾਹ ਸੁਣਨ ਕਰਕੇ ਹੀ ਸਿਧ, ਪੀਰ, ਦੇਵਤੇ ਅਤੇ ਨਾਥ ਉਚੀਆਂ ਪਦਵੀਆਂ ਤੇ ਪੁੱਜੇ ਹਨ।
੨. (ਵਾਹਿਗੁਰੂ ਦਾ ਨਾਮ) ਸੁਣਨ ਨਾਲ ਸਿੱਧਾਂ ਪੀਰਾਂ ਦੇਵਤਿਆਂ ਅਤੇ ਨਾਥਾਂ ਦੀ ਅਸਲੀਅਤ ਦਾ ਪਤਾ ਲਗ ਜਾਂਦਾ ਹੈ ਭਾਵ ਇਹ ਸਾਰੇ ਅਪਣੀਆਂ ਪਦਵੀਆਂ ਤੇ ਕਿਵੇਂ ਪਹੁੰਚੇ? ਇਸ ਦਾ ਗਿਆਨ ਹੋ ਜਾਂਦਾ ਹੈ। ਹੇਠ ਲਿਖੀਆਂ ਤੁਕਾਂ ਦੇ ਦੂਜੇ ਅਰਥ =
ਸੁਣਿਐ ਧਰਤਿ ਧਵਲ ਆਕਾਸ ॥ ਨਾਮ ਸੁਣਨ ਨਾਲ (ਭਗਤਾਂ ਨੂੰ ਪ੍ਰਭੂ ਹੀ) ਧਰਤੀ, ਧਉਲ ਅਤੇ ਅਕਾਸ਼ ਦਾ ਸਹਾਰਾ ਹੋ ਕੇ ਦਿਸਦਾ ਹੈ (ਡਾ. ਤਾਰਨ ਸਿੰਘ)।
ਸੁਣਿਐ ਦੀਪ ਲੋਅ ਪਾਤਾਲ = ਨਾਮ ਸੁਣਨ ਨਾਲ ਗਿਆਨ ਹੋ ਜਾਂਦਾ ਹੈ ਕਿ ਪ੍ਰਭੂ ਸਾਰੇ ਦੀਪਾਂ. ਪਤਾਲਾਂ ਅਤੇ (ਤਿੰਨਾਂ) ਲੋਕਾਂ ਵਿਚ ਵਿਆਪਕ ਹੈ। ਸਪਤ ਦੀਪ ਸਪਤ ਸਾਗਰਾ ਨਵ ਖੰਡ ਚਾਰਿ ਵੇਦ ਦਸ ਅਸਟ ਪੁਰਾਣਾ। ਹਰਿ ਸਭਨਾ ਵਿਚਿ ਤੂੰ ਵਰਤਦਾ ਹਰਿ ਸਭਨਾ ਭਾਣਾ। (੮੪)
ਪਦਾਰਥ = ਸੁਣਿਐ-ਸੁਣਿਆਂ; ਸੁਣਨ ਨਾਲ। ਸਿਧ-ਪੁਗਿਆ ਹੋਇਆ ਸਿੱਧੀ ਨੂੰ ਪ੍ਰਾਪਤ ਜੋਗੀ। ਪੀਰ-ਇਸਲਾਮ ਵਿਚ ਮੰਨੇ ਗਏ ਕਰਾਮਾਤੀ ਧਾਰਮਕ ਆਗੂ। ਸੁਰਿ-ਦੇਵਤੇ; ਵੱਡਾ। ਨਾਥ-ਜੋਗ ਮੱਤ ਦੇ ਵਡੇ ਨੌਂ ਨਾਥ, ਜਿਵੇਂ ਗੋਰਖ ਨਾਥ, ਮਛੰਦਰ ਨਾਥ, ਚਰਪਟ ਨਾਥ, ਭੰਗਰ ਨਾਥ ਆਦਿ। ਧਵਲ-ਹਿੰਦੂ ਮੱਤ ਵਿਚ ਮੰਨਿਆ ਹੋਇਆ ਧੌਲਾ ਬਲਦ, ਜੋ ਧਰਤੀ ਨੂੰ ਚੁੱਕੀ ਖੜਾ ਹੈ (ਗੁਰਬਾਣੀ ਅਨੁਸਾਰ ਧਰਮ ਰੂਪ ਚਿੱਟਾ ਬਲਦ ਧਰਤੀ ਨੂੰ ਚੁੱਕੀ ਖੜਾ ਹੈ)। ਦੀਪ-ਟਾਪੂ; ਸਮੁੰਦਰ ਵਿਚ ਪਾਣੀ ਨਾਲ ਘਿਰਿਆ ਦੇਸ਼;ਧਰਤੀ ਦੇ ਸੱਤ ਦੀਪ। ਲੋਅ-ਪੁਰੀਆਂ; ਭਵਨ;ਤਿੰਨ ਲੋਕ (ਮਾਤ ਲੋਕ, ਪਰ ਲੋਕ ਅਤੇ ਪਤਾਲ ਲੋਕ)। ਪੋਹਿ ਨ ਸਕੈ-ਨਹੀ ਲਗ ਸਕਦਾ; ਅਸਰ ਨਹੀ ਕਰਦਾ। ਕਾਲੁ-ਮੌਤ। ਭਗਤਾ-ਭਗਤਾਂ ਨੂੰ। ਵਿਗਾਸੁ-ਖੇੜਾ; ਅਨੰਦ; ਖੁਸ਼ੀ। ਨਾਸੁ-ਅੰਤ; ਖਾਤਮਾ।੮।
ਵਿਆਖਿਆ = ਤੱਤ ਗਿਆਨ ਦੀ ਪ੍ਰਾਪਤੀ ਦਾ ਮੁਖ ਸਾਧਨ ਸ੍ਰਵਣ ਕਰਨਾ ਹੈ। 'ਜੇ ਇਕ ਗੁਰ ਕੀ ਸਿਖ ਸੁਣੀ' ਨੂੰ ਹੀ ਇਨ੍ਹਾਂ ਪਉੜੀਆਂ ਵਿਚ ਸੁਣਿਐ ਕਥਨ ਕਰਕੇ ਸੁਣਨ ਦਾ ਮਹਾਨ ਮਹਾਤਮ ਦਸਿਆ ਹੈ। ਸੁਣਨ ਤੋਂ ਭਾਵ ਇਹ ਨਹੀ ਕਿ ਇਕ ਕੰਨ ਤੋਂ ਸੁਣ ਕੇ ਦੂਜੇ ਕੰਨ ਥਾਣੀ ਕਢ ਦੇਈਏ, ਸੁਣਨ ਦਾ ਭਾਵ ਹੈ ਕਿ ਸੁਣੀ ਹੋਈ ਸਿਖਿਆ ਮਨ ਵਿਚ ਵਸਾਈ ਜਾਵੇ {ਨਾਮੁ ਨਿਰੰਜਨੁ ਨਿਰਮਲਾ, ਸੁਣਿਐ ਸੁਖੁ ਹੋਈ। ਸੁਣਿ ਸੁਣਿ ਮਨਿ ਵਸਾਈਐ, ਬੂਝੈ ਜਨੁ ਕੋਈ ੧੨੩੯}। ਗੁਰਬਾਣੀ ਦਾ ਪਾਠ ਅਤੇ ਕੀਰਤਨ ਮਨ ਲਾ ਕੇ ਸੁਣਿਆ ਜਾਵੇ ਤਾਂ ਮਨੁੱਖ ਨੂੰ ਆਤਮ ਗਿਆਨ ਪ੍ਰਾਪਤ ਹੋ ਜਾਂਦਾ ਹੈ {ਗੁਰੁ ਨਾਨਕੁ ਜਿਨ ਸੁਣਿਆ ਪੇਖਿਆ, ਸੇ ਫਿਰਿ ਗਰਭਾਸਿ ਨ ਪਰਿਆ ਰੇ ੬੧੨}। ਵਾਹਿਗੁਰੂ ਦਾ ਨਾਮ ਅਤੇ ਮਹਿਮਾਂ ਸੁਣਨ ਵਾਲੇ ਗੁਰਮਤ ਦੇ ਪਾਂਧੀਆਂ ਦੇ ਦੁਖ ਤੇ ਪਾਪ ਨਸ਼ਟ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਸਦੀਵੀ ਅਨੰਦ ਪ੍ਰਾਪਤ ਹੁੰਦਾ ਹੈ। ਉਹ ਭਗਤ ਜਨ ਜੀਵਨ ਮੁਕਤ ਹੋ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਸ੍ਰਵਣ ਕਰਨ ਦਾ ਮਹਾਤਮ ਸਿੱਖੀ ਅਤੇ ਭਗਤੀ ਭਾਵਨਾ ਅਨੁਸਾਰ ਕੀਤਾ ਹੈ। ਜੋਗ ਮਤ ਨੂੰ ਮੰਨਣ ਵਾਲਿਆਂ ਦੇ ਨਿਸਚੇ ਅਨੁਸਾਰ ਜਿਹੜੀ ਪਦਵੀ ਸਿੱਧਾਂ, ਪੀਰਾਂ, ਦੇਵਤਿਆਂ ਜਾਂ ਨਾਥਾਂ ਨੂੰ ਪ੍ਰਾਪਤ ਹੁੰਦੀ ਹੈ, ਉਸਦੀ ਗੁਰਮਤ ਦੇ ਪਾਂਧੀਆਂ ਨੂੰ ਕੋਈ ਥੋੜ ਨਹੀ ਰਹਿ ਜਾਂਦੀ। ਸਿੱਧਾਂ ਨਾਥਾਂ ਦੇਵਤਿਆਂ ਦੀ ਤਾਂ ਹੇਠਲੀ ਮੰਜਲ ਤਕ ਹੀ ਪਹੁੰਚ ਹੈ {ਖਟ ਦਰਸਨ ਸੰਸੇ ਪਰੇ, ਅਰੁ ਚਉਰਾਸੀਹ ਸਿਧ ੧੩੭੫}। ਵੱਡੇ ਵੱਡੇ ਦੇਵਤੇ ਮਾਇਆ ਦੇ ਜਾਲ ਵਿਚ ਫਸੇ ਹੋਏ ਗੁਰਬਾਣੀ ਨੇ ਦੱਸੇ ਹਨ। ਭਗਤਾਂ ਨੂੰ ਸਿਮਰਨ ਦੀ ਮੁਢਲੀ ਅਵਸਥਾ ਵਿਚ ਹੀ ਸਿੱਧਾਂ ਨਾਥਾਂ ਪੀਰਾਂ ਦੇਵਤਿਆਂ ਵਾਲੀ ਪਦਵੀ ਸੁਤੇ ਹੀ ਮਿਲ ਜਾਂਦੀ ਹੈ। ਸਿੱਧਾਂ ਦੀਆਂ ਤਾਕਤਾਂ ਦਾ ਫਲ ਸ੍ਰਵਣ ਕਰਨ ਨਾਲ ਸੁਤੇ ਹੀ ਮਿਲ ਜਾਂਦਾ ਹੈ, ਗੁਰਮਤ ਦੇ ਭਗਤਾਂ ਦੀ ਪਹੁੰਚ ਬਹੁਤ ਉਚੀ ਹੈ। ਦੂਜੀ ਤੁਕ ਵਿਚ ਦਸਿਆ ਹੈ ਕਿ ਸਰਵਣ ਕਰਨ ਨਾਲ ਪਤਾ ਲਗ ਜਾਂਦਾ ਹੈ ਕਿ ਧਰਤੀ ਦਾ ਆਸਰਾ ਕੀ ਹੈ, ਅਸਮਾਨ ਕਿਸਦੇ ਆਸਰੇ ਖੜਾ ਹੈ? ਧੌਲੇ ਬਲਦ ਦੀ

ਅਸਲੀਅਤ, ਹੋਰ ਧਰਤੀ ਦੇ ਦੀਪ ਸਮੂਹ {ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ੫}, ਅਕਾਸ ਅਤੇ ਪਾਤਾਲ ਬਾਰੇ ਗਿਆਨ ਹੋ ਜਾਂਦਾ ਹੈ। ਕੀ ਵਾਕਈ ਕੋਈ ਚਿੱਟਾ ਬਲਦ ਧਰਤੀ ਨੂੰ ਚੁੱਕੀ ਖੜਾ ਹੈ? ਸੋਲ੍ਹਵੀ ਪਉੜੀ ਵਿਚ ਇਸ ਨੂੰ ਗੁਰੂ ਜੀ ਨੇ ਚੰਗੀ ਤਰ੍ਹਾਂ ਖੋਲ੍ਹ ਕੇ ਵਰਨਣ ਕੀਤਾ ਹੈ। ਭਗਤਾਂ ਨੂੰ ਮੌਤ ਵੀ ਨਹੀ ਪੋਹ ਸਕਦੀ ਅਤੇ ਸਦਾ ਅਨੰਦ ਬਣਿਆ ਰਹਿੰਦਾ ਹੈ।

## ॥ ਨੌਵੀਂ ਪਉੜੀ ॥

ਸੁਣਿਐ ਈਸਰੁ ਬਰਮਾ ਇੰਦੁ ॥ ਵਾਹਿਗੁਰੂ ਦਾ ਨਾਮ ਸੁਣਿਆਂ ਸ਼ਿਵ ਜੀ, ਬ੍ਰਹਮਾਂ ਤੇ ਇੰਦਰ (ਆਦਿਕ ਦੇਵਤਿਆਂ ਦੀ ਪਦਵੀਆਂ) ਬਾਰੇ ਗਿਆਨ ਹੋ ਜਾਂਦਾ ਹੈ (ਭਾਵ ਇਨ੍ਹਾਂ ਦੀ ਅਸਲੀਅਤ ਦਾ ਪਤਾ ਲਗ ਜਾਂਦਾ ਹੈ)।

ਸੁਣਿਐ ਮੁਖਿ ਸਾਲਾਹਣ ਮੰਦੁ ॥ ਨਾਮ ਸੁਣਨ ਨਾਲ ਮੰਦਾ ਪੁਰਖ ਵੀ ਅਪਣੇ ਮੂੰਹ ਤੋਂ ਰੱਬ ਨੂੰ ਸਲਾਹੁਣ ਲਗ ਜਾਂਦਾ ਹੈ।

ਸੁਣਿਐ ਜੋਗ ਜੁਗਤਿ ਤਨਿ ਭੇਦ ॥ ਨਾਮ ਸੁਣਿਆਂ ਰੱਬ ਨਾਲ ਜੁੜਨ ਦੀ ਜੁਗਤੀ ਆ ਜਾਂਦੀ ਹੈ ਤੇ ਸਰੀਰ ਦੇ ਅੰਦਰ ਦੀਆਂ ਗੁੱਝੀਆਂ ਗੱਲਾ ਦਾ ਪਤਾ ਲਗ ਜਾਂਦਾ ਹੈ।

ਅੰਗ ੩ = ਸੁਣਿਐ ਸਾਸਤ ਸਿਮ੍ਰਿਤਿ ਵੇਦ ॥ ਨਾਮ ਸੁਣਨ ਨਾਲ ਛੇ ਸ਼ਾਸਤਰਾਂ, ਸਤਾਈ ਸਿਮ੍ਰਤੀਆਂ ਅਤੇ ਚਾਰ ਵੇਦਾਂ ਦਾ ਅਸਲ ਭਾਵ ਪਤਾ ਲਗ ਜਾਂਦਾ ਹੈ {ਏਕ ਸੁਧਾਖਰੁ ਜਾ ਕੈ ਹਿਰਦੈ ਵਸਿਆ, ਤਿਨਿ ਬੇਦਹਿ ਤਤੁ ਪਛਾਨਿਆ ੧੨੦੫}। ਵੇਦ ਸ਼ਾਸਤ੍ਰ ਆਦਿ ਗ੍ਰੰਥਾਂ ਦੇ ਵਿਚਲੇ ਗਿਆਨ ਦਾ ਪਤਾ ਲਗ ਜਾਂਦਾ ਹੈ ਕਿ ਇਨ੍ਹਾਂ ਵਿਚ ਕੀ ਲਿਖਿਆ ਹੋਇਆ ਹੈ ?

ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੯॥ ਇਨ੍ਹਾਂ ਦੋ ਤੁਕਾਂ ਦੇ ਅਰਥ ਉਪਰ ਹੋ ਚੁੱਕੇ ਹਨ।੯।

ਸੁਣਿਐ ਈਸਰੁ ਬਰਮਾ ਇੰਦੁ ॥ ੧. ਰੱਬ ਦੀ ਸਿਫਤ ਸਲਾਹ ਸੁਣਿਆਂ ਸਧਾਰਨ ਮਨੁੱਖ ਵੀ ਸ਼ਿਵ ਜੀ, ਬ੍ਰਹਮਾ ਅਤੇ ਇੰਦ੍ਰ ਦੀ ਪਦਵੀ ਤੇ ਪੁਜ ਜਾਂਦਾ ਹੈ।(ਦਰਪਣ)

੨. ਨਾਮ ਸੁਣਨ ਨਾਲ ਹੀ ਸ਼ਿਵ ਜੀ, ਬ੍ਰਹਮਾ ਅਤੇ ਇੰਦ੍ਰ ਉਚੀਆਂ ਪਦਵੀਆਂ ਤਕ ਅਪੜੇ ਹਨ।

ਸੁਣਿਐ ਮੁਖਿ ਸਾਲਾਹਣ ਮੰਦੁ ॥ ੧. ਨਾਮ ਸੁਣਨ ਨਾਲ ਮੰਦਾ ਪੁਰਖ ਵੀ ਸਿਫਤ ਸਲਾਹ ਕਰਦਾ ਕਰਦਾ ਮੁਖੀ ਬਣ ਜਾਂਦਾ ਹੈ (ਭਾ. ਵੀਰ ਸਿੰਘ )।

੨. ਨਾਮ ਸੁਣਿਆਂ ਮੰਦਾ ਪੁਰਖ ਵੀ (ਲੋਕਾਂ ਦੇ) ਮੂੰਹੋਂ ਸਲਾਹੁਣ ਯੋਗ ਹੋ ਜਾਂਦਾ ਹੈ (ਸਾਰੇ ਉਸ ਦੀ ਸਿਫਤ ਕਰਦੇ ਹਨ)। ਨਾਮ ਸੁਣਨ ਨਾਲ ਜੋਗ ਦੀਆਂ ਜੁਗਤੀਆਂ ਅਤੇ ਸਰੀਰ ਅੰਦਰ ਦੇ ਭੇਤ ਦਾ ਪਤਾ ਲਗ ਜਾਂਦਾ ਹੈ।

ਸੁਣਿਐ ਜੋਗ ਜੁਗਤਿ ਤਨਿ ਭੇਦ ॥ ਨਾਮ ਸੁਣਿਆਂ ਜੋਗ ਦੀਆਂ ਜੁਗਤੀਆਂ ਰਾਹੀਂ ਸਰੀਰ ਦੇ ਲੱਭੇ ਭੇਤਾਂ ਦਾ ਗਿਆਨ ਹੋ ਜਾਂਦਾ ਹੈ (ਤਨ ਦੇ ਅੰਦਰਲੀਆਂ ਨਾੜੀਆਂ ਦਾ ਭੇਤ ਜਾਨਣ ਲਈ ਜੋਗੀ ਜੋਗ ਦੀ ਕਠਨ ਸਾਧਨਾ ਕਰਦੇ ਹਨ, ਇੰਦ੍ਰੀਆਂ ਦੀਆਂ ਕ੍ਰਿਆਵਾਂ ਦਾ ਉਹ ਭੇਤ ਨਾਮ ਸੁਣਨ ਨਾਲ ਸੁਤੇ ਹੀ ਪ੍ਰਾਪਤ ਹੋ ਜਾਂਦਾ ਹੈ। ਗੁਰਮੁਖਿ ਹੋਵੈ ਸੋਈ ਬੂਝੈ, ਜੋਗ ਜੁਗਤਿ ਸੋ ਪਾਏ।(੯੦੮) ਜੋਗ ਜੁਗਤਿ ਗੁਰਸਿਖ, ਗੁਰ ਸਮਝਤਨਿ ਭੇਦਾਇਆ (ਭਾ. ਗੁ. ੨੦-੧੫)

ਪਦਾਰਥ = ਸੁਣਿਐ-ਸੁਣਨ ਨਾਲ। ਈਸਰੁ-ਸ਼ਿਵ ਜੀ। ਬਰਮਾ-ਬ੍ਰਹਮਾ। ਇੰਦੁ-ਇੰਦਰ; ਚੰਦ; ਵਿਸ਼ਨੂੰ। ਮੁਖਿ-ਮੂੰਹ ਤੋਂ; ਮੁਖੀ; ਪ੍ਰਧਾਨ। ਸਾਲਾਹਣ-ਸਲਾਹੁਣ ਲਗ ਜਾਂਦਾ ਹੈ। ਮੰਦੁ-ਭੈੜਾ ਮਨੁੱਖ। ਸਾਲਾਹਣ ਮੰਦੁ-ਸਲਾਹੁਣ ਯੋਗ (ਇਹ ਅਰਥ ਵੀ ਕਈਆਂ ਨੇ ਕੀਤਾ ਹੈ)। ਜੋਗ ਜੁਗਤਿ-ਜੋਗ ਪ੍ਰਾਪਤੀ ਦੇ ਢੰਗ; ਰੱਬ ਨਾਲ ਜੁੜਨ ਦੀ ਜੁਗਤੀ। ਤਨਿ ਭੇਦ-ਸਰੀਰ ਦੇ ਅੰਦਰ ਦੇ ਗੁੱਝੇ ਭੇਦ; ਸਰੀਰ ਅੰਦਰਲੀ ਕਿਰਿਆ ਦਾ ਭੇਦ। ਸਾਸਤ-ਛੇ ਸਾਸ਼ਤ੍ਰਾਂ ਦਾ। ਸਿਮ੍ਰਿਤਿ-ਸਿਮ੍ਰਤੀਆਂ ਦਾ। ਵੇਦ-ਚਾਰ ਵੇਦਾਂ ਦਾ।੯।

ਵਿਆਖਿਆ = ਸ਼ਿਵ ਜੀ ਤਮੋ ਗੁਣੀ, ਬ੍ਰਹਮਾ ਰਜੋ ਗੁਣੀ ਸੁਭਾਵ ਵਾਲਾ ਹੋਣ ਕਰਕੇ ਇਨ੍ਹਾਂ ਦੀ ਪਹੁੰਚ ਕਰਤਾ ਪੁਰਖ ਤਕ ਨਹੀਂ ਹੋਈ। ਇਸੇ ਤਰ੍ਹਾਂ ਇੰਦਰ ਦੀ ਬੀਰਤਾ ਅਤੇ ਐਸ਼੍ਵਰਜ ਸੁਭਾਵ ਦੀਆਂ ਕਹਾਣੀਆਂ ਨਾਲ ਕਿਤਾਬਾਂ ਭਰੀਆਂ ਪਈਆਂ ਹਨ =
ਗੋਤਮੁ ਤਪਾ ਅਹਿਲਿਆ ਇਸਤ੍ਰੀ, ਤਿਸੁ ਦੇਖਿ ਇੰਦ੍ਰੁ ਲੁਭਾਇਆ। ਸਹਸ ਸਰੀਰ ਚਿਹਨ ਭਗ ਹੂਏ, ਤਾ ਮਨਿ ਪਛੋਤਾਇਆ ੧੩੪੩। ਇਨ੍ਹਾਂ ਦੇਵੀ ਦੇਵਤਿਆਂ ਦੀਆਂ ਸਟੇਜਾਂ ਬਹੁਤ ਥੱਲੇ ਦੀਆਂ ਹਨ, ਨਾਮ ਸੁਣਨ ਵਾਲੇ ਨੂੰ ਇਨ੍ਹਾਂ ਵਾਲੀ ਅਵਸਥਾ ਥੋੜੇ ਜਿਹੇ ਅਭਿਆਸ ਨਾਲ ਹੀ ਮਿਲ ਜਾਂਦੀ ਹੈ। ਕਰਮ ਯੋਗ, ਗਿਆਨ ਯੋਗ, ਸਹਿਜ ਯੋਗ ਅਤੇ ਸਥੂਲ, ਸੂਖਮ ਤੇ ਕਾਰਣ ਸਰੀਰ ਦੇ ਭੇਦ ਦਾ ਗਿਆਨ ਵੀ ਨਾਮ ਸੁਣਨ ਨਾਲ ਪ੍ਰਾਪਤ ਹੋ ਜਾਂਦਾ ਹੈ। ਵੇਦ ਸ਼ਾਸਤ੍ਰ ਸਿਮ੍ਰਤੀਆਂ ਅਤੇ ਹੋਰ ਧਰਮ ਗ੍ਰੰਥਾਂ ਦਾ ਗਿਆਨ ਨਾਮ ਸੁਣਨ ਨਾਲ ਸੁਤੇ ਹੀ ਹਾਸਲ ਹੋ ਜਾਂਦਾ ਹੈ। ਵਾਹਿਗੁਰੂ ਨਾਮ ਦੇ ਬਰਾਬਰ ਇਹ ਸਾਰੇ ਧਰਮ ਗ੍ਰੰਥ ਨਹੀ ਪੁਜ ਸਕਦੇ {ਬਹੁ ਸਾਸਤ੍ਰ ਬਹੁ ਸਿਮ੍ਰਿਤੀ, ਪੇਖੇ ਸਰਬ ਢੰਢੋਲਿ। ਪੂਜਸਿ ਨਾਹੀ ਹਰਿ ਹਰੇ, ਨਾਨਕ ਨਾਮ ਅਮੋਲ ੨੬੫}। ਕਬੀਰ ਜੀ ਨੂੰ ਰਾਮਾਨੰਦ ਜੀ ਨੇ ਅਪਣੇ ਚਰਨਾਂ ਨਾਲ ਟੁੰਬ ਕੇ ਅਗਿਆਨਤਾ ਦੀ ਨੀਂਦ ਵਿਚੋਂ ਉਠਾਇਆ ਤੇ ਸੁਣਾ ਕੇ ਸਿਖਿਆ ਸਮਝਾਈ {ਪੈਰੀਂ ਟੁੰਬ ਉਠਾਲਿਆ,ਬੋਲਹੁ ਰਾਮ ਸਿਖ ਸਮਝਾਈ (ਭਾ.ਗੁ. ਵਾਰ ੧੦-੧੫)}। ਇਹ ਸਿਖਿਆ ਸੁਣਕੇ ਕਬੀਰ ਜੀ ਨੇ ਬੰਦਗੀ ਕੀਤੀ ਅਤੇ

ਰਾਮ ਦਾ ਹੀ ਰੂਪ ਹੋ ਗਏ। ਰਾਮ ਕਬੀਰਾ ਏਕ ਭਏ ਹੈ, ਕੋਇ ਨ ਸਕੈ ਪਛਾਨੀ। (੯੬੯)
ਭਗਤ ਨਾਮਦੇਵ ਕਬੀਰ ਰਵਿਦਾਸ ਅਤੇ ਸੈਣ ਭਗਤ ਜੀ ਦੀ ਮਹਿਮਾਂ ਸੁਣ ਕੇ ਭਗਤ ਧੰਨਾ ਜੀ ਭਗਤੀ ਵਿਚ ਜੁਟ ਗਏ =

ਇਹ ਬਿਧਿ ਸੁਨਿ ਕੈ ਜਾਟਰੋ, ਉਠਿ ਭਗਤੀ ਲਾਗਾ। ਮਿਲੇ ਪ੍ਰਤਖਿ ਗੁਸਾਈਆ, ਧੰਨਾ ਵਡਭਾਗਾ। (੪੮੮)

ਨੀਚ ਕਰਮ ਕਰਨ ਵਾਲਾ ਬਟਵਾਰਾ ਬਾਲਮੀਕ ਸੰਤਾਂ ਦਾ ਉਪਦੇਸ਼ ਸੁਣ ਕੇ ਰਾਮ ਰਾਮ ਦੇ ਜਾਪ ਦੀ ਜਗ੍ਹਾ ਮਰਾ ਮਰਾ ਉਚਾਰਣ ਕਰਨ ਲਗ ਪਿਆ ਅਤੇ ਤ੍ਰੈ ਕਾਲ ਦਰਸੀ ਹੋ ਗਿਆ। ਇਹ ਸਭ ਪ੍ਰਮੇਸਰ ਦਾ ਨਾਮ ਅਤੇ ਮਹਿਮਾਂ ਸੁਣਨ ਦੀਆਂ ਹੀ ਬਰਕਤਾਂ ਹਨ। ਸੱਜਣ ਠੱਗ, ਕੌਡਾ ਅਤੇ ਭੂਮੀਆ ਵਰਗੇ ਵੀ ਗੁਰੂ ਨਾਨਕ ਦੇਵ ਜੀ ਤੋਂ ਨਿਰੰਕਾਰ ਦੀ ਸਿਫਤ ਸਲਾਹ ਸੁਣ ਕੇ ਗੁਰਮੁਖ ਬਣ ਗਏ। ਇਸ ਪਉੜੀ ਵਿਚ ਆਈਆਂ ਤੁਕਾਂ ਦਾ ਭਾਵ ਇਹੀ ਹੈ ਕਿ ਮੰਦ ਕਰਮੀ ਪੁਰਖ ਵੀ ਨਾਮ ਦੀ ਮਹਿਮਾਂ ਸੁਣ ਕੇ ਵਾਹਿਗੁਰੂ ਦੀ ਸਿਫਤ ਸਲਾਹ ਕਰਦਾ ਹੋਇਆ ਗੁਰਮੁਖ ਬਣ ਜਾਂਦਾ ਹੈ। ਨਾਨਕ ਨਾਇ ਸੁਣਿਐ ਮੁਖ ਉਜਲੇ, ਨਾਉ ਗੁਰਮੁਖਿ ਧਿਆਵੈ। (੧੨੪੦)

## ॥ ਦਸਵੀਂ ਪਉੜੀ ॥

ਸੁਣਿਐ ਸਤੁ ਸੰਤੋਖੁ ਗਿਆਨੁ ॥ ਨਾਮ ਸੁਣਨ ਨਾਲ ਸਤ ਸੰਤੋਖ ਅਤੇ (ਨਿਰੰਕਾਰ ਦਾ) ਗਿਆਨ ਪ੍ਰਾਪਤ ਹੋ ਜਾਂਦਾ ਹੈ।

ਸੁਣਿਐ ਅਠਸਠਿ ਕਾ ਇਸਨਾਨੁ ॥ ਨਾਮ ਸੁਣਨ ਨਾਲ ਅਠਾਹਟ ਤੀਰਥਾਂ ਦਾ ਇਸਨਾਨ ਹੋ ਜਾਂਦਾ ਹੈ (ਭਾਵ ਹਿੰਦੂ ਧਰਮ ਵਿਚ ੬੮ ਤੀਰਥਾਂ ਦੇ ਇਸ਼ਨਾਨ ਦਾ ਬੜਾ ਮਹਾਤਮ ਹੈ, ਪਰ ਭਗਤਾਂ ਨੂੰ ਨਿਰੰਕਾਰ ਦੀ ਮਹਿਮਾਂ ਸੁਣਨ ਨਾਲ ਸੁਤੇ ਹੀ ਉਹ ਮਹਾਤਮ ਪ੍ਰਾਪਤ ਹੋ ਜਾਂਦਾ ਹੈ)।

ਸੁਣਿਐ ਪੜਿ ਪੜਿ ਪਾਵਹਿ ਮਾਨੁ ॥ (ਸ਼ਾਸਤ੍ਰ ਬੇਦ ਆਦਿ ਗੰਥਾਂ ਦੀ ਵਿਦਿਆ) ਪੜ੍ਹ ਪੜ੍ਹ ਕੇ ਹਾਸਲ ਹੋਣ ਵਾਲਾ ਸਨਮਾਨ ਨਾਮ ਸੁਣਨ ਨਾਲ ਸੁਤੇ ਹੀ ਪ੍ਰਾਪਤ ਹੋ ਜਾਂਦਾ ਹੈ।

ਸੁਣਿਐ ਲਾਗੈ ਸਹਜਿ ਧਿਆਨੁ ॥ ਨਾਮ ਸੁਣਿਆਂ ਸਹਿਜੇ (ਸੁਭਾਵਕ) ਹੀ ਪ੍ਰਮਾਤਮਾ ਵਿਚ ਧਿਆਨ ਲਗ ਜਾਂਦਾ ਹੈ (ਵਾਹਿਗੁਰੂ ਦੇ ਸਰੂਪ ਵਿਚ ਧਿਆਨ ਨਿਰਯਤਨ ਜੁੜ ਜਾਂਦਾ ਹੈ)। ਹਰਿ ਜਨ ਲਾਵਹਿ ਸਹਜਿ ਧਿਆਨ। (੧੩੪੯)

ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੦॥ ਇਨ੍ਹਾਂ ਦੋ ਤੁਕਾਂ ਦੇ ਅਰਥ ਉਪਰ ਹੋ ਚੁਕੇ ਹਨ। ੧੦।

ਸੁਣਿਐ ਸਤੁ ਸੰਤੋਖੁ ਗਿਆਨੁ ॥ ਨਾਮ ਸੁਣਿਆਂ ਸਤ ਸੰਤੋਖ (ਆਦਿ ਦੈਵੀ ਗੁਣ) ਧਾਰਨ ਕਰਨ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ

ਸੁਣਿਐ ਪੜਿ ਪੜਿ ਪਾਵਹਿ ਮਾਨੁ ॥ ਨਾਮ ਸੁਣਨ ਨਾਲ (ਤੇ ਨਾਮ ਬਾਣੀ) ਪੜ੍ਹ ਪੜ੍ਹ ਕੇ (ਭਗਤ ਜਨ ਸੰਸਾਰ ਅਤੇ ਦਰਗਾਹ ਵਿਚ) ਸਨਮਾਨ ਪ੍ਰਾਪਤ ਕਰਦੇ ਹਨ।

ਸੁਣਿਐ ਲਾਗੈ ਸਹਜਿ ਧਿਆਨੁ ॥ ਨਾਮ ਸੁਣਨ ਨਾਲ ਅਡੋਲ ਅਵਸਥਾ ਵਿਚ ਧਿਆਨ ਲਗ ਜਾਂਦਾ ਹੈ।

ਪਦਾਰਥ = ਸੁਣਿਐ-ਸੁਣਨ ਨਾਲ। ਸਤੁ-ਸਦਾਚਾਰੀ ਗੁਣ; ਸੱਚ। ਸੰਤੋਖੁ-ਸੰਤੁਸਟੀ; ਤ੍ਰਿਪਤੀ; ਸਬਰ। ਗਿਆਨੁ-ਸੂਝ; ਵਿਚਾਰ; ਪ੍ਰਕਾਸ਼। ਅਠਸਠਿ-ਹਿੰਦੂ ਧਰਮ ਦੇ ਪ੍ਰਸਿੱਧ ੬੮ ਤੀਰਥ। ਮਾਨੁ-ਸਤਕਾਰ; ਇੱਜਤ; ਵਡਿਆਈ। ਲਾਗੈ-ਲਗ ਜਾਂਦਾ ਹੈ। ਸਹਜਿ-ਸੌਖਾ ਹੀ; ਬਿਨਾ ਜਤਨ ਕੀਤਿਆਂ; ਸਹਿਜ (ਅਡੋਲ) ਅਵਸਥਾ; ਸੁਭਾਵਕ ਹੀ। ਧਿਆਨੁ-ਚਿਤ ਬ੍ਰਿਤੀ ਦਾ ਟਿਕਾਉ। ੧੦।

ਵਿਆਖਿਆ = ਸਤ ਸੰਤੋਖ ਅਤੇ ਗਿਆਨ ਧਾਰਣ ਕੀਤਿਆਂ ਹਿਰਦੇ ਵਿਚ ਸੱਚ ਸਰੂਪ ਵਾਹਿਗੁਰੂ ਟਿਕਦਾ ਹੈ {ਸਚੁ ਤਾ ਪਰੁ ਜਾਣੀਐ, ਜਾ ਰਿਦਾ ਸਚਾ ਹੋਇ ੪੬੮}। ਪਰਾਲਬਧ ਨਾਲ ਮਿਲੇ ਪਦਾਰਥਾਂ ਵਿਚ ਸੰਤੁਸਟ ਹੋਣਾ ਸੰਤੋਖ ਹੈ। ਸਤ ਸੰਤੋਖ ਧਾਰਣ ਕਰਨ ਦੇ ਵਿਚਾਰ ਨੂੰ ਗਿਆਨ ਕਿਹਾ ਹੈ ਅਤੇ ਇਹ ਕੀਮਤੀ ਪਦਾਰਥ ਧਰਮ ਦੇ ਮੂਲ ਅੰਗ ਹਨ। ਗੁਰਬਾਣੀ ਅਨੁਸਾਰ ਅਸਲ ਤੀਰਥ ਤਾਂ ਮਨੁੱਖ ਦੇ ਅੰਦਰ ਹੈ, ਜੋ ਹਰੀ ਮਹਿਮਾਂ ਸ੍ਰਵਣ ਕੀਤਿਆਂ ਪ੍ਰਗਟ ਹੁੰਦਾ ਹੈ। ਫਿਰ ਤੀਰਥਾਂ ਤੇ ਜਾਣ ਦੀ ਲੋੜ ਨਹੀਂ ਰਹਿ ਜਾਂਦੀ, ਅਠਾਹਟ ਤੀਰਥਾਂ ਦੇ ਇਸਨਾਨ ਦਾ ਫਲ ਆਪੇ ਮਿਲ ਜਾਂਦਾ ਹੈ। ਜੋ ਮਾਣ ਸੰਸਾਰੀ ਵਿਦਿਆ ਜਾਂ ਬੇਦ ਸ਼ਾਸਤ੍ਰ ਅਤੇ ਪੁਰਾਣ ਪੜ੍ਹ ਕੇ ਕਿਸੇ ਸਦਾਚਾਰੀ ਵਿਦਵਾਨ ਨੂੰ ਰਾਜਿਆਂ ਦੇ ਦਰਬਾਰ ਅਤੇ ਦੁਨੀਆਂ ਵਿਚ ਮਿਲਦਾ ਹੈ, ਉਹ ਮਾਣ ਗੁਰੂ ਦਾ ਉਪਦੇਸ ਅਤੇ ਨਿਰੰਕਾਰ ਦੀ ਮਹਿਮਾਂ ਸੁਣਿਆਂ ਸੁਤੇ ਸਿੱਧ ਹੀ ਪ੍ਰਾਪਤ ਹੋ ਜਾਂਦਾ ਹੈ {ਗੁਰ ਪਰਸਾਦੀ ਵਿਦਿਆ ਵੀਚਾਰੈ, ਪੜਿ ਪੜਿ ਪਾਵੈ ਮਾਨੁ ੧੩੨੯}। ਗੁਰਮਤਿ ਦੇ ਪਾਂਧੀਆਂ ਦਾ ਅਸਲ ਖਜਾਨਾ ਸਦਾਚਾਰੀ ਗੁਣ ਰੱਬੀ ਗਿਆਨ ਅਤੇ ਵਾਹਿਗੁਰੂ ਦਾ ਧਿਆਨ ਹੈ।

## ॥ ਗਿਆਰਵੀਂ ਪਉੜੀ ॥

ਸੁਣਿਐ ਸਰਾ ਗੁਣਾ ਕੇ ਗਾਹ ॥ ਨਾਮ ਸੁਣਿਆਂ (ਭਗਤ) ਗੁਣਾਂ ਦੇ ਸਮੁੰਦਰ ਨੂੰ ਗਾਹ ਲੈਂਦੇ ਹਨ ਭਾਵ ਗੁਣਾਂ ਦੇ ਜਾਣੂੰ ਬਣ ਜਾਂਦੇ ਹਨ।

ਸੁਣਐ ਸੇਖ ਪੀਰ ਪਾਤਸਾਹ ॥ ਨਾਮ ਸੁਣਿਆਂ ਸ਼ੇਖਾਂ ਪੀਰਾਂ ਅਤੇ ਪਾਤਸ਼ਾਹਾਂ ਦੀ ਪਦਵੀ ਪ੍ਰਾਪਤ ਹੋ ਜਾਂਦੀ ਹੈ।

ਸੁਣਿਐ ਅੰਧੇ ਪਾਵਹਿ ਰਾਹੁ ॥ ਨਾਮ ਸੁਣਨ ਨਾਲ ਅਗਿਆਨੀ ਪੁਰਖ ਵੀ ਪ੍ਰਭੂ ਪ੍ਰਾਪਤੀ ਦਾ ਰਸਤਾ ਪ੍ਰਾਪਤ ਕਰ ਲੈਂਦੇ ਹਨ।

ਸੁਣਿਐ ਹਾਥ ਹੋਵੈ ਅਸਗਾਹੁ ॥ ਨਾਮ ਸੁਣਨ ਨਾਲ ਅਥਾਹ ਨਿਰੰਕਾਰ ਦਾ ਥਾਹ ਪ੍ਰਾਪਤ ਹੁੰਦਾ ਹੈ (ਸਮੁੰਦਰ ਰੂਪ ਪ੍ਰਭੂ ਦਾ ਗੁਹਜ ਗਿਆਨ ਪ੍ਰਾਪਤ ਹੋ ਜਾਂਦਾ ਹੈ)।

ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ॥੧੧॥ ਇਨ੍ਹਾਂ ਤੁਕਾਂ ਦੇ ਅਰਥ ਉਪਰ ਹੋ ਚੁਕੇ ਹਨ।੧੧।

ਸੁਣਿਐ ਸਰਾ ਗੁਣਾ ਕੇ ਗਾਹ ॥ ੧. ਨਾਮ ਸੁਣਨ ਨਾਲ (ਭਗਤ) ਸਾਗਰ ਰੂਪ ਹਰੀ ਦੇ ਗੁਣ ਗ੍ਰਹਣ ਕਰਦੇ ਹਨ।

੨. ਨਾਮ (ਜਾਂ ਪ੍ਰਭੂ ਦੀ ਸਿਫਤ ਸਲਾਹ) ਸੁਣਨ ਨਾਲ ਸਮੁੰਦਰ ਰੂਪ ਹਰੀ ਦੇ ਗੁਣਾਂ ਦਾ ਵਿਚਾਰ ਪ੍ਰਾਪਤ ਹੁੰਦਾ ਹੈ।

ਸੁਣਿਐ ਸੇਖ ਪੀਰ ਪਾਤਸਾਹ ॥ ੧. ਨਾਮ ਸੁਣਨ ਨਾਲ (ਭਗਤ) ਸ਼ੇਖਾਂ ਪੀਰਾਂ ਤੇ ਪਾਤਸ਼ਾਹਾਂ ਵਾਂਗ ਆਦਰ ਯੋਗ ਅਤੇ ਪ੍ਰਸਿੱਧ ਹੋ ਜਾਂਦਾ ਹੈ।

੨. (ਨਿਰੰਕਾਰ ਦੀ ਮਹਿਮਾਂ) ਸੁਣਿਆਂ (ਭਗਤ) ਸ਼ੇਖਾਂ ਪੀਰਾਂ ਦਾ ਵੀ ਪਾਤਸ਼ਾਹ ਹੋ ਜਾਂਦਾ ਹੈ।

ਸੁਣਿਐ ਹਾਥ ਹੋਵੈ ਅਸਗਾਹੁ ॥ ੧.ਨਾਮ ਸੁਣਿਆਂ ਸੰਸਾਰ ਸਮੁੰਦਰ ਹੱਥ ਭਰ ਹੋ ਜਾਂਦਾ ਹੈ (ਸੰਸਾਰ ਸਾਗਰ ਪਾਰ ਕਰਨਾ ਸੌਖਾ ਹੋ ਜਾਂਦਾ ਹੈ {ਸਾਗਰੁ ਤਰਿਓ ਬਾਛਰ ਖੋਜ ੮੯੯} ਭਾਵ ਜਿਵੇਂ ਵੱਛੇ ਦੇ ਖੁਰ ਨਾਲ ਬਣ ਕੇ ਭਰਿਆ ਪਾਣੀ ਦਾ ਟੋਆ ਲੰਘ ਜਾਈਦਾ ਹੈ, ਤਿਵੇਂ ਮੈਂ ਸਾਗਰ ਲੰਘ ਗਿਆ ਹਾਂ)।

੨. ਨਾਮ ਸੁਣਿਆਂ ਸਾਗਰ ਰੂਪ ਪ੍ਰਭੂ (ਭਗਤਾਂ ਨੂੰ) ਹਸਤਾਮਲ (ਹੱਥ ਤੇ ਧਰੇ ਔਲੇ ਵਾਂਙ ਪ੍ਰਤੱਖ ਦ੍ਰਿਸ਼ਟੀ ਗੋਚਰ) ਹੋ ਜਾਂਦਾ ਹੈ।

ਪਦਾਰਥ = ਸਰਾ-ਸਮੁੰਦਰ; ਸਰੋਵਰ;ਤਲਾਉ।ਗਾਹ-ਜਾਣੂੰ; ਵਾਕਿਫ;ਗ੍ਰਹਣ ਕਰਨਾ।ਸੇਖ-ਵਿਦਵਾਨ; ਬਜੁਰਗ; ਮੁਸਲਮਾਨਾਂ ਦੀ ਇਕ ਖਾਸ ਜਾਤ।ਪੀਰ-ਮੁਸਲਮਾਨਾਂ ਦਾ ਧਾਰਮਕ ਆਗੂ।ਪਾਤਸਾਹ-ਬਾਦਸ਼ਾਹ; ਸਿਰੋਮਣੀ।ਅੰਧੇ-ਅਗਿਆਨੀ; ਵਿਚਾਰਹੀਣ।ਰਾਹੁ-(ਪ੍ਰਭੂ ਪਰਾਪਤੀ ਦਾ) ਰਸਤਾ।ਹਾਥ-ਥਾਹ; ਹੱਥ ਭਰ (ਸੌਖਾ); ਹਸਤਾਮਲ (ਹੱਥ ਤੇ ਧਰੇ ਔਲੇ ਵਾਂਗ ਪ੍ਰਤੱਖ)।ਅਸਗਾਹੁ-ਨਾ ਗਾਹਿਆ ਜਾਣ ਵਾਲਾ; ਅਥਾਹ ਪਾਣੀ; ਬੇਅੰਤ; ਨਿਰੰਕਾਰ ਰੂਪ ਸਮੁੰਦਰ।੧੧।

ਵਿਆਖਿਆ = ਸਮੁੰਦਰਾਂ ਨੂੰ ਗਾਹੁਣਾ ਮਲਾਹਾਂ, ਸੌਦਾਗਰਾਂ ਅਤੇ ਨੇਵੀ ਦਾ ਕੰਮ ਹੈ ਅਤੇ ਬੇਥਾਹ ਸਮੁੰਦਰਾਂ ਵਿਚ ਹੱਥ ਲਗਣਾ ਵੀ ਅਸੰਭਵ ਹੈ।ਪਰ ਇਸ ਪੌੜੀ ਦੀ ਪਹਿਲੀ ਤੁਕ ਦਾ ਭਾਵ ਇਹ ਹੈ ਕਿ ਸੰਸਾਰ ਸਮੁੰਦਰ ਵਿਸ਼ੇ ਵਿਕਾਰਾਂ ਦੇ ਭਾਵਾਂ ਨਾਲ ਭਰਿਆ ਪਿਆ ਹੈ।ਧਰਮ ਦੇ ਰਸਤੇ ਤੇ ਸੰਸਾਰ ਸਮੁੰਦਰ ਦੀਆਂ ਬਿਘਨਕਾਰੀ ਲਹਿਰਾਂ ਮਨੁੱਖ ਨੂੰ ਅੱਗੇ ਨਹੀਂ ਵਧਣ ਦੇਂਦੀਆਂ।ਜਿਵੇਂ ਮੁਸਲਮਾਨਾਂ ਵਿਚ ਸ਼ੇਖਾਂ ਅਤੇ ਪੀਰਾਂ ਦਾ ਸਨਮਾਨ ਹੁੰਦਾ ਹੈ, ਇਸੇ ਤਰ੍ਹਾਂ ਰੱਬ ਦੀ ਸਿਫਤ ਸਲਾਹ ਸੁਣਨ ਨਾਲ ਭਗਤ ਦੁਨੀਆਂ ਵਿਚ ਸਨਮਾਨ ਯੋਗ ਹੋ ਜਾਂਦੇ ਹਨ।ਸੁਣਨ ਨਾਲ ਭਗਤ ਬਾਦਸ਼ਾਹ ਵਾਲੀ ਪਦਵੀ ਦੇ ਮਾਲਕ ਬਣ ਜਾਂਦੇ ਹਨ {ਜਿਸਨੋ ਬਖਸੇ ਸਿਫਤਿ ਸਲਾਹ।ਨਾਨਕ ਪਾਤਸਾਹੀ ਪਾਤਸਾਹੁ ੫}, ਉਨ੍ਹਾਂ ਭਗਤਾਂ ਅੱਗੇ ਵੱਡੇ ਵੱਡੇ ਬਾਦਸ਼ਾਹ ਵੀ ਆ ਕੇ ਝੁਕਦੇ ਹਨ।ਗੁਰੂ ਦਾ ਉਪਦੇਸ਼ ਸੁਣਨ ਅਤੇ ਨਾਮ ਜਪਣ ਨਾਲ ਬੇਸਮਝ ਮਨੁੱਖ ਵੀ ਪ੍ਰਭੂ ਪ੍ਰਾਪਤੀ ਦਾ ਰਸਤਾ ਪ੍ਰਾਪਤ ਕਰ ਲੈਂਦੇ ਹਨ।ਸੰਸਾਰ ਸਮੁੰਦਰ ਵੀ ਸੁਣਨ ਵਾਲਿਆਂ ਦੇ ਹੱਥ ਆ ਜਾਂਦਾ ਹੈ ਭਾਵ ਔਖਾ ਕੰਮ ਵੀ ਸੌਖਾ ਹੋ ਜਾਂਦਾ ਹੈ।ਐਸੇ ਭਗਤਾਂ ਦੇ ਦੁਖ ਅਤੇ ਪਾਪ ਨਸ਼ਟ ਹੋ ਜਾਂਦੇ ਹਨ ਅਤੇ ਸਦਾ ਅਨੰਦ ਵਿਚ ਰਹਿੰਦੇ ਹਨ =

ਸੁਣਿ ਸੁਣਿ ਤੁਝੈ ਧਿਆਇਦੇ, ਤੇਰੇ ਭਗਤ ਰਤੇ ਗੁਣ ਤਾਸੁ ਜੀਉ ੭੪।

ਭਗਤ ਜਨਾ ਕਉ ਸਦਾ ਅਨੰਦੁ ਹੈ, ਹਰਿ ਕੀਰਤਨੁ ਗਾਇ ਬਿਗਸਾਵੈ ੩੭੩।

ਭਗਤ ਸਚੇ ਦਰਿ ਸੋਹਦੇ, ਅਨਦ ਕਰਹਿ ਦਿਨ ਰਾਤਿ।ਰੰਗਿ ਰਤੇ ਪ੍ਰਮੇਸਰੈ, ਜਨ ਨਾਨਕ ਤਿਨ ਬਲਿ ਜਾਤ ੨੧੯

ਮਤਿ ਹੋਦੀ ਹੋਇ ਇਆਣਾ।ਤਾਣ ਹੋਦੇ ਹੋਇ ਨਿਤਾਣਾ।ਅਣਹੋਦੇ ਆਪੁ ਵੰਡਾਏ।ਕੋ ਐਸਾ ਭਗਤੁ ਸਦਾਏ ੧੩੮੪।

ਇਨ੍ਹਾਂ ਚਾਰ ਪੌੜੀਆਂ ਤੇ ਗੁਰਬਾਣੀ ਵਿਚ ਹੋਰ ਥਾਂਈ ਵੀ ਸੁਣਨ ਦਾ ਬੜਾ ਮਹਾਤਮ ਵਰਨਣ ਕੀਤਾ ਹੋਇਆ ਹੈ =

ਸੁਨਿ ਉਪਦੇਸੁ ਹਿਰਦੈ ਬਸਾਵਹੁ।ਮਨ ਇਛੇ ਨਾਨਕ ਫਲ ਪਾਵਹੁ ੨੯੩।

ਏ ਮਨ ਗੁਰ ਕੀ ਸਿਖ ਸੁਣਿ, ਹਰਿ ਪਾਵਹਿ ਗੁਣੀ ਨਿਧਾਨੁ ੫੧੨।

ਸਲੋਕ।ਕਿਆ ਸੁਣੇਦੋ ਕੂੜੁ ,ਵੰਞਨਿ ਪਵਣ ਝੁਲਾਰਿਆ।ਨਾਨਕ ਸੁਣੀਅਰ ਤੇ ਪਰਵਾਣੁ ,ਜੋ ਸੁਣੇਦੇ ਸਚੁ ਧਣੀ।

ਛੰਤ।ਤਿਨ ਘੋਲਿ ਘੁਮਾਈ, ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ ੫੭੭।ਸਦ ਬਲਿਹਾਰੀ ਤਿਨਾ, ਜਿ ਸੁਨਤੇ ਹਰਿ ਕਥਾ ੭੦੯।

ਉਪਦੇਸ ਸੁਣਹੁ ਤੁਮ ਗੁਰ ਸਿਖਹੁ ,ਸਚਾ ਇਹੈ ਸੁਆਉ ੯੬੩।

ਸ੍ਰਵਣੀ ਕੀਰਤਨੁ ਸਿਮਰਨੁ ਸੁਆਮੀ, ਇਹੁ ਸਾਧ ਕੋ ਆਚਾਰੁ ੧੨੨੨।

## ॥ ਬਾਰ੍ਹਵੀਂ ਪਉੜੀ ॥

ਸ੍ਰਵਣ ਕੀਤੇ ਗੁਰੂ ਦੇ ਉਪਦੇਸ ਜਾਂ ਨਾਮ ਨੂੰ ਮਨ ਵਿਚ ਵਸਾਉਣ ਦਾ ਮਹਾਤਮ ਦਸਦੇ ਹਨ =

ਮੰਨੇ ਕੀ ਗਤਿ ਕਹੀ ਨ ਜਾਇ ॥ (ਵਾਹਿਗੁਰੂ ਦਾ) ਨਾਮ ਮੰਨਣ ਵਾਲੇ (ਨਾਮ ਰਸੀਏ) ਦੀ ਆਤਮਕ ਅਵਸਥਾ ਕਹੀ ਨਹੀ ਜਾ

ਸਕਦੀ (ਮੰਨਣ ਵਾਲਾ ਮਨੁੱਖ ਬਹੁਤ ਉਚੀ ਆਤਮਕ ਅਵਸਥਾ ਦਾ ਮਾਲਕ ਬਣ ਜਾਂਦਾ ਹੈ, ਉਸ ਅਵਸਥਾ ਦਾ ਬਿਆਨ ਨਹੀਂ ਕੀਤਾ ਜਾ ਸਕਦਾ)।

ਜੇ ਕੋ ਕਹੈ ਪਿਛੈ ਪਛੁਤਾਇ ॥ ਜੇ ਕੋਈ (ਮੰਨਣ ਵਾਲੇ ਮਨੁੱਖ ਦੀ ਉਚੀ ਆਤਮਕ ਅਵਸਥਾ ਵਾਰੇ) ਆਖਦਾ ਹੈ ਤਾਂ ਉਹ ਪਿਛੋਂ ਪਛਤਾਉਂਦਾ ਹੈ (ਕਿਉਂਕਿ ਨਾਮ ਰਸੀਏ ਮਨੁੱਖ ਦੀ ਆਤਮਕ ਅਵਸਥਾ ਦੀ ਉਚਾਈ ਮਾਪੀ ਤੋਲੀ ਨਹੀਂ ਜਾ ਸਕਦੀ)।

ਕਾਗਦਿ ਕਲਮ ਨ ਲਿਖਣਹਾਰੁ ॥ (ਮੰਨਣ ਵਾਲੇ ਮਨੁੱਖ ਦੀ ਉਚੀ ਆਤਮਕ ਅਵਸਥਾ ਨੂੰ) ਕਾਗਜ ਉਤੇ ਲਿਖਣ ਲਈ ਨਾ ਕਲਮਾਂ ਹਨ ਅਤੇ ਨਾ ਹੀ (ਲਿਖਣ ਵਾਲਾ ਕੋਈ ਯੋਗ) ਲਿਖਾਰੀ ਹੈ।

ਮੰਨੇ ਕਾ ਬਹਿ ਕਰਨਿ ਵੀਚਾਰੁ ॥ (ਭਾਵੇਂ ਕਈ ਲਿਖਾਰੀ ਸਭਾਵਾਂ ਵਿਚ) ਬੈਠ ਕੇ ਮੰਨਣ ਕਰਨਵਾਲੇ ਮਨੁੱਖ (ਦੀ ਆਤਮਕ ਅਵਸਥਾ) ਦਾ ਵਿਚਾਰ ਕਰਨ।

ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੨॥(ਅੰਨਵੇਂ ਅਖਰ) ਮਾਇਆ ਰਹਿਤ (ਵਾਹਿਗੁਰੂ ਦਾ) ਨਾਮ ਅਜੇਹਾ ਹੈ (ਜੋ ਮੰਨਣ ਵਾਲੇ ਦੀ ਆਤਮਾ ਨੂੰ ਵਾਹਿਗੁਰੂ ਵਿਚ ਲੀਨ ਕਰ ਦੇਂਦਾ ਹੈ।ਪਰ ਨਾਮ ਨੂੰ) ਜੇ ਕੋਈ ਮਨੁੱਖ ਮਨ ਵਿਚ ਮੰਨਣ ਕਰਨ ਜਾਣਦਾ ਹੋਵੇ।੧੨।

(ਕੁਝ ਹੋਰ ਅਰਥ) = ੧. ਵਾਹਿਗੁਰੂ ਦਾ ਨਾਮ ਅਜੇਹਾ ਹੈ, ਜੇ ਕੋਈ (ਮਨੁੱਖ) ਮਨ ਕਰਕੇ ਮੰਨਣ ਜਾਣਦਾ ਹੈ, ਤਾਂ ਉਹ ਮਾਇਆ ਤੋਂ ਨਿਰਲੇਪ ਵਾਹਿਗੁਰੂ ਦਾ ਰੂਪ ਹੋ ਜਾਂਦਾ ਹੈ {ਹਰਿ ਕਾ ਸੇਵਕੁ ਹਰਿ ਹੀ ਜੇਹਾ।ਭੇਦੁ ਨ ਜਾਣਹੁ ਮਾਣਸ ਦੇਹਾ ੧੦੭੬}। ੨. (ਪ੍ਰਮੇਸੁਰ ਦਾ) ਨਾਮ ਐਸਾ ਮਾਇਆ ਤੋਂ ਨਿਰਲਿਪਤ (ਪਾਵਨ ਪਦਾਰਥ) ਹੈ, (ਪਰ ਇਸ ਗੱਲ ਨੂੰ) ਕੋਈ ਤਾਂ ਹੀ ਜਾਣ ਸਕਦਾ ਹੈ ਜੇ ਕੋਈ ਮਨ ਵਿਚ (ਨਾਮ ਨੂੰ) ਮੰਨਨ ਕਰ ਲਵੇ (ਭਾ. ਵੀਰ ਸਿੰਘ)।੧੨।

ਪਦਾਰਥ = ਮੰਨੇ ਕੀ-ਮੰਨਣ (ਅੰਗੀਕਾਰ ਕਰਨ ਜਾਂ ਵਿਚਾਰਨ) ਵਾਲੇ ਦੀ।ਗਤਿ-(ਆਤਮਕ) ਅਵਸਥਾ; ਗਿਆਨ; ਮਹਾਤਮ; ਫਲ; ਪ੍ਰਾਪਤੀ।ਜੇ ਕੋ-ਜੇ ਕੋਈ (ਮਨੁੱਖ)।ਕਹੈ-ਕਹਿੰਦਾ ਹੈ; ਬਿਆਨ ਕਰਦਾ ਹੈ।ਪਿਛੈ-ਪਿਛੋਂ;ਬਾਦ ਵਿਚ।ਕਾਗਦਿ-ਕਾਗਜ਼ ਉਤੇ।ਲਿਖਣਹਾਰੁ-ਲਿਖਣ ਵਾਲਾ (ਲਿਖਾਰੀ)।ਮੰਨੇ ਕਾ-ਮੰਨਣ ਵਾਲੇ ਮਨੁੱਖ ਦਾ।ਬਹਿ-ਬੈਠ ਕੇ।ਐਸਾ-ਅਜੇਹਾ।ਨਿਰੰਜਨੁ-ਮਾਯਾ ਤੋਂ ਨਿਰਲੇਪ (ਪ੍ਰਭੂ)।ਮੰਨਿ ਜਾਣੈ-ਸ਼ਰਧਾ ਨਾਲ ਅੰਗੀਕਾਰ ਕਰਨਾ ਸਮਝੇ; ਮੰਨਣ ਜਾਣਦਾ ਹੈ।ਮਨਿ-ਮਨ ਵਿਚ।੧੨ ।

ਵਿਆਖਿਆ = ਉਪਰ 'ਸੁਣਿਐ' ਵਾਲੀਆਂ ਪੌੜੀਆਂ ਵਿਚ ਸੁਣਨ ਦਾ ਫਲ ਦਸਿਆ ਹੈ।ਹੁਣ ਇਨ੍ਹਾਂ ਚਾਰ ਪੌੜੀਆਂ ਵਿਚ ਮੰਨਣ ਦਾ ਫਲ ਦਸਦੇ ਹਨ।ਮੰਨਣ ਦਾ ਅਰਥ ਹੈ ਸਵੀਕਾਰ ਕਰਨਾ, ਲਗਾਤਾਰ ਅਭਿਆਸ ਰਾਹੀਂ ਧਾਰਨ ਕਰਨਾ, ਵਿਚਾਰ ਕਰਨਾ, ਨਿਸਚੈ ਕਰਨਾ, ਦ੍ਰਿੜ ਕਰਨਾ ਆਦਿ।ਮੰਨਣ ਕਰਨ ਵਾਲੇ ਨੂੰ ਜੋ ਅਨੰਦ ਦੀ ਪ੍ਰਾਪਤੀ ਹੁੰਦੀ ਹੈ ਜਾਂ ਫਲ ਦੀ ਪ੍ਰਾਪਤੀ ਹੁੰਦੀ ਹੈ, ਉਹ ਕਹੀ ਨਹੀ ਜਾ ਸਕਦੀ {ਨਾਇ ਮੰਨਿਐ ਦੁਖ ਭੁਖ ਗਈ, ਜਿਨ ਨਾਮਿ ਚਿਤੁ ਲਾਇਆ ੧੨੪੧}।ਹਜਾਰਾਂ ਦੀ ਗਿਣਤੀ ਵਿਚ ਲੋਕ ਕਥਾ ਕੀਰਤਨ ਅਤੇ ਗੁਰਬਾਣੀ ਦਾ ਪਾਠ ਸੁਣਦੇ ਹਨ, ਪਰ ਵਿਰਲੇ ਹੀ ਸੁਣੇ ਹੋਏ ਨੂੰ ਮਨ ਵਿਚ ਵਸਾਉਂਦੇ ਹਨ {ਸੇਵਕ ਸਿਖ ਪੂਜਣ ਸਭ ਆਵਹਿ, ਸਭ ਗਾਵਹਿ ਹਰਿ ਹਰਿ ਊਤਮ ਬਾਨੀ।ਗਾਵਿਆ ਸੁਣਿਆ ਤਿਨਕਾ ਹਰਿ ਥਾਇ ਪਾਵੈ, ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ੬੬੯}।ਆਮ ਲੋਕ ਨਿਰੰਕਾਰ ਦੀ ਮਹਿਮਾਂ ਕੇਵਲ ਸੁਣਦੇ ਹੀ ਹਨ, ਉਸ ਨੂੰ ਨਾਂ ਤਾਂ ਮਨ ਵਿਚ ਵਸਾਉਂਦੇ ਹਨ ਅਤੇ ਨਾ ਹੀ ਉਸ ਤੇ ਅਮਲ ਕਰਦੇ ਹਨ {ਕਬੀਰ ਸਾਚਾ ਸਤਿਗੁਰੁ ਕਿਆ ਕਰੈ, ਜਉ ਸਿਖਾ ਮਹਿ ਚੂਕ।ਅੰਧੇ ਏਕ ਨ ਲਾਗਈ, ਜਿਉ ਬਾਂਸ ਬਜਾਈਐ ਫੂਕ ੧੩੭੨}।ਮਨ ਵਿਚ ਸੁਣੇ ਉਪਦੇਸ ਨੂੰ ਵਸਾ ਕੇ ਉਸਤੇ ਅਮਲ ਕੀਤਾ ਜਾਵੇ ਤਾਂ ਹੀ ਕੁਝ ਪ੍ਰਾਪਤੀ ਹੋ ਸਕਦੀ ਹੈ =

ਜਿਨੀ ਸੁਣਿ ਕੈ ਮੰਨਿਆ, ਤਿਨਾ ਨਿਜ ਘਰਿ ਵਾਸੁ ੨੭।ਜਿਨ ਸੁਣਿ ਸਿਖਾ ਗੁਰੁ ਮੰਨਿਆ, ਤਿਨਾ ਭੁਖ ਸਭ ਜਾਵੀ ੭੨੬। ਜੇ ਵਿਦਿਆਰਥੀ ਮਾਸਟਰ ਤੋਂ ਸਬਕ ਸੁਣ ਕੇ ਮਨ ਵਿਚ ਨਹੀ ਬਿਠਾਏਗਾ ਤਾਂ ਇਮਤਿਹਾਨ ਵਿਚ ਪਾਸ ਕਿਵੇਂ ਹੋਵੇਗਾ? ਐਸਾ ਵਿਦਿਆਰਥੀ ਵਿਦਿਆ ਹਾਸਲ ਨਹੀ ਕਰ ਸਕਦਾ ਅਤੇ ਨਾ ਹੀ ਤਰੱਕੀ ਕਰ ਸਕਦਾ ਹੈ।ਮਨੁੱਖ ਕਿਸੇ ਚੀਜ ਦਾ ਲੇਖਕ ਤਦੇ ਹੀ ਹੋ ਸਕਦਾ ਹੈ ਜੇ ਉਸ ਕੋਲ ਕਹਿਣ ਦੀ ਤਾਕਤ ਹੋਵੇ।ਪਹਿਲਾਂ ਜਦੋਂ ਮਨੁੱਖ ਕਿਸੇ ਚੀਜ ਨੂੰ ਜਾਣ ਲੈਂਦਾ ਹੈ ਕਿ ਇਹ ਚੀਜ ਇਤਨੀ ਹੈ ਅਤੇ ਇਸ ਪ੍ਰਕਾਰ ਦੀ ਹੈ ਤਾਂ ਉਹ ਲੋਕਾਂ ਨੂੰ ਸਮਝਾਉਣ ਲਈ ਲਿਖਦਾ ਹੈ।ਪਰ ਮੰਨਣ ਵਾਲੇ ਦੀ ਅਵਸਥਾ ਵਾਰੇ ਸੰਸਾਰ ਵਿਚ ਲਿਖਣ ਵਾਲਾ ਕੋਈ ਨਹੀਂ, ਨਾ ਹੀ ਇਤਨਾ ਵੱਡਾ ਕਾਗਜ ਅਤੇ ਨਾ ਸ਼ਕਤੀਸ਼ਾਲੀ ਕਲਮਾਂ ਹਨ।

## ॥ ਤੇਰਵੀਂ ਪਉੜੀ ॥

ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਨਾਮ ਮੰਨਣ ਨਾਲ ਮਨ ਵਿਚ ਚੰਗੇ ਗੁਣ ਪੈਦਾ ਹੋ ਜਾਂਦੇ ਹਨ, ਸੁਰਤ ਪ੍ਰਮਾਤਮਾ ਨਾਲ ਜੁੜ ਜਾਂਦੀ ਹੈ ਅਤੇ ਬੁਧੀ ਵਿਚ ਬਿਬੇਕ ਪੈਦਾ ਹੋ ਜਾਂਦਾ ਹੈ {ਨਾਇ ਮੰਨਿਐ ਸੁਰਤਿ ਊਪਜੈ, ਨਾਮੇ ਮਤਿ ਹੋਈ ੧੨੪੨}।

ਮੰਨੈ ਸਗਲ ਭਵਣ ਕੀ ਸੁਧਿ ॥ ਵਾਹਿਗੁਰੂ ਦਾ ਨਾਮ ਮੰਨਣ ਕਰਕੇ ਸਾਰੇ ਭਵਣਾਂ ਦੀ ਸੋਝੀ ਹੋ ਜਾਂਦੀ ਹੈ।

ਮੰਨੈ ਮੁਹਿ ਚੋਟਾ ਨ ਖਾਇ ॥ ਵਾਹਿਗੁਰੂ ਦਾ ਨਾਮ ਮੰਨਣ ਨਾਲ ਮਨੁੱਖ ਮੂੰਹ ਤੇ (ਜਮਾਂ ਦੀਆਂ) ਚੋਟਾਂ ਨਹੀ ਖਾਂਦਾ {ਜਮ ਦਰਿ ਬਧਾ ਚੋਟਾ ਖਾਇ ੧੦੯}।
ਮੰਨੈ ਜਮ ਕੈ ਸਾਥਿ ਨ ਜਾਇ ॥ ਵਾਹਿਗੁਰੂ ਦਾ ਨਾਮ ਮੰਨਣ ਕਰਕੇ (ਮਨੁੱਖ) ਜਮਾਂ ਨਾਲ ਨਹੀਂ ਜਾਂਦਾ ਭਾਵ ਜਮਾਂ ਦੇ ਵਸ ਨਹੀਂ ਪੈਂਦਾ {ਹਰਿ ਗੁਣ ਰਮਤ ਨਾਹੀ ਜਮ ਪੰਥ ੮੬੭}।
ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥ ਇਨ੍ਹਾਂ ਦੋ ਤੁਕਾਂ ਦੇ ਅਰਥ ਉਪਰ ਆ ਚੁਕੇ ਹਨ।੧੩।
ਮੰਨੈ ਸੁਰਤਿ ਹੋਵੈ ਮਨਿ ਬੁਧਿ ॥(ਦੂਜਾ ਅਰਥ) ਨਾਮ ਮੰਨਣ (ਲਗਾਤਾਰ ਅਭਿਆਸ ਕਰਨ) ਨਾਲ ਪ੍ਰਭੂ ਵਿਚ ਜੁੜਨ ਵਾਲੀ ਸੁਰਤ, ਉਨਮਨ ਅਵਸਥਾ ਵਾਲਾ ਮਨ ਅਤੇ ਸ੍ਰੇਸਟ ਬੁਧੀ ਪ੍ਰਾਪਤ ਹੁੰਦੀ ਹੈ।੧੩।
ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ, ਸਤ ਸੰਗਤਿ ਗੁਰ ਪਿਆਰ।(੧੨੫੬)
ਪਦਾਰਥ = ਮੰਨੈ-ਮੰਨਣ ਨਾਲ; ਮੰਨਣ ਕਰਕੇ; ਜੋ ਨਾਮ ਨੂੰ ਮੰਨਦਾ ਹੈ।ਸੁਰਤਿ-ਸੋਝੀ; ਸੁਝ ਬੂਝ (ਸੁਰਤ, ਮਨ ਅਤੇ ਬੁਧਿ ਅੰਤਹਕਰਣ ਦੀ ਸ਼ਕਤੀ ਦੇ ਅੰਗ ਹਨ)।ਸਗਲ-ਸਾਰੇ।ਭਵਣ-ਭਵਨਾਂ ਦੀ।ਸੁਧਿ-ਗਿਆਨ; ਸੋਝੀ।ਮੁਹਿ-ਮੂੰਹ ਉਤੇ।ਚੋਟਾ-ਸੱਟਾਂ।ਜਮ ਕੈ-ਜਮਾਂ ਦੇ।ਸਾਥਿ-ਨਾਲ।੧੩।
ਵਿਆਖਿਆ = ਸੁਰਤਿ ਇਕ ਸ਼ਕਤੀ ਹੈ, ਉਹ ਸਭ ਜੰਤੂਆਂ ਅੰਦਰ ਹੈ, ਉਹ ਪ੍ਰਾਰੰਭਕ ਅਵਸਥਾ ਵਿਚ ਅਚੇਤਨ ਹੈ, ਉਹ ਸਭ ਕੰਮ ਅਪਣੀ ਅਗਿਆਤ ਸੁਝ ਨਾਲ ਸੁਆਰਦੀ ਹੈ।ਉਸ ਵਿਚ ਸੋਚ ਸਮਝ ਨਹੀਂ, ਤਰਕ ਦਲੀਲ ਕੁਝ ਨਹੀਂ, ਉਸਦਾ ਕਰਤੱਬ ਸੁਭਾਵਕ ਹੈ।ਪਰ ਮਨੁੱਖਾ ਸਰੀਰ ਵਿਚ ਇਕ ਹੋਰ ਚੀਜ ਹੈ, ਉਹ ਹੈ ਮਨ, ਜਿਸ ਨਾਲ ਉਹ ਦਰਦ, ਦੁੱਖ ਅਤੇ ਖੁਸ਼ੀ ਮਹਿਸੂਸ ਕਰਦਾ ਹੈ।ਮਨ ਵਿਚ ਹੀ ਸੰਕਲਪ ਵਿਕਲਪ ਵਿਚਰਦੇ ਹਨ, ਇਸ ਵਿਚ ਹੀ ਇੱਛਾ, ਕਾਮਨਾ ਅਤੇ ਲਾਲਸਾ ਵਸਦੀਆਂ ਹਨ।ਇਸ ਤੋਂ ਇਲਾਵਾ ਮਨੁੱਖ ਦੇ ਅੰਤਹਕਰਣ ਵਿਚ ਇਕ ਹੋਰ ਤੱਤ ਵੀ ਹੈ, ਉਹ ਹੈ ਬੁੱਧੀ, ਇਹ ਮਨ ਤੋਂ ਉਪਰ ਦੀ ਚੀਜ ਹੈ।ਇਸ ਵਿਚ ਵੀਚਾਰ ਅਤੇ ਸਮਝ ਵਸਦੀ ਹੈ।ਇਹ ਬੁੱਧੀ ਹੀ ਹੈ ਜਿਸ ਵਿਚ ਨਿਸਚੇ ਕਰਨ ਦੀ ਸਮਰੱਥਾ ਹੈ।ਬੁੱਧੀ ਵਿਚ ਵਿਵੇਕ ਵੀ ਹੈ ਅਤੇ ਬੁਰੇ ਭਲੇ ਦਾ ਨਿਰਣਾ ਕਰਦੀ ਹੈ, ਪਰ ਇਸ ਤੋਂ ਵੱਧ ਇਸ ਦੀ ਪਹੁੰਚ ਨਹੀਂ।ਇਹ ਪੰਜ ਗਿਆਨ ਇੰਦ੍ਰੀਆਂ ਦੇ ਆਸਰੇ ਚਲਦੀ ਹੈ, ਜੋ ਮਸਾਲਾ ਗਿਆਨ ਇੰਦ੍ਰੀਆਂ ਉਪਲਬਧ ਕਰਦੀਆਂ ਹਨ, ਉਨ੍ਹਾਂ ਉਪਰ ਹੀ ਇਹ ਤਰਕ ਵਿਤਰਕ ਕਰ ਕੇ ਸਿੱਟੇ ਕਢ ਸਕਦੀ ਹੈ।ਬੁੱਧੀ ਪੰਜ ਤੱਤਾਂ ਦੀ ਉਪਜ ਹੈ, ਜੋ ਪਦਾਰਥ ਪੰਜ ਤੱਤਾਂ ਤੋਂ ਉਪਰ ਵਰਤਦੇ ਹਨ, ਉਹ ਬੁੱਧੀ ਦੀ ਪਹੁੰਚ ਤੋਂ ਪਰੇ ਹੋ ਜਾਂਦੇ ਹਨ।ਇਸ ਕਰਕੇ ਆਤਮਾ ਦੇ ਪ੍ਰਤੱਖ ਦਰਸ਼ਨ, ਪ੍ਰਮਾਤਮਾ ਦੇ ਸਬੰਧ ਵਿਚ ਅਤੇ ਅੱਖਾਂ ਤੋਂ ਪਰੇ ਅਦ੍ਰਿਸਟ ਸੰਸਾਰ ਤਕ ਇਸ ਦੀ ਪਹੁੰਚ ਨਹੀਂ ਹੋ ਸਕਦੀ।ਮਨੁੱਖ ਦੇ ਜੀਵਨ ਦਾ ਭੇਦ ਇਸਦੀ ਸੁਰਤ ਵਿਚ ਛੁਪਿਆ ਹੈ, ਇਹ ਹਿਰਦੇ ਦੀ ਉਸ ਗੁਫਾ ਦੇ ਨਿਕਟ ਹੈ ਜਿਥੇ ਨਾਮ ਨਿਰੰਜਨ ਵਸਦਾ ਹੈ।ਉਹ ਨਿਰੰਕਾਰ ਜੋ ਮਨ ਤੇ ਬੁਧੀ ਦੀ ਪਕੜ ਤੋਂ ਪਰੇ ਹੈ, ਉਹ ਹਿਰਦੇ ਦੀ ਗੁਫਾ ਵਿਚ ਬੈਠਾ ਹੋਇਆ ਸੁਰਤ ਦੇ ਨਜਦੀਕ ਹੈ =

ਨਾਮੁ ਨਿਰੰਜਨ ਨਾਲਿ ਹੈ, ਕਿਉ ਪਾਈਐ ਭਾਈ।ਗੁਰ ਪੂਰੇ ਤੇ ਪਾਈਐ, ਹਿਰਦੈ ਦੇਇ ਦਿਖਾਈ।(੧੨੪੨)।

'ਸੁੱਧ' ਇਕ ਕਿਸਮ ਦਾ ਸੁਤੇ ਸਿਧ ਗਿਆਨ ਹੈ, ਜੋ ਦੇਸ਼, ਕਾਲ ਤੇ ਵਸਤੂ ਤੇ ਨਿਰਭਰ ਨਹੀਂ।ਸੁੱਧ ਇਕ ਪ੍ਰਕਾਰ ਦਾ ਅਨੁਭਵੀ ਫੁਰਨਾ ਹੈ, ਇਹ ਅੰਤਰ ਦ੍ਰਿਸਟੀ ਦਾ ਅਨੁਭਵ ਪ੍ਰਕਾਸ਼ ਹੈ ਅਤੇ ਇਸਦਾ ਨਾਮ ਨਿਰੰਜਨ ਨਾਲ ਅੱਤ ਨੇੜੇ ਦਾ ਸਬੰਧ ਹੈ।

## ॥ ਚੌਦਵੀਂ ਪਉੜੀ ॥

ਮੰਨੈ ਮਾਰਗਿ ਠਾਕ ਨ ਪਾਇ ॥ਪ੍ਰਭੂ ਦਾ ਨਾਮ ਮੰਨਣ ਨਾਲ ਮਨੁੱਖ ਦੇ ਜੀਵਨ ਦੇ ਰਸਤੇ ਵਿਚ ਕੋਈ ਰੁਕਾਵਟ ਨਹੀ ਪੈਂਦੀ।
ਮੰਨੈ ਪਤਿ ਸਿਉ ਪਰਗਟੁ ਜਾਇ ॥ ਨਾਮ ਮੰਨਣ ਨਾਲ (ਮਨੁੱਖ ਸੰਸਾਰ ਵਿਚੋਂ) ਪ੍ਰਗਟ ਹੋ ਕੇ ਇਜਤ ਨਾਲ (ਸੱਚਖੰਡ ਨੂੰ) ਜਾਂਦਾ ਹੈ
ਮੰਨੈ ਮਗੁ ਨ ਚਲੈ ਪੰਥੁ ॥ ਨਾਮ ਮੰਨਣ ਕਰਕੇ ਮਨੁੱਖ ਸੰਸਾਰੀ (ਲੋਕਾਂ ਦੇ ਚਲਾਏ ਹੋਏ) ਰਸਤੇ ਅਤੇ ਕਰਮ ਕਾਂਡੀ ਰਸਤੇ ਤੇ ਨਹੀਂ ਚਲਦਾ (ਪੰਡਤਾਂ, ਜੋਗੀਆਂ ਜਾਂ ਲੋਕਾਂ ਦੇ ਚਲਾਏ ਰਸਤਿਆਂ ਤੇ ਨਹੀਂ ਚਲਦਾ)।
ਮੰਨੈ ਧਰਮ ਸੇਤੀ ਸਨਬੰਧੁ ॥ ਨਾਮ ਮੰਨਣ ਕਰਕੇ ਮਨੁੱਖ ਦਾ (ਸੱਚੇ ਨਾਮ) ਧਰਮ ਨਾਲ ਸਬੰਧ ਜੁੜ ਜਾਂਦਾ ਹੈ।
ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥ ਇਨ੍ਹਾਂ ਦੋ ਤੁਕਾਂ ਦੇ ਅਰਥ ਉਪਰ ਹੋ ਚੁੱਕੇ ਹਨ।੧੪।
ਮੰਨੈ ਮਾਰਗਿ ਠਾਕ ਨ ਪਾਇ ॥ ੧. ਨਾਮ ਮੰਨਣ ਨਾਲ ਮਨੁ ਖ ਦੇ ਮਰਣ ਉਪਰੰਤ ਪ੍ਰਲੋਕ ਦੇ ਰਸਤੇ ਵਿਚ ਕੋਈ ਰੁਕਾਵਟ ਨਹੀ ਪਾ ਸਕਦਾ।ਨਾਇ ਮੰਨਿਐ ਭਵਜਲੁ ਲੰਘੀਐ, ਫਿਰਿ ਬਿਘਨੁ ਨ ਹੋਈ। (੧੨੪੧)
੨. ਨਾਮ ਦੇ ਮੰਨਣ ਕਰਕੇ ਰੱਬ ਦੀ ਪ੍ਰਾਪਤੀ ਦੇ ਰਸਤੇ ਵਿਚ ਮਨੁੱਖ ਨੂੰ ਕੋਈ ਰੁਕਾਵਟ ਨਹੀਂ ਪੈਂਦੀ।ਠਾਕ ਨ ਹੋਤੀ ਤਿਨਹੁ ਦਰਿ, ਜਿਹ ਹੋਵਹੁ ਸ ਪ੍ਰਸੰਨ।(੨੫੫)
ਮੰਨੈ ਪਤਿ ਸਿਉ ਪਰਗਟੁ ਜਾਇ ॥ ਨਾਮ ਮੰਨਣ ਕਰਕੇ ਮਨੁੱਖ (ਜਗਤ ਵਿਚ) ਸਨਮਾਨ ਨਾਲ ਪਰਗਟ ਹੋ ਜਾਂਦਾ ਹੈ {ਮੰਨੇ ਨਾਉ

ਸੋਈ ਜਿਣਿ ਜਾਇ ੯੫੪}।

ਮੰਨੈ ਮਗੁ ਨ ਚਲੈ ਪੰਥੁ ॥ ਨਾਮ ਨੂੰ ਮੰਨਣ ਵਾਲਾ ਮਨੁੱਖ ਵੇਦ ਸ਼ਾਸਤ੍ਰਾਂ ਦੇ ਚਲਾਏ ਕਰਮ ਕਾਂਡੀ ਰਸਤੇ ਤੇ ਨਹੀਂ ਚਲਦਾ, ਨਾਮ ਦੇ ਸ਼ਾਹ ਮਾਰਗ ਤੇ ਚਲਦਾ ਹੈ {ਗੁਰਮੁਖ ਪੰਥ ਨਿਰੋਲੁ ,ਨ ਰਲੈ ਰਲਾਈਐ (ਭਾ. ਗੁ. ਵਾਰ ੩-੫)}।

ਮੰਨੈ ਧਰਮ ਸੇਤੀ ਸਨਬੰਧੁ ॥ ਨਾਮ ਮੰਨਣ ਕਰਕੇ ਧਰਮ ਰਾਜ ਨਾਲ ਮੇਲ ਜੋਲ ਹੋ ਜਾਂਦਾ ਹੈ {ਧਰਮਰਾਇ ਤਿਨ ਕਾ ਮਿਤੁ ਹੈ, ਜਮ ਮਗਿ ਨ ਪਾਵੈ ੧੦੯੧}।

ਪਦਾਰਥ = ਮੰਨੈ-(ਪ੍ਰਭੂ ਦਾ ਨਾਮ) ਮੰਨਣ ਨਾਲ।ਮਾਰਗਿ-ਰਸਤੇ ਵਿਚ।ਠਾਕ-ਰੁਕਾਵਟ।ਨ ਪਾਇ-ਨਹੀਂ ਪੈਂਦੀ।ਪਤਿ ਸਿਉ-ਇੱਜਤ ਨਾਲ; ਸਨਮਾਨ ਨਾਲ।ਪਰਗਟੁ-ਪਰਗਟ; ਪ੍ਰਸਿਧ।ਜਾਇ-ਜਾਂਦਾ ਹੈ।ਮਗੁ-ਰਸਤਾ।ਪੰਥੁ-(ਕਰਮ ਕਾਂਡੀ ਜਾਂ ਸੰਪ੍ਰਦਾਇਕ) ਰਸਤਾ।ਧਰਮ ਸੇਤੀ-(ਸੱਚੇ) ਧਰਮ ਨਾਲ; ਧਰਮਰਾਜ ਨਾਲ।ਸਨਬੰਧੁ-ਸਬੰਧ।੧੪।

## ॥ ਪੰਦਰਵੀਂ ਪਉੜੀ ॥

ਮੰਨੈ ਪਾਵਹਿਮੋਖੁ ਦੁਆਰੁ ॥ ਵਾਹਿਗੁਰੂ ਦਾ ਨਾਮ ਮੰਨਣ ਕਰਕੇ (ਨਾਮ ਰਸੀਏ) ਮੁਕਤ ਦੁਆਰ ਪ੍ਰਾਪਤ ਕਰ ਲੈਂਦੇ ਹਨ {ਗੁਰਮਤਿ ਮਾਨਿਆ ਮੋਖੁ ਦੁਆਰੁ ੮੩੩}।

ਮੰਨੈ ਪਰਵਾਰੈ ਸਾਧਾਰੁ ॥ ਨਾਮ ਨੂੰ ਮੰਨਣ ਵਾਲੇ ਮਨੁੱਖ ਅਪਣੇ ਪ੍ਰਵਾਰ ਨੂੰ ਵੀ (ਵਾਹਿਗੁਰੂ ਦੇ) ਆਸਰੇ ਸਹਿਤ ਕਰ ਲੈਂਦੇ ਹਨ ਭਾਵ ਵਾਹਿਗੁਰੂ ਪਰਾਇਣ ਕਰ ਦੇਂਦੇ ਹਨ {ਨਾਨਕ ਗੁਰਮਤਿ ਮਾਨਿਆ, ਪਰਵਾਰੈ ਸਾਧਾਰੁ ੮੩੩}।

ਮੰਨੈ ਤਰੈ ਤਾਰੇ ਗੁਰੁ ਸਿਖ ॥ ਨਾਮ ਮੰਨਣ ਕਰਕੇ ਮਨੁੱਖ ਆਪ ਵੀ (ਸੰਸਾਰ ਸਮੁੰਦਰ ਤੋਂ) ਤਰ ਜਾਂਦਾ ਹੈ ਅਤੇ ਸਿਖਿਆ ਲੈਣ ਆਏ ਹੋਰਨਾਂ ਨੂੰ ਵੀ ਉਪਦੇਸ਼ ਦਾਤਾ ਹੋ ਕੇ ਤਾਰਦਾ ਹੈ।ਓਇ ਆਪਿ ਛੁਟੇ ਪਰਵਾਰ ਸਿਉ ,ਸਭੁ ਜਗਤੁ ਛਡਾਇਆ। (੭੨੫)

ਮੰਨੈ ਨਾਨਕ ਭਵਹਿ ਨ ਭਿਖ ॥ ਹੇ ਨਾਨਕ! ਨਾਮ ਮੰਨਣ ਨਾਲ ਮਨੁੱਖ (ਦਰ ਦਰ ਤੇ) ਭਿਖਿਆ ਨਹੀ ਮੰਗਦਾ ਫਿਰਦਾ।

ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥ ਅਰਥ ਉਪਰ ਹੋ ਚੁਕੇ ਹਨ।੧੫।

ਮੰਨੈ ਪਰਵਾਰੈ ਸਾਧਾਰੁ ॥ਨਾਮ ਨੂੰ ਮੰਨਣ ਵਾਲਾ ਮਨੁੱਖ (ਅਪਣੇ) ਪ੍ਰਵਾਰ ਨੂੰ ਵੀ ਸੁਧਾਰ ਲੈਂਦਾ ਹੈ।

ਮੰਨੈ ਤਰੈ ਤਾਰੇ ਗੁਰੁ ਸਿਖ ॥ ਨਾਮ ਦੇ ਮੰਨਣ ਕਰਕੇ ਗੁਰੂ (ਆਪ ਵੀ ਭਵਜਲ ਤੋਂ) ਤਰ ਜਾਂਦਾ ਹੈ ਅਤੇ (ਉਪਦੇਸ਼ ਦੇ ਕੇ ਅਪਣੇ) ਸਿੱਖਾਂ ਨੂੰ ਵੀ ਤਾਰ ਦੇਂਦਾ ਹੈ।(ਦਰਪਣ ਤੇ ਡਾ. ਤਾਰਨ ਸਿੰਘ ਨੇ ਇਸੇ ਤਰ੍ਹਾਂ ਦੇ ਅਰਥ ਕੀਤੇ ਹਨ)।

ਪਦਾਰਥ = ਮੰਨੈ-ਮੰਨਣ ਨਾਲ; ਮੰਨਣ ਵਾਲੇ ਮਨੁੱਖ।ਪਾਵਹਿ-ਪ੍ਰਾਪਤ ਕਰਦੇ ਹਨ।ਮੋਖੁ ਦੁਆਰੁ-ਮੁਕਤ ਦੁਆਰ; ਬ੍ਰਹਮ ਗਿਆਨ।ਪਰਵਾਰੈ-ਪ੍ਰਵਾਰ ਨੂੰ।ਸਾਧਾਰੁ-ਆਸਰੇ ਸਹਿਤ; ਸੁਧਾਰ ਲੈਂਦੇ ਹਨ।ਤਰੈ-ਤਰਦਾ ਹੈ।ਤਾਰੇ-(ਹੋਰਾਂ ਨੂੰ) ਤਾਰਦਾ ਹੈ।ਗੁਰੁ ਸਿਖ-ਗੁਰਮਤ ਉਪਦੇਸ਼ਕ।ਭਵਹਿ ਨ-ਭਟਕਦੇ ਨਹੀ ਫਿਰਦੇ।ਭਿਖ-ਭਿਖਿਆ; ਜੂਨ (ਸੰ.ਸ.) ਭਿਖਿਆ ਮੰਗਣਾ ਅੱਤ ਦੁਖ ਤੇ ਖੁਆਰੀ ਦਾ ਕੰਮ ਹੈ, ਤਿਵੇਂ ਜੂਨਾਂ ਵਿਚ ਰੁਲਣਾ ਅਤੇ ਖੱਜਲ ਖੁਆਰ ਹੋਣਾ ਪੈਂਦਾ ਹੈ {ਲਖ ਚਉਰਾਸੀਹ ਭੀਖ ਭਵਿਆ ੪੩੩}।੧੫।

ਵਿਆਖਿਆ = ਇਨ੍ਹਾਂ ਚੌਹਾਂ ਪੌੜੀਆਂ ਵਿਚੋਂ ੧੨ ਵੀ ਪੌੜੀ ਵਿਚ ਪਾਠ 'ਮੰਨੇ' ਹੈ ਅਤੇ ਬਾਕੀ ਤਿੰਨ ਪੌੜੀਆਂ ਵਿਚ ਪਾਠ 'ਮੰਨੈ' ਹੈ।ਮੰਨੇ ਦਾ ਅਰਥ ਹੈ, ਉਹ ਪੁਰਖ ਜਿਸ ਨੇ ਮੰਨਣ ਕੀਤਾ ਹੈ ਅਤੇ ਮੰਨੈ ਦਾ ਅਰਥ ਹੈ ਮੰਨਣ ਕਰਨ ਨਾਲ ਜਾਂ ਮੰਨਿਆਂ।ਜਿਵੇਂ ਸੁਣਿਐ ਦਾ ਅਰਥ 'ਸੁਣਨ ਨਾਲ' ਹੈ, ਤਿਵੇਂ ਮੰਨੈ ਦਾ ਅਰਥ 'ਮੰਨਣ ਨਾਲ' ਹੈ।'ਜੇ ਕੋ ਮੰਨਿ ਜਾਣੈ ਮਨਿ ਕੋਇ' ਵਾਲੀ ਪੰਗਤੀ ਤੋਂ ਹੀ ਮੰਨੈ ਦਾ ਅਰਥ ਸਪੱਸ਼ਟ ਹੋ ਜਾਂਦਾ ਹੈ।ਫਿਰ ਸਾਰੰਗ ਦੀ ਵਾਰ ਅੰਗ ੧੨੪੧ ਅਤੇ ੧੨੪੨ ਤੇ ਨੌਵੀਂ, ਦਸਵੀਂ, ਗਿਆਰਵੀਂ ਅਤੇ ਬਾਰ੍ਹਵੀਂ ਪੌੜੀਆਂ ਵਿਚ 'ਨਾਇ ਮੰਨਿਐ' ਵਾਲੀਆਂ ਤੁਕਾਂ ਵਿਚੋਂ ਵੀ ਮੰਨੈ ਦੇ ਅਰਥਾਂ ਦੀ ਪ੍ਰੋੜਤਾ ਹੋ ਜਾਂਦੀ ਹੈ।ਸ੍ਰੀ ਜਪੁ ਜੀ ਸਾਹਿਬ ਵਿਚ ਗਾਵੈ, ਸੁਣਿਐ ਅਤੇ ਮੰਨੈ ਵਾਲੀਆਂ ਪੌੜੀਆਂ ਵਿਚ ਕਿਤੇ ਬੀ ਗੁਰੂ ਵਾਰੇ ਜਿਕਰ ਨਹੀਂ ਆਉਂਦਾ।ਇਨ੍ਹਾਂ ਪੌੜੀਆਂ ਵਿਚ ਨਾਮ ਅਭਿਆਸੀ ਪੁਰਖਾਂ ਦੀਆਂ ਆਤਮਕ ਅਵਸਥਾਵਾਂ ਦਾ ਵਖਿਆਨ ਕੀਤਾ ਹੈ ਕਿ ਵਾਹਿਗੁਰੂ ਦਾ ਨਾਮ ਗਾਉਣ, ਸੁਣਨ ਅਤੇ ਮੰਨਣ ਨਾਲ ਕਿਤਨੀਆਂ ਵੱਡੀਆਂ ਵੱਡੀਆਂ ਬਰਕਤਾਂ ਮਨੁੱਖ ਦੇ ਪੱਲੇ ਪੈਂਦੀਆਂ ਹਨ।ਮਨ, ਬਚਨ ਅਤੇ ਕਰਮ ਕਰਕੇ ਵਾਹਿਗੁਰੂ ਦੀ ਪਵਿਤ੍ਰ ਮਹਿਮਾਂ ਗਾਉਣ, ਸੁਣਨ ਅਤੇ ਮੰਨਣ ਨਾਲ ਆਤਮਕ ਅਵਸਥਾ ਵਿਚ ਇਕ ਅਜੇਹਾ ਪ੍ਰੀਵਰਤਨ ਆਉਂਦਾ ਹੈ ਜਿਸ ਨਾਲ ਮਨੁੱਖ ਪ੍ਰਮਾਤਮਾ ਦਾ ਰੂਪ ਹੋ ਜਾਂਦਾ ਹੈ।ਰਾਮ ਕਬੀਰਾ ਏਕ ਭਏ ਹੈ, ਕੋਇ ਨ ਸਕੈ ਪਛਾਨੀ।(੯੬੯)

## ॥ ਸੋਲ੍ਹਵੀਂ ਪਉੜੀ ॥

ਪੰਚ ਪਰਵਾਣ ਪੰਚ ਪਰਧਾਨੁ ॥ (ਨਾਮ ਨੂੰ ਸੁਣਨ ਤੇ ਮੰਨਣ ਵਾਲੇ) ਸ੍ਰੇਸਟ ਪੁਰਖ (ਜਿਉਂਦੇ ਹੀ ਪ੍ਰਮਾਤਮਾ ਦੇ ਦਰਬਾਰ ਵਿਚ)

ਪ੍ਰਵਾਨ ਹੋ ਜਾਂਦੇ ਹਨ {ਜੀਵਤ ਸੇ ਪਰਵਾਣੁ ਹੋਏ, ਹਰਿ ਕੀਰਤਨਿ ਜਾਗੇ ੩੨੨} ਅਤੇ (ਇਥੇ ਸੰਸਾਰ ਵਿਚ ਵੀ ਉਹ) ਸ੍ਰੇਸਟ ਪੁਰਖ ਮੁਖੀ (ਮੰਨੇ ਜਾਂਦੇ) ਹਨ {ਪ੍ਰਭ ਕਉ ਸਿਮਰਹਿ, ਸੇ ਪੁਰਖ ਪ੍ਰਧਾਨ ੨੬੩}।

ਪੰਚੇ ਪਾਵਹਿ ਦਰਗਹਿ ਮਾਨੁ ॥ ਪੰਚ ਜਨ ਹੀ ਪ੍ਰਭੂ ਦੀ ਦਰਗਾਹ ਵਿਚ ਆਦਰ ਪਾਉਂਦੇ ਹਨ। ਗੁਰਮੁਖਿ ਪਾਵਹਿ ਦਰਗਹਿ ਮਾਨੁ। (੯੦੫)

ਪੰਚੇ ਸੋਹਹਿ ਦਰਿ ਰਾਜਾਨੁ ॥ਰਾਜਿਆਂ ਦਾ ਜੋ ਰਾਜਾ ਅਕਾਲ ਪੁਰਖ ਹੈ, (ਉਸ ਦੇ) ਦਰਬਾਰ ਵਿਚ ਪੰਚ ਜਨ ਸੋਭਾ ਪਾਉਂਦੇ ਹਨ। ਨਾਨਕ ਭਗਤ ਸੋਹਹਿ ਹਰਿ ਦੁਆਰ। (੮੯੩); ਗੁਰਮੁਖਿ ਭਗਤ ਸੋਹਹਿ ਦਰਬਾਰੇ। (੧੦੫੫)

ਪੰਚਾ ਕਾ ਗੁਰੁ ਏਕੁ ਧਿਆਨੁ ॥ ਪੰਚਾਂ ਦਾ ਧਿਆਨ ਇਕ ਗੁਰੂ ਵੱਲ ਹੁੰਦਾ ਹੈ (ਇਕ ਗੁਰ ਦੇ ਸ਼ਬਦ ਵਿਚਧਿਆਨ ਜੁੜਿਆ ਰਹਿੰਦਾ ਹੈ) ਗੁਰਮੁਖਿ ਸਾਚੇ ਲਗੈ ਧਿਆਨੁ। (੫੫੯)

ਜੇ ਕੋ ਕਹੈ ਕਰੈ ਵੀਚਾਰੁ ॥ਕਰਤੇ ਕੈ ਕਰਣੈ ਨਾਹੀ ਸੁਮਾਰੁ ॥ ਜੇ ਕੋਈ (ਹੰਕਾਰੀ ਮਨੁੱਖ ਕਰਤਾ ਪੁਰਖ ਦੀ ਰਚਨਾ ਬਾਰੇ ਕੁਝ) ਕਹਿੰਦਾ ਅਤੇ ਵਿਚਾਰ ਕਰਦਾ ਹੈ (ਤਾਂ ਉਸਦਾ ਕਿਹਾ ਅਤੇ ਵਿਚਾਰ ਕੀਤਾ ਨਿਸਫਲ ਹੈਕਿਉਂਕਿ ਕਰਤਾਰ ਦੀ ਰਚਨਾ ਦਾ ਅੰਤ ਨਹੀ)। ਕਰਤਾਰ ਦੇ ਕੀਤੇ ਹੋਏ (ਕੰਮਾਂ ਭਾਵ ਰਚਨਾ) ਦਾ ਕੋਈ ਹਿਸਾਬ ਨਹੀਂ ਹੋ ਸਕਦਾ (ਕਰਤਾਰ ਦੀ ਰਚਨਾ ਦੀ ਕੋਈ ਗਿਣਤੀ ਨਹੀਂ ਕਰ ਸਕਦਾ)। ਨਾਨਕ ਕਰਤੇ ਕਾ ਨਾਹਿ ਸੁਮਾਰੁ। (੨੯੧); ਮਿਤਿ ਨਾਹੀ ਜਾ ਕਾ ਬਿਸਥਾਰੁ। (੧੨੩੫)

ਧੌਲੁ ਧਰਮੁ ਦਇਆ ਕਾ ਪੂਤੁ ॥ (ਲੋਕਾਂ ਦੀ ਮਨੌਤ ਹੈ ਕਿ ਧਰਤੀ ਨੂੰ ਧੌਲੇ ਬੈਲ ਨੇ ਚੁਕਿਆ ਹੋਇਆ ਹੈ, ਧਰਤੀ ਨੂੰ ਚੁੱਕਣ ਵਾਲਾ) ਧਰਮ ਰੂਪ ਚਿੱਟਾ ਬੌਲਦ ਹੈ ਜੋ ਦਇਆ ਦਾ ਪੁਤ੍ਰ ਹੈ ਭਾਵ ਪ੍ਰਭੂ ਦੀ ਦਇਆ ਤੋਂ ਪੈਦਾ ਹੋਇਆ ਧਰਮ ਰੂਪ ਨੀਯਮ ਧਰਤੀ ਨੂੰ ਥੰਮੀ ਖੜਾ ਹੈ। ਧਰਮ ਧਉਲ ਪੁਕਾਰੇ ਤਲੈ ਖੜੋਆ। (ਭਾ.ਗੁ.ਵਾਰ ੧-੨੨)

ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ ਜਿਸ (ਧਰਮ) ਨੇ ਸੰਤੋਖ ਨੂੰ ਸਥਾਪਨ ਕਰਕੇ ਸਾਰੇ ਜਗਤ ਪਸਾਰੇ ਨੂੰ ਮਰਿਆਦਾ (ਸੂਤ Discipline) ਵਿਚ ਕਾਇਮ ਰਖਿਆ ਹੋਇਆ ਹੈ ਭਾਵ ਸਾਰੀ ਸ੍ਰਿਸਟੀ ਪ੍ਰਭੂ ਦੇ ਦੈਵੀ ਕਾਨੂੰਨ ਅਤੇ ਮਰਿਆਦਾ ਵਿਚ ਚਲਦੀ ਹੈ। ਆਪੇ ਸੂਤੁ ਆਪੇ ਬਹੁ ਮਣੀਆ, ਕਰਿ ਸਕਤੀ ਜਗਤੁ ਪਰੋਇ। ਆਪੇ ਹੀ ਸੂਤਧਾਰੁ ਹੈ ਪਿਆਰਾ, ਸੂਤੁ ਖਿੰਚੇ ਢਹਿ ਢੇਰੀ ਹੋਇ (੬੦੫)। ਆਪਨ ਸੂਤਿ ਸਭੁ ਜਗਤੁ ਪਰੋਇ (੨੯੨)। ਜਾ ਕੈ ਸੂਤਿ ਪਰੋਇਆ ਸੰਸਾਰੁ (੧੧੫੦)।

ਜੇ ਕੋ ਬੁਝੈ ਹੋਵੈ ਸਚਿਆਰੁ ॥ਜਿਹੜਾ ਕੋਈ (ਮਨੁੱਖ ਉਪਰੋਕਤ ਸਚਾਈ ਨੂੰ) ਸਮਝ ਲਵੇ, ਉਹ ਸਚਿਆਰ ਹੁੰਦਾ ਹੈ।

ਧਵਲੈ ਉਪਰਿ ਕੇਤਾ ਭਾਰੁ ॥ (ਸਚ ਦਾ ਖੋਜੀ ਮਨੁੱਖ ਦੱਸੇ, ਉਸ ਕਲਪਤ) ਧੌਲੇ ਬੌਲਦ ਉਤੇ ਕਿੰਨਾ ਕੁ ਭਾਰ ਹੋਵੇਗਾ? (ਧਰਤੀ ਦਾ ਇੰਨਾ ਵੱਡਾ ਭਾਰ ਬਲਦ ਕਿਵੇਂ ਚੁਕ ਸਕਦਾ ਹੈ?) ਗੁਰੂ ਜੀ ਵਰਨਣ ਕਰਦੇ ਹਨ ੳ-

ਧਰਤੀ ਹੋਰੁ ਪਰੈ ਹੋਰੁ ਹੋਰੁ ॥ ਇਸ ਧਰਤੀ ਤੋਂ ਪਰੇ ਹੋਰ (ਧਰਤੀ) ਹੈ ਤੇ ਅੱਗੇ ਹੋਰ ਹੋਰ (ਕਈ ਧਰਤੀਆਂ) ਹਨ (ਉਨ੍ਹਾਂ ਧਰਤੀਆਂ ਨੂੰ ਕੌਣ ਚੁਕੀ ਖੜਾ ਹੈ? ਕਿਉਂਕਿ ਬ੍ਰਹਿਮੰਡ ਬਹੁਤ ਵਿਸ਼ਾਲ ਹੈ, ਅਨੰਤ ਧਰਤੀਆਂ ਹਨ, ਕੀ ਇਨ੍ਹਾਂ ਅਨੰਤ ਧਰਤੀਆਂ ਨੂੰ ਉਠਾਉਣ ਵਾਲੇ ਅਨੰਤ ਬਲਦਾਂ ਦੀ ਕਲਪਨਾਂ ਕਰਨੀ ਪਏਗੀ ?)।

ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥ (ਸਭ ਤੋਂ ਹੇਠਲੀ ਧਰਤੀ ਦਾ ਜਿਸ ਬਲਦ ਉਪਰ) ਭਾਰ ਹੈ, ਉਸਦੇ ਥੱਲੇ ਕਿਸਦਾ ਜੋਰ ਮੰਨੋਗੇ? ਭਾਵ ਉਹ ਧੌਲਾ ਬਲਦ ਕਿਸਦੇ ਆਸਰੇ ਖੜਾ ਹੈ? ਕਿਉਂਕਿ ਨਿਰਅਧਾਰ ਕਿਸੇ ਦਾ ਖੜ੍ਹਨਾ ਅਸੰਭਵ ਹੈ।

ਪੰਚੇ ਸੋਹਹਿ ਦਰਿ ਰਾਜਾਨੁ ॥ ੧. ਪੰਚ ਜਨ ਰਾਜ ਦਰਬਾਰਾਂ ਵਿਚ ਸੋਭਾ ਪਾਉਂਦੇ ਹਨ।
੨. ਪੰਚ ਜਨ ਪ੍ਰਭੂ ਦੇ ਦਰਬਾਰ ਵਿਚ ਰਾਜਾ ਰੂਪ ਹੋ ਕੇ ਸੋਭਦੇ ਹਨ (ਟਕਸਾਲ)।

ਪੰਚਾ ਕਾ ਗੁਰੁ ਏਕੁ ਧਿਆਨੁ ॥ਪੰਚਾਂ ਦਾ ਗੁਰੂ ਇਕ ਅਕਾਲ ਪੁਰਖ ਹੈ, (ਉਸ ਵਿਚ ਇਨ੍ਹਾਂ ਦਾ) ਧਿਆਨ ਲੱਗਾ ਰਹਿੰਦਾ ਹੈ। ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ ਜਿਸ ਪ੍ਰਭੂ ਨੇ ਸੰਤੋਖ ਨੂੰ ਵਰਤਾ ਕੇ ਸਭ ਕੁਝ ਪ੍ਰਬੰਧ ਵਿਚ ਰਖਿਆ ਹੈ (ਸਭ ਕੁਦਰਤੀ ਤਾਕਤਾਂ ਅਪਣੇ ੨ ਕੰਮ ਸੰਤੋਖ ਵਿਚ ਕਰਦੀਆਂ ਜਾ ਰਹੀਆਂ ਹਨ (ਡਾ.ਤਾਰਨ ਸਿੰਘ)। ਨਿਰੰਕਾਰ ਦੀ ਰਚਨਾ, ਬਣਾਏ ਹੋਏ ਦੈਵੀ ਨਿਯਮਾਂ ਦੀ ਉਲੰਘਣਾ ਨਹੀ ਕਰਦੀ, ਵਿਰੋਧੀ ਤੱਤ ਵੀ ਅਵਿਰੋਧੀ ਨਾਲ ਟਕਰਾਉਂਦੇ ਨਹੀਂ।

ਜੇ ਕੋ ਬੁਝੈ ਹੋਵੈ ਸਚਿਆਰੁ ॥੧. ਜੇ ਕੋਈ (ਵਿਚਾਰ ਵਾਨ ਮਨੁੱਖ ਧਰਤੀ ਨੂੰ ਧਰਮ ਦੇ ਆਸਰੇ ਖੜੀ) ਸਮਝ ਲੈਂਦਾ ਹੈ (ਅਤੇ ਧਰਮ ਅਨੁਸਾਰ ਜੀਵਨ ਬਤੀਤ ਕਰਦਾ ਹੈ, ਤਾਂ ਉਹ ਮਨੁੱਖ) ਸਚਿਆਰ ਹੋ ਸਕਦਾ ਹੈ (ਹਿੰਦੀ ਟੀਕਾ, ਮੁਨੀ ਅਰਜਨ ਸਿੰਘ)।
੨. ਜੇ ਕੋਈ ਇਹ ਗਲ ਬੁਝ ਕੇ ਸਚਿਆਰ ਹੋਣਾ ਚਾਹੇ (ਕਿ ਧਰਤੀ ਹੇਠਾਂ ਧੌਲਾ ਬੌਲਦ ਹੈ ਤਾਂ ਉਸਤੋਂ ਹੇਠਾਂ ਲਿਖਿਆ ਪ੍ਰਸ਼ਨ ਪੁੱਛਣਾ ਚਾਹੀਦਾ ਹੈ (ਸੰ.ਸ.)। ਕਿ ਧਉਲੇ ਬਲਤ ਉਪਰ ਕਿਤਨਾ ਭਾਰ ਹੈ।

ਧਰਤੀ ਹੋਰੁ ਪਰੈ ਹੋਰੁ ਹੋਰੁ ॥ (ਜੇ ਮੰਨ ਲਿਆ ਜਾਵੇ ਕਿ ਬਲਦ ਵੀ ਧਰਤੀ ਵਾਂਙ ਬਹੁਤ ਵੱਡਾ ਅਤੇ ਬਲਵਾਨ ਹੈ, ਤਾਂ ਹੁਣ ਸਵਾਲ ਉਠਦਾ ਹੈ ਕਿ ਧਰਤੀ ਨੂੰ ਚੁੱਕਣ ਵਾਲਾ ਬਲਦ ਕਿਸ ਦੇ ਆਸਰੇ ਖੜਾ ਹੈ? ਉਸ ਬਲਦ ਨੂੰ ਸਹਾਰਾ ਦੇਣ ਲਈ) ਹੋਰ ਧਰਤੀ

ਹੋਵੇਗੀ, (ਫਿਰ ਉਸ ਧਰਤੀ ਥੱਲੇ ਹੋਰ ਬਲਦ, ਅੱਗੇ) ਹੋਰ ਧਰਤੀ (ਉਸ ਤੋਂ) ਪਰੇ ਹੋਰ ਹੋਰ (ਧਰਤੀ ਤੇ ਬੌਲਦ ਮੰਨਣੇ ਪੈਣਗੇ)। ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥ ੧. ਧਰਤੀ ਦੇ ਭਾਰ ਨੂੰ ਚੁੱਕਣ ਵਾਲੇ ਬੌਲਦ ਦੇ ਥੱਲੇ ਕਿਸ ਦਾ ਬਲ ਹੈ ਭਾਵ ਬਲਦ ਕਿਸ ਦੇ ਆਸਰੇ ਖੜਾ ਹੈ? (ਹਿੰਦੀ ਟੀਕਾ, ਮੁਨੀ ਅਰਜਨ ਸਿੰਘ)।

੨. (ਧਰਤੀਆਂ ਤਾਂ ਬਹੁਤ ਹਨ, ਗੁਰੂ ਜੀ ਪੁਛਦੇ ਹਨ ਕਿ) ਉਨ੍ਹਾਂ ਦੇ ਬੋਝ ਹੇਠਾਂ ਕਿਹੜੀ ਤਾਕਤ ਹੈ (ਜਿਸ ਨੇ ਸਭ ਧਰਤੀਆਂ ਦੇ ਭਾਰ ਨੂੰ ਉਠਾਇਆ ਹੋਇਆ ਹੈ)। ਭਾਵ ਜੇ ਧਰਤੀ ਹੇਠਾਂ ਬਲਦ ਤੇ ਉਸ ਤੋਂ ਹੇਠਾਂ ਹੋਰ ਹੋਰ ਦੀ ਲੜੀ ਤੋਰੀਏ, ਅੰਤ ਨਿਰਾਧਾਰ ਮੰਨਣਾ ਪਊ। ਫੇਰ ਧਰਤੀ ਇਕ ਨਹੀਂ ਹੋਰ ਹੋਰ, ਉਸ ਤੋਂ ਪਰੇ ਹੋਰ ਭਾਵ ਅਨੇਕਾਂ ਹਨ, ਸਾਰਿਆਂ ਲਈ ਬਲਦ ਮੰਨ ਕੇ ਕਿਤੇ ਤਾਂ ਰੁਕਣਾ ਪਵੇਗਾ? ਅੰਤ ਇਸ ਸਿੱਟੇ ਤੇ ਪੁਜਣਾ ਪਏਗਾ ਕਿ ਧਰਤੀ ਨੂੰ ਸਹਾਰਾ ਦੇਣ ਵਾਲਾ ਕੋਈ ਬਲਦ ਨਹੀਂ, ਵਾਹਿਗੁਰੂ ਦਾ ਧਰਮ ਰੂਪ ਨਿਯਮ ਧਰਤੀ ਦਾ ਆਸਰਾ ਹੈ। ਨਾਮ ਕੇ ਧਾਰੇ ਸਗਲੇ ਜੰਤ। ਨਾਮ ਕੇ ਧਾਰੇ ਖੰਡ ਬ੍ਰਹਮੰਡ (੨੮੪)। ਨਾਮ ਕੇ ਧਾਰੇ ਅਗਾਸ ਪਾਤਾਲ। ਨਾਮ ਕੇ ਧਾਰੇ ਸਗਲ ਆਕਾਰ ੨੮੪।

ਜੇਨ ਕਲਾ ਧਾਰਿਓ ਆਕਾਸੰ, ਬੈਸੰਤਰੰ ਕਾਸਟ ਬੇਸਟੰ। ਜੇਨ ਕਲਾ ਸਸਿ ਸੂਰ ਨਖ੍ਹਤ੍ਰ ਜੋਤ੍ਹਿੰ ,ਸਾਸੰ ਸਰੀਰ ਧਾਰਣੰ ੧੩੫੯ (ਜਿਸ ਨਿਰੰਕਾਰ ਨੇ ਅਪਣੀ ਸ਼ਕਤੀ ਨਾਲ ਅਕਾਸ਼ ਨੂੰ (ਆਸਰਾ ਦੇ ਕੇ) ਟਿਕਾਇਆ ਹੋਇਆ ਹੈ ਅਤੇ ਅੱਗ ਨੂੰ ਲੱਕੜੀ ਨਾਲ ਢਕਿਆ ਹੋਇਆ ਹੈ। ਜਿਸ ਨਿਰੰਕਾਰ ਨੇ ਅਪਣੀ ਸ਼ਕਤੀ ਨਾਲ ਚੰਦ ਸੂਰਜ ਤਾਰਿਆਂ ਵਿਚ ਪ੍ਰਕਾਸ਼ ਕੀਤਾ ਹੋਇਆ ਹੈ ਤੇ ਸਰੀਰਾਂ ਵਿਚ ਸੁਆਸ ਕਾਇਮ ਕੀਤੇ ਹਨ)।

ਪਦਾਰਥ =ਪੰਚ–ਨਾਮ ਸੁਣਨ ਅਤੇ ਮੰਨਣ ਵਾਲੇ ਪ੍ਰਮਾਰਥ ਰਸਤੇ ਦੇ ਸ੍ਰੇਸ਼ਟ ਪੁਰਖ; ਉਚੀ ਅਵਸਥਾ ਵਾਲੇ ਗੁਰਮੁਖ; ਪੰਜਾਂ (ਕਾਮ ਕ੍ਰੋਧ ਲੋਭ ਮੋਹ ਤੇ ਹੰਕਾਰ) ਨੂੰ ਵਸ ਕਰਨ ਵਾਲੇ ਅਤੇ ਪੰਜ ਗੁਣਾਂ (ਸੱਤ ਸੰਤੋਖ ਦਇਆ ਧਰਮ ਤੇ ਖਿਮਾ) ਦੇ ਧਾਰਨੀ ਮਹਾਂ ਪੁਰਖ;ਪੰਚਾਇਤ ਦੇ ਮੈਂਬਰ ਨੂੰ ਵੀ ਪੰਚ ਆਖਦੇ ਹਨ (ਇਥੇ ਭਾਵ ਹੈ ਰੱਬ ਦੀ ਦਰਗਾਹ ਦਾ ਮੈਂਬਰ)। ਪਰਵਾਣ–ਕਬੂਲ; ਪ੍ਰਵਾਨ। ਪਰਧਾਨੁ–ਆਗੂ। ਪੰਚੇ–ਪੰਚ ਜਨ ਹੀ। ਮਾਨੁ–ਇਜਤ; ਆਦਰ। ਸੋਹਹਿ–ਸੋਭਦੇ ਹਨ; ਸੋਹਣੇ ਲਗਦੇ ਹਨ। ਦਰਿ–ਦਰਬਾਰ ਵਿਚ; ਦਰ ਤੇ। ਰਾਜਾਨੁ–ਮਹਾਂਰਾਜਾ ਅਕਾਲ ਪੁਰਖ; ਰਾਜਾ ਰੂਪ ਹੋ ਕੇ; ਰਾਜਿਆਂ ਵਾਂਙ। ਗੁਰੁ ਏਕੁ–ਇਕ ਗੁਰੂ ਅਕਾਲ ਪੁਰਖ; ਇਕ ਗੁਰੂ ਵੱਲ। ਜੇ ਕੋ–ਜਿਹੜਾ ਕੋਈ ਮਨੁੱਖ। ਕਰਤੇ ਕੈ–ਕਰਤਾਰ ਦੇ। ਕਰਣੈ–ਕੀਤੇ ਹੋਏ ਕੰਮਾਂ (ਰਚਨਾ) ਦਾ। ਸੁਮਾਰ–ਗਿਣਤੀ; ਹਿਸਾਬ। ਧੌਲ–ਕਲਪਤ ਸਫੈਦ ਬੌਲਦ। ਧਰਮ–ਉਹ ਪਵਿਤ੍ਰ ਨਿਯਮ, ਜਿਸ ਦੇ ਆਸਰੇ ਸਾਰਾ ਵਿਸ਼ਵ ਚਲਦਾ ਹੈ। ਦਇਆ ਕਾ ਪੂਤੁ–ਦਇਆ ਦਾ ਪੁਤ੍ਰ (ਦਇਆ ਤੋਂ ਪੈਦਾ ਹੋਇਆ)। ਸੰਤੋਖੁ–ਜੋ ਕੁਛ ਮਿਲਦਾ ਹੈ, ਉਸ ਵਿਚ ਸੰਤੁਸਟ ਰਹਿਣਾਭਾਵ ਹੈ ਰੱਬ ਦੇ ਹੁਕਮ ਵਿਚ ਚਲਦੇ ਰਹਿਣਾ। ਥਾਪਿ–ਥਾਪ ਕੇ; ਬਣਾ ਕੇ; ਟਿਕਾ ਕੇ। ਜਿਨਿ–ਜਿਸ (ਧਰਮ) ਨੇ। ਸੂਤਿ–ਪ੍ਰਬੰਧ ਰੂਪ ਧਾਗੇ ਵਿਚ ਭਾਵ ਮਰਿਆਦਾ ਵਿਚ। ਬੁਝੈ–ਸਮਝ ਲਵੇ। ਸਚਿਆਰੁ–ਸੱਚ ਨੂੰ ਧਾਰਨ ਵਾਲਾ ਮਨੁੱਖ। ਕੇਤਾ–ਕਿਤਨਾ। ਤਿਸ ਤੇ–ਉਸ (ਬਲਦ) ਤੋਂ। ਭਾਰੁ–ਬੋਝ। ਤਲੈ–ਥੱਲੇ; ਹੇਠਾਂ। ਕਵਣੁ–ਕਿਹੜਾ; ਕਿਸ ਦਾ। ਜੋਰੁ–ਤਾਕਤ; ਆਸਰਾ।

ਜੀਅ ਜਾਤਿ ਰੰਗਾ ਕੇ ਨਾਵ ॥ (ਧਰਤੀ ਉਤੇ ਅਨੇਕਾਂ ਪ੍ਰਕਾਰ ਦੇ) ਰੰਗਾਂ ਅਤੇ ਨਾਵਾਂ ਦੇ (ਬੇਅੰਤ ਤਰ੍ਹਾਂ ਦੇ) ਜੀਵ ਜੰਤ ਵਸਦੇ ਹਨ, (ਉਨ੍ਹਾਂ ਦੀਆਂ ਅਨੇਕਾਂ ਨਸਲਾਂ) ਜਾਤਾਂ ਹਨ (ਇਨ੍ਹਾਂ ਸਭ ਦੀ ਗਿਣਤੀ ਹੋਣੀ ਅਸੰਭਵ ਹੈ)।

ਸਭਨਾ ਲਿਖਿਆ ਵੁੜੀ ਕਲਾਮ ॥ (ਕਰਤਾਰ ਦੀ ਲਗਾਤਾਰ) ਵਗਦੀ ਕਲਮ ਨਾਲ ਸਾਰੇਜੀਵਾਂ ਦੇ ਮੱਥੇ ਉਤੇ (ਕਿਸਮਤ ਦਾ) ਲੇਖ ਲਿਖਿਆ ਹੋਇਆ ਹੈ (ਪ੍ਰਭੂ ਦੀ ਕਲਮ ਐਸੀ ਵਚਿਤ੍ਰ ਅਤੇ ਸ਼ਕਤੀਸ਼ਾਲੀ ਹੈ ਕਿ ਕਿਸੇ ਵੀ ਜੀਵ ਦਾ ਕਰਮ ਦੂਜੇ ਜੀਵ ਨਾਲ ਮਿਸ੍ਰਿਤ ਨਹੀਂ ਹੁੰਦਾ, ਸਾਰੇ ਜੀਵਾਂ ਨੂੰ ਅਪਣੇ ਅਪਣੇ ਕਰਮਾਂ ਦੀ ਰੱਸੀ ਵਿਚ ਬੰਨ੍ਹ ਕੇ ਅਧੀਨ ਕਰ ਰਖਿਆ ਹੈ)।

ਜੈਸੀ ਕਲਮ ਵੁੜੀ ਹੈ ਮਸਤਕਿ, ਤੈਸੀ ਜੀਅੜੇ ਪਾਸਿ। (੭੪)

ਏਹੁ ਲੇਖਾ ਲਿਖਿ ਜਾਣੈ ਕੋਇ ॥ ਇਹ ਲੇਖਾ ਕੋਈਮਨੁੱਖ ਲਿਖਣ ਜਾਣਦਾ ਹੋਵੇ, (ਤਾਂ ਦੱਸੇ। ਇਤਨੇ ਜੀਵਾਂ ਦੀ ਗਿਣਤੀ, ਉਨ੍ਹਾਂ ਦੇ ਕਰਮਾਂ ਅਤੇ ਦੁਖ ਸੁਖ ਦਾ ਹਿਸਾਬ ਕਿਤਾਬ ਕਰਤਾਰ ਤੋਂ ਬਿਨਾ ਕੌਣ ਕਰ ਸਕਦਾ ਹੈ?)।

ਲੇਖਾ ਲਿਖਿਆ ਕੇਤਾ ਹੋਇ ॥ (ਪਰ ਮਨੁੱਖ ਦਾ) ਲੇਖਾ ਲਿਖਿਆ ਕਿੰਨਾ ਕੁ ਵੱਡਾ ਹੋਵੇਗਾ? (ਮਨੁੱਖ ਇਹ ਲੇਖਾ ਲਿਖਦਾ ਲਿਖਦਾ ਆਪ ਹੀ ਮੁਕ ਜਾਵੇਗਾ, ਫਿਰ ਵੀ ਲੇਖਾ ਅਧੂਰਾ ਹੀ ਰਹੇਗਾ, ਨਿਰੰਕਾਰ ਦੇ ਕੀਤੇ ਲੇਖੇ ਦਾ ਅਨੁਮਾਨ ਲਾਉਣਾ ਹੀ ਮੁਸ਼ਕਲ ਹੈ)।

ਕੇਤਾ ਤਾਣੁ ਸੁਆਲਿਹੁ ਰੂਪੁ ॥ ਰੱਬ ਦਾ ਕਿਤਨਾ (ਅਮਿੱਤ) ਬਲ ਹੈ ਅਤੇ (ਕੌਣ ਦਸ ਸਕਦਾ ਹੈ ਉਸਦਾ) ਰੂਪ ਕਿਤਨਾ ਸੁੰਦਰ ਹੈ? ਵਡ ਪਰਤਾਪੁ ਅਜਰਜ ਰੂਪੁ ,ਹਰਿ ਕੀਨੀ ਦਾਤਿ। (੮੧੯)

ਕੇਤੀ ਦਾਤਿ ਜਾਣੈ ਕੌਣੁ ਕੂਤੁ ॥ (ਉਸਦੀ) ਕਿਤਨੀ ਵੱਡੀ ਦਾਤ ਹੈ? (ਇਸਦਾ) ਅੰਦਾਜਾ ਕੌਣ ਜਾਣ ਸਕਦਾ ਹੈ?

ਕੀਤਾ ਪਸਾਉ ਏਕੋ ਕਵਾਉ ॥ (ਉਸਦਾ ਕਿੰਨਾ ਵਿਸਥਾਰ ਹੈ) ਇਕੋ ਵਾਕ (ਸ਼ਬਦ;ਹੁਕਮ) ਨਾਲ (ਪ੍ਰਭੂ ਨੇ ਸ੍ਰਿਸ਼ਟੀ ਦਾ) ਵਿਸਥਾਰ ਕਰ ਦਿਤਾ। ਏਕ ਕਵਾਵੈ ਤੇ ਸਭ ਹੋਆ। (੧੦੦੩); ਇਕ ਕਵਾਉ ਪਸਾਉ ਕਰਿ, ਬ੍ਰਹਮੰਡ ਪਸਾਰੇ (ਭਾ.ਗੁ.ਵਾਰ ੩੮–੧੯);

ਇਕ ਕਵਾਉ ਪਸਾਉ ਕਰਿ, ਓਅੰਕਾਰਿ ਕੀਆ ਪਾਸਾਰਾ। (ਭਾ.ਗੁ. ਵਾਰ ੨੬-੩੫)

ਤਿਸ ਤੇ ਹੋਏ ਲਖ ਦਰੀਆਉ ॥ ਉਸ (ਵਾਕ) ਤੋਂ ਜਗਤ ਰੂਪ ਦਰਿਆ ਦੇ ਲੱਖਾਂ ਪ੍ਰਵਾਹ ਪੈਦਾ ਹੋ ਗਏ (ਜਿਵੇਂ ਦਰਿਆ ਦਾ ਪ੍ਰਵਾਹ ਚਲਦਾ ਰਹਿੰਦਾ ਹੈ, ਉਸੇ ਤਰ੍ਹਾਂ ਜਗਤ ਦੇ ਪ੍ਰਵਾਹ ਨਿਰੰਤਰ ਚਲਦੇ ਰਹਿੰਦੇ ਹਨ)।

ਕੁਦਰਤਿ ਕਵਣ ਕਹਾ ਵੀਚਾਰੁ ॥ ਮੇਰੇ ਵਿਚ ਇਤਨੀ ਤਾਕਤ ਕਿਥੇ ਕਿ ਮੈਂ ਕਰਤੇ ਦੀ ਰਚਨਾ ਦਾ ਵਿਚਾਰ ਆਖ ਸਕਾਂ।

ਵਾਰਿਆ ਨ ਜਾਵਾ ਏਕ ਵਾਰ ॥ ਮੈਂ ਤਾਂ ਇਕ ਵਾਰ ਵੀ (ਵਾਹਿਗੁਰੂ ਤੋਂ) ਕੁਰਬਾਨ ਨਹੀਂ ਜਾ ਸਕਦਾ (ਮੈਂ ਯੋਗ ਨਹੀਂ ਕਿ ਉਸਤੋਂ ਇਕ ਵਾਰ ਵੀ ਕੁਰਬਾਨ ਹੋ ਸਕਾਂ, ਕਿਉਂਕਿ ਮੇਰੀ ਹਸਤੀ ਬਹੁਤ ਛੋਟੀ ਹੈ)।

ਜੋ ਤੁਧੁ ਭਾਵੈ ਸਾਈ ਭਲੀ ਕਾਰ ॥(ਹੇ ਪ੍ਰਭੂ!) ਜੋ ਤੈਨੂੰ ਭਾਉਂਦਾ ਹੈ, ਉਹ ਹੀ ਕੰਮ ਭਲਾ ਹੈ (ਤੇਰੇ ਭਾਣੇ ਵਿਚ ਰਹਿਣਾ ਹੀ ਠੀਕ ਹੈ)।ਜੋ ਤਿਸੁ ਭਾਵੈ ਨਾਨਕਾ, ਸਾਈ ਭਲੀ ਕਾਰ।(੧੨੩੯)

ਤੂ ਸਦਾ ਸਲਾਮਤਿ ਨਿਰੰਕਾਰ ॥ ਹੇ ਨਿਰੰਕਾਰ! ਤੂੰ ਸਦਾ ਅਟੱਲ ਰਹਿਣ ਵਾਲਾ ਹੈਂ।੧੬।

ਅਵਿਨਾਸੀ ਅਵਿਗਤੁ ਅਗੋਚਰੁ ,ਸਦਾ ਸਲਾਮਤਿ ਖਸਮੁ ਹਮਾਰਾ।(੩੭੬)

ਸਭਨਾ ਲਿਖਿਆ ਵੁੜੀ ਕਲਾਮ ॥ਉਨ੍ਹਾਂ ਸਾਰਿਆਂ ਨੂੰ ਇਕ ਵਗਦੀ ਕਲਮ ਨੇ ਲਿਖਿਆ ਹੈ ਭਾਵ ਨਿਤ ਨਵੇਂ ਜੀਵ ਪੈਦਾ ਹੁੰਦੇ ਰਹਿੰਦੇ ਹਨ, ਲੇਖਾ ਲਗਾਤਾਰ ਲਿਖਿਆ ਜਾ ਰਿਹਾ ਹੈ (ਸ਼ਬਦਾਰਥ)।

ਕੇਤੀ ਦਾਤਿ ਜਾਣੈ ਕੌਣੁ ਕੂਤੁ ॥ ੧. ਕੌਣ ਇਤਨੀ ਤਾਕਤ ਰਖਦਾ ਹੈ ਜਿਹੜਾ ਜਾਣਦਾ ਹੈ (ਕਿ ਰੱਬ ਦੀ) ਕਿਤਨੀ ਵੱਡੀ ਦਾਤ ਹੈ? ੨. ਰੱਬ ਦੀ ਦਿਤੀ ਦਾਤ ਕਿੰਨੀ ਹੈ, ਇਸਦੀ ਮਿਣਤੀ ਕੌਣ ਜਾਣ ਸਕਦਾ ਹੈ?।

ਕੁਦਰਤਿ ਕਵਣ ਕਹਾ ਵੀਚਾਰੁ ॥ ੧. ਮੈਂ ਕੌਣ ਹੁੰਦਾ ਹਾਂ ਕਿ ਰੱਬ ਦੀ ਕੁਦਰਤ (ਸ਼ਕਤੀ) ਦਾ ਵਿਚਾਰ ਬਿਆਨ ਕਰ ਸਕਾਂ (ਉਸ ਦੀ ਕੁਦਰਤ ਦਾ ਬਿਆਨ ਨਹੀਂ ਹੋ ਸਕਦਾ)।੨. ਕਿਸ ਵਿਚ ਇਤਨਾ ਬਲ ਹੈ ਜੋ ਨਿਰੰਕਾਰ ਦੇ ਵਿਚਾਰ ਨੂੰ ਆਖ ਸਕੇ (ਸੰ. ਸ.)।ਵਾਰਿਆ ਨ ਜਾਵਾ ਏਕ ਵਾਰ ॥੧. ਮੈਂ ਉਸ ਤੋਂ ਇਕ ਵਾਰ ਬਲਹਾਰ ਨਹੀਂ ਜਾਂਦਾ, ਅਨੇਕ ਵਾਰ ਬਲਹਾਰ ਜਾਂਦਾ ਹਾਂ (ਸੰ.ਸ.)।

੨. ਕਿਉਂ ਨਾ ਇਕੋ ਵਾਰ ਤੇਰੇ ਤੋਂ ਕੁਰਬਾਨ ਹੋ ਜਾਵਾਂ (ਭਾ.ਵੀਰ ਸਿੰਘ)।ਕਥਨੁ ਨ ਜਾਇ ਅਕਥੁ ਸੁਆਮੀ, ਸਦਕੈ ਜਾਇ ਨਾਨਕੁ ਵਾਰਿਆ।(੮੧); ਬਾਰਨੈ ਬਲਿਹਾਰਨੈ, ਲਖ ਬਰੀਆ।(੨੧੧)

ਇਹ ਉਹ ਅਵਸਥਾ ਹੈ ਜਦੋਂ ਮਨੁੱਖ ਰੱਬ ਦੀ ਕੁਦਰਤ ਨੂੰ ਦੇਖ ਕੇ ਖੀਵਾ ਹੋਇਆ ਅਨੰਦ ਵਿਚ ਉਪਰੋਕਤ ਬਚਨ ਆਖਦਾ ਹੈ।

ਪਦਾਰਥ = ਜੀਅ-ਜੀਵ ਜੰਤ।ਜਾਤਿ-ਜਾਤਾਂ (ਕਿਸਮਾਂ); ਨਸਲਾਂ ਦੇ।ਰੰਗਾ ਕੇ-ਕਈ ਰੰਗਾਂ; ਕਈ ਤਰ੍ਹਾਂ ਦੇ।ਨਾਵ-ਨਾਮ।ਸਭਨਾ-ਸਾਰੇ ਜੀਵਾਂ ਦੇ (ਮੱਥੇ ਉਤੇ)।ਵੁੜੀ ਕਲਾਮ-ਚਲਦੀ ਕਲਮ ਨਾਲ।ਕੇਤਾ ਹੋਇ-ਕਿਤਨਾ (ਵੱਡਾ) ਹੋਵੇਗਾ।ਤਾਣੁ-ਬਲ।ਸੁਆਲਿਹੁ ਰੂਪੁ-ਸੁੰਦਰ ਰੂਪ।ਕੇਤੀ-ਕਿਤਨੀ।ਕੂਤੁ-ਤਾਕਤ; ਅੰਦਾਜਾ; ਮਿਣਤੀ; ਖੁਰਾਕ।ਪਸਾਉ-ਪਸਾਰਾ; ਵਿਸਥਾਰ।ਤਿਸ ਤੇ ਹੋਏ-ਉਸ (ਵਾਕ) ਤੋਂ ਪੈਦਾ ਹੋ ਗਏ।ਕਵਾਉ-ਵਾਕ;ਹੁਕਮ।ਲਖ-ਲੱਖਾਂ (ਅਨੰਤ)।ਦਰੀਆਉ-ਦਰਿਆ; ਜਗਤ ਰਚਨਾ ਦਾ ਪ੍ਰਵਾਹ।ਕੁਦਰਤਿ-ਸ਼ਕਤੀ; ਰਚਨਾ।ਕਵਣ-ਕਿਹੜੀ; ਕਿੱਥੇ।ਕਹਾ-ਆਖਾਂ।ਵਾਰਿਆ-ਕੁਰਬਾਨ; ਸਦਕੇ।ਏਕ ਵਾਰ-ਇਕ ਵਾਰ ਵੀ; ਇਕ ਰੋਮ।ਤੁਧੁ-ਤੈਨੂੰ।ਭਾਵੈ-ਭਾਉਂਦਾ (ਚੰਗਾ ਲਗਦਾ) ਹੈ।ਸਾਈ-ਉਹ ਹੀ।ਭਲੀ-ਚੰਗੀ।ਕਾਰ-ਕੰਮ।ਸਲਾਮਤਿ-ਅਟੱਲ।੧੬।

## ॥ ਸਤਾਰਵੀਂ ਪਉੜੀ ॥

ਅਸੰਖ ਜਪ ਅਸੰਖ ਭਾਉ ॥ (ਨੇਕੀ ਅਤੇ ਧਰਮ ਦੇ ਰਸਤੇ ਤੇ ਤੁਰਨ ਵਾਲੇ ਲੋਕਾਂ ਦਾ ਵਰਨਣ ਕਰਦੇ ਹਨ, ਹੇ ਨਿਰੰਕਾਰ!) ਅਣਗਿਣਤ (ਲੋਕ ਤੇਰਾ) ਜਪ ਕਰ ਰਹੇ ਹਨ ਅਤੇ ਅਣਗਿਣਤ (ਤੇਰੇ ਨਾਲ) ਪ੍ਰੇਮ ਕਰ ਰਹੇ ਹਨ।

ਅਸੰਖ ਪੂਜਾ ਅਸੰਖ ਤਪ ਤਾਉ ॥ ਅਣਗਿਣਤ ਲੋਕ ਤੇਰੀ ਪੂਜਾ ਕਰ ਰਹੇ ਹਨ ਅਤੇ ਅਣਗਿਣਤ ਲੋਕ ਤਪ ਤਾਪ ਰਹੇ ਹਨ {ਤੇਰੀ ਅਨਿਕ ਤੇਰੀ ਅਨਿਕ, ਕਰਹਿ ਹਰਿ ਪੂਜਾ ਜੀ, ਤਪੁ ਤਾਪਹਿ ਜਪਹਿ ਬੇਅੰਤਾ ੩੪੮}।

ਅਸੰਖ ਗਰੰਥ ਮੁਖਿ ਵੇਦ ਪਾਠ ॥ ਅਣਗਿਣਤ ਲੋਕ ਧਰਮ ਗਰੰਥਾਂ ਅਤੇ ਵੇਦਾਂ ਦਾ ਮੂੰਹ ਨਾਲ ਪਾਠ ਕਰ ਰਹੇ ਹਨ।

ਅਸੰਖ ਜੋਗ ਮਨਿ ਰਹਹਿ ਉਦਾਸ ॥ ਅਣਗਿਣਤ ਜੋਗ ਸਾਧਨਾ ਕਰਨ ਵਾਲੇ ਜੋਗੀ ਹਨ, ਜਿਹੜੇ ਮਨ ਵਿਚ (ਸੰਸਾਰ ਵੱਲੋਂ) ਉਪਰਾਮ ਰਹਿੰਦੇ ਹਨ ; ਮਨ ਕਰਕੇ (ਮਾਇਆਂਵੱਲੋਂ) ਨਿਰਲੇਪ ਰਹਿੰਦੇ ਹਨ।

ਅੰਗ ੪ = ਅਸੰਖ ਭਗਤ ਗੁਣ ਗਿਆਨ ਵੀਚਾਰ ॥ ਅਣਗਿਣਤ ਭਗਤ ਹਨ ਜੋ ਪ੍ਰਮਾਤਮਾ ਦੇ ਗੁਣ ਗਾਉਂਦੇ ਹਨ ਅਤੇ (ਉਸ ਦੇ) ਗਿਆਨ ਦਾ ਵਿਚਾਰ ਕਰ ਰਹੇ ਹਨ {ਅਨਿਕ ਭਗਤ ਬੰਦਨ ਨਿਤ ਕਰਹਿ ੨੯੨} ।

ਅਸੰਖ ਸਤੀ ਅਸੰਖ ਦਾਤਾਰ ॥ ਅਣਗਿਣਤ ਸੱਤਵਾਦੀ (ਪਵਿਤ੍ਰ ਜੀਵਨ ਵਾਲੇ) ਹਨ ਅਤੇ ਅਣਗਿਣਤ ਦਾਤੇ ਹਨ।
ਅਸੰਖ ਸੂਰ ਮੁਹ ਭਖ ਸਾਰ ॥ ਅਣਗਿਣਤ ਸੂਰਮੇ ਹਨ ਜਿਹੜੇ ਅਪਣੇ ਮੂੰਹ ਤੇ ਲੋਹੇ (ਹਥਿਆਰਾਂ) ਦੇ ਵਾਰ ਖਾਂਦੇ ਹਨ ਭਾਵ ਸਨਮੁਖ ਹੋ ਕੇ ਲੜਦੇ ਹੋਏ ਅਪਣਾ ਜੀਵਨ ਕੁਰਬਾਨ ਕਰ ਦੇਂਦੇ ਹਨ।
ਅਸੰਖ ਮੋਨਿ ਲਿਵ ਲਾਇ ਤਾਰ ॥ ਅਣਗਿਣਤ ਮੋਨੀ (ਚੁੱਪ ਸਾਧ ਕੇ ਲਗਾਤਾਰ) ਇਕ ਰਸ ਸਮਾਧੀ ਲਾਈ ਬੈਠੇ ਰਹਿੰਦੇ ਹਨ।
ਕੁਦਰਤਿ ਕਵਣ ਕਹਾ ਵਿਚਾਰੁ।ਵਾਰਿਆ ਨ ਜਾਵਾ ਏਕ ਵਾਰ।ਜੋ ਤੁਧੁ ਭਾਵੈ ਸਾਈ ਭਲੀ ਕਾਰ।ਤੂ ਸਦਾ ਸਲਾਮਤਿ ਨਿਰੰਕਾਰ ॥ ੧੭॥ ਇਨ੍ਹਾਂ ਚੌਹਾਂ ਤੁਕਾਂ ਦੇ ਅਰਥ ਉਪਰ ਹੋ ਚੁਕੇ ਹਨ।੧੭।
ਇਸ ਪੌੜੀ ਦੇ ਅਰਥ ਇਸ ਤਰ੍ਹਾਂ ਦੇ ਵੀ ਕੀਤੇ ਮਿਲਦੇ ਹਨ =(ਦੇਵੀ ਦੇਵਤਿਆਂ ਦੇ ਮੰਤ੍ਰਾਂ ਦੇ) ਅਸੰਖ ਜਪ ਹਨ ਅਤੇ ਪ੍ਰੇਮ ਵੀ ਅਨੇਕ ਤਰ੍ਹਾਂ ਦੇ ਹਨ, (ਕੋਈ ਕਿਸੇ ਨਾਲ ਪ੍ਰੇਮ ਕਰਦਾ ਹੈ ਕੋਈ ਕਿਸੇ ਨਾਲ, ਭਾਵ ਦੇਵੀ ਦੇਵਤਿਆਂ ਦਾ ਪਿਆਰ, ਪ੍ਰਵਾਰਕ ਪਿਆਰ, ਮਾਯਾ ਦਾ ਪਿਆਰ, ਦੇਸ਼ ਪਿਆਰ ਆਦਿ, ਪਰ ਰਬ ਦਾ ਪ੍ਰੇਮ ਸਭ ਤੋਂ ਸੱਚਾ ਅਤੇ ਸੁਖਦਾਈ ਹੈ)।ਦੇਵੀ ਦੇਵਤਿਆਂ ਵਿਚ ਸ਼ਰਧਾ ਜਾਂ ਵਿਸ਼ਵਾਸ ਰੱਖਣ ਵਾਲੇ ਵੀ ਅਸੰਖ ਹਨ।ਅਸੰਖ ਤਰ੍ਹਾਂ (ਦੇਵੀ ਦੇਵਤਿਆਂ) ਦੀਆਂ ਪੂਜਾ ਹਨ, {ਅਸੰਖ ਅਨ ਪੂਜਾ ਕਰੀ ੧੧੬੩ ; ਅਨਿਕ ਪੂਜਾ ਮੈ ਬਹੁ ਬਿਧਿ ਖੋਜੀ, ਸਾ ਪੂਜਾ ਜਿ ਹਰਿ ਭਾਵਾਸਿ ੧੩੦੪} ਅਤੇ ਅਸੰਖ ਤਰ੍ਹਾਂ ਦੇ ਤਪ ਹਨ, ਜਿਨ੍ਹਾਂ ਨੂੰ ਤਪੱਸਵੀ ਅਨੇਕਾਂ ਤਰੀਕਿਆਂ ਨਾਲ ਸਾਧਦੇ ਹਨ {ਕਈ ਕੋਟਿ ਤਪੀਸੁਰ ਹੋਤੇ ੨੭੫}।ਵੇਦਾਂ ਵਰਗੇ ਧਾਰਮਕ ਗਰੰਥ ਅਸੰਖ ਹਨ, ਜਿਨ੍ਹਾਂ ਦਾ ਲੋਕ ਮੂੰਹ ਨਾਲ ਪਾਠ ਕਰਦੇ ਹਨ।ਅਸੰਖ ਤਰ੍ਹਾਂ ਦਾ ਜੋਗ ਹੈ ਅਤੇ ਅਸੰਖ ਹੀ ਜੋਗ ਸਾਧਨਾ ਕਰਨ ਵਾਲੇ ਜੋਗੀ ਹਨ ਜੋ (ਸੰਸਾਰ ਤੋਂ) ਮਨ ਵਿਚ ਉਦਾਸ ਰਹਿੰਦੇ ਹਨ।ਪੌੜੀ ਦੇ ਬਾਕੀ ਅਰਥ ਉਪਰ ਲਿਖੇ ਅਨੁਸਾਰ ਹੀ ਹਨ।
ਪਦਾਰਥ = ਅਸੰਖ-ਅਣਗਿਣਤ;ਬੇਸ਼ੁਮਾਰ।ਜਪ-ਸਿਮਰਨ (ਮੰਤ੍ਰ ਦਾ ਮੂੰਹ ਵਿਚ ਪਾਠ ਕਰਨਾ)।ਭਾਉ-ਪ੍ਰੇਮ।ਪੂਜਾ-ਸੇਵਾ ਕਰਨੀ;ਇਸਟ ਅੱਗੇ ਕੋਈ ਚੀਜ ਭੇਟਾ ਰੱਖਣੀ।ਤਪ ਤਾਉ-ਤਪ ਤਾਪਣਾ; ਤਪੱਸਿਆ ਦਾ ਕਸ਼ਟ ਸਹਿਣਾ।ਮੁਖਿ-ਮੂੰਹ ਨਾਲ।ਵੇਦ ਪਾਠ-ਵੇਦਾਂ ਦਾ ਪਾਠ।ਜੋਗ-ਜੋਗ ਸਾਧਨਾ ਕਰਨ ਵਾਲੇ।ਮਨਿ-ਮਨ ਕਰਕੇ; ਮਨ ਵਿਚ।ਉਦਾਸ-ਉਪਰਾਮ।ਸਤੀ-ਸੱਤਵਾਦੀ।ਦਾਤਾਰ-ਦਾਤੇ।ਸੂਰ-ਸੂਰਬੀਰ।ਮੁਹ-ਮੂੰਹ ਤੇ; ਮੂਹਰੇ ਹੋ ਕੇ; ਸਨਮੁਖ ਹੋ ਕੇ।ਭਖ-ਖਾਂਦੇ ਹਨ।ਸਾਰ-ਲੋਹਾ; ਹਥਿਆਰ।ਮੋਨਿ-ਚੁਪ ਰਹਿਣ ਵਾਲੇ ਮੋਨੀ।ਲਿਵ ਲਾਇ ਤਾਰ-(ਤੇਲ ਦੀ ਧਾਰ ਵਾਂਙ) ਇਕ ਰਸ ਲਿਵ ਲਾਈ ਰਖਦੇ ਹਨ।੧੭।
ਵਿਆਖਿਆ = ਗੁਰੂ ਜੀ ੧੭ ਵੀਂ ਅਤੇ ੧੮ ਵੀਂ ਪੌੜੀ ਵਿਚ 'ਨਾਨਕ ਰਚਨਾ ਪ੍ਰਭਿ ਰਚੀ, ਬਹੁ ਬਿਧਿ ਅਨਿਕ ਪ੍ਰਕਾਰ ੨੭੫' ਦਾ ਵਖਿਆਨ ਕਰ ਰਹੇ ਹਨ।ਇਸ ਰੱਬੀ ਰਚਨਾ ਵਿਚ ਮਨੁੱਖ ਦੀਆਂ ਨੇਕੀਆਂ ਅਤੇ ਬਦੀਆਂ ਦਾ ਬਹੁਤ ਹੀ ਸੁੰਦਰ ਤਰੀਕੇ ਨਾਲ ਬਿਆਨ ਕੀਤਾ ਹੈ।{ਬਿਖੁ ਅੰਮ੍ਰਿਤੁ ਕਰਤਾਰਿ ਉਪਾਏ।ਸੰਸਾਰ ਬਿਰਖ ਕਉ ਦੁਇ ਫਲ ਲਾਏ ੧੧੭੨} ਕਰਤਾਰ ਨੇ ਜਿਹੜਾ ਸੰਸਾਰ ਪੈਦਾ ਕੀਤਾ ਹੈ, ਇਸ ਵਿਚ ਉਸਨੇ ਦੋਵਾਂ ਤਰ੍ਹਾਂ ਦੇ ਜੀਵ ਪੈਦਾ ਕੀਤੇ ਹਨ, ਇਹ ਉਸਦੀ ਦੀ ਖੇਡ ਹੈ।ਸੰਸਾਰ ਵਿਚ ਜਪ ਤਪ ਪੁੰਨ ਦਾਨ, ਧਰਮ ਲਈ ਆਪਾ ਵਾਰਨ ਵਾਲੇ ਮਨੁੱਖ ਵੀ ਬਹੁਤ ਹਨ ਅਤੇ ਦੂਜੇ ਪਾਸੇ ਸੁਆਰਥੀ ਨਿਰਦਈ ਖੂੰਖਾਰ ਦੈਂਤ ਬਿਰਤੀਆਂ ਵਾਲੇ ਅਗਿਆਨੀ ਪੁਰਖਾਂ ਦੀ ਵੀ ਕੋਈ ਘਾਟ ਨਹੀਂ।ਗੁਰੂ ਜੀ ਰਚਨਹਾਰ ਦੇ ਕੌਤਕਾਂ ਤੋਂ ਬਲਿਹਾਰ ਜਾਂਦੇ ਹਨ।

## ॥ ਅਠਾਰਵੀਂ ਪਉੜੀ ॥

ਅਸੰਖ ਮੂਰਖ ਅੰਧ ਘੋਰ ॥ (ਇਸ ਪੌੜੀ ਵਿਚ ਬੁਰੇ ਕਰਮ ਕਰਨ ਵਾਲੇ ਮਨੁਖਾਂ ਦਾ ਵਰਨਣ ਕਰਦੇ ਹਨ) ਅਣਗਿਣਤ ਲੋਕ ਮੂਰਖ ਅਤੇ ਮਹਾਂ ਅਗਿਆਨੀ (ਬਹੁਤ ਬੇ ਸਮਝ) ਹਨ {ਕਈ ਕੋਟਿ ਅੰਧ ਅੀਗਆਨੀ ੨੭੫}।
ਅਸੰਖ ਚੋਰ ਹਰਾਮ ਖੋਰ ॥ ਅਣਗਿਣਤ ਚੋਰ ਹਨ ਜੋ ਹਰਾਮ ਦਾ ਖਾਂਦੇ ਹਨ (ਦੂਜਿਆਂ ਦਾ ਮਾਲ ਖਾਂਦੇ ਹਨ)।ਕਈ ਕੋਟਿ ਪਰ ਦਰਬ ਕਉ ਹਿਰਹਿ।(੨੭੫)
ਅਸੰਖ ਅਮਰ, ਕਰਿ ਜਾਹਿ ਜੋਰ ॥ ਅਣਗਿਣਤ (ਜਾਬਰ ਦੂਜਿਆਂ ਤੇ) ਜੋਰ ਜੁਲਮ ਵਾਲੀ ਹਕੂਮਤ ਕਰਕੇ (ਸੰਸਾਰ ਤੋਂ) ਚਲੇ ਜਾਂਦੇ ਹਨ।
ਅਸੰਖ ਗਲ ਵਢ, ਹਤਿਆ ਕਮਾਹਿ ॥ ਅਣਗਿਣਤ ਹੀ (ਬੇ ਗੁਨਾਹਾਂ ਦੇ) ਗਲੇ ਵਢਣ ਵਾਲੇ ਹਤਿਆਰੇ ਹਤਿਆ ਕਮਾਉਂਦੇ (ਕਰਦੇ) ਹਨ =ਕਬੀਰ ਜੋਰੀ ਕੀਏ ਜੁਲਮੁ ਹੈ, ਕਹਤਾ ਨਾਉ ਹਲਾਲੁ ੧੩੭੪; ਕਬੀਰ ਜੋਰੁ ਕੀਆ ਸੁ ਜੁਲਮੁ ਹੈ, ਲੇਇ ਜਬਾਬੁ ਖੁਦਾਇ ੧੩੭੫ ।ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ,ਅਧਰਮੁ ਕਹਹੁ ਕਤ ਭਾਈ।ਆਪਸ ਕਉ ਮੁਨਿਵਰ ਕਰਿ ਥਾਪਹੁ, ਕਾ ਕਉ ਕਹਹੁ ਕਸਾਈ ੧੧੦੩} ।
ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਣਗਿਣਤ ਪਾਪੀ ਪਾਪ (ਕਰਮ) ਕਰ ਕੇ (ਇਥੋਂ ਸੰਸਾਰ ਵਿਚੋਂ) ਚਲੇ ਜਾਂਦੇ ਹਨ।ਕਰਤੇ ਪਾਪ ਅਨੇਕ ਮਾਇਆ ਰੰਗ ਰਟਿਆ। (੭੦੫)
ਅਸੰਖ ਕੂੜਿਆਰ ਕੂੜੇ ਫਿਰਾਹਿ ॥ ਅਣਗਿਣਤ ਝੂਠੇ ਲੋਕ ਹਨ ਜੋ ਝੂਠ ਵਿਚ ਭਟਕਦੇ ਫਿਰਦੇ ਹਨ।ਕੂੜਿਆਰੀ ਰਜੈ ਕੂੜਿ, ਜਿਉ

ਵਿਸਟਾ ਕਾਗੁ ਖਾਵਣੀ।(੬੪੬)
ਅਸੰਖ ਮਲੇਛ, ਮਲੁ ਭਖਿ ਖਾਹਿ ॥ ਅਣਗਿਣਤ ਮਲੀਨ ਬੁਧੀ ਵਾਲੇ ਮੈਲ (ਹਰਾਮ ਦਾ) ਖਾ ਕੇ ਆਹਾਰ ਕਰਦੇ ਹਨ।
ਅਸੰਖ ਨਿੰਦਕ, ਸਿਰਿ ਕਰਹਿ ਭਾਰੁ ॥ ਅਣਗਿਣਤ ਨਿੰਦਕ ਨਿੰਦਾ ਕਰਕੇ ਸਿਰ ਤੇ (ਜਿਸ ਦੀ ਨਿੰਦਿਆ ਕਰਦੇ ਹਨ ਉਸਦੇ ਪਾਪਾਂ ਦੀ ਮੈਲ ਦਾ) ਭਾਰ ਉਠਾਉਂਦੇ ਹਨ {ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ, ਬਿਨੁ ਮਜੂਰੀ ਭਾਰੁ ਪਹੁਚਾਵਣਿਆ ੧੧੮}।
ਨਾਨਕੁ ਨੀਚੁ ਕਹੈ ਵੀਚਾਰੁ ॥ਨਿਮਾਣਾ ਨਾਨਕ (ਮੰਦਿਆਂ ਸਬੰਧੀ ਇਹ) ਵਿਚਾਰ ਆਖਦਾ ਹੈ।

ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੮॥

ਇਨ੍ਹਾਂ ਤੁਕਾਂ ਦੇ ਅਰਥ ਉਤੇ ਹੋ ਗਏ ਹਨ।੧੮।

ਨਾਨਕੁ ਨੀਚੁ ਕਹੈ ਵੀਚਾਰੁ ॥(ਦੂਜਾ ਅਰਥ) ਗੁਰੂ ਨਾਨਕ ਦੇਵ ਜੀ ਵਿਚਾਰ ਕਥਨ ਕਰਦੇ ਹਨ ਕਿ (ਇਹ ਸਭ ਲੋਕ) ਨੀਚ ਕਰਮ ਕਰਨ ਵਾਲੇ ਹਨ।ਨਾਨਕੁ ਨੀਚੁ ਕਹੈ ਲਿਵਲਾਇ।(੨੨੩); ਨਾਨਕੁ ਨੀਚੁ ਕਹੈ ਬੀਚਾਰੁ।(੨੪)

ਪਦਾਰਥ = ਮੂਰਖ-ਬੇ ਸਮਝ (ਜੋ ਸਮਝਾਇਆਂ ਕੁਛ ਸਮਝ ਜਾਵੇ); ਬੁਧੀ ਹੀਣ।ਅੰਧ ਘੋਰ-ਭਿਆਨਕ ਹਨ੍ਹੇਰਾ; ਮਹਾਂ ਅਗਿਆਨੀ।ਅੰਧ ਮੂਰਖ-ਜਿਹੜਾ ਸਮਝਾਇਆਂ ਬਿਲਕੁਲ ਨਾ ਸਮਝੇ।ਘੋਰ ਮੂਰਖ-ਜੋ ਸਮਝਾਇਆਂ ਉਲਟਾ ਸਿਰ ਨੂੰ ਆਵੇ {ਮੂਰਖ ਕੇ ਕਿਆ ਲਖਣ ਹੈ, ਕਿਆ ਮੂਰਖ ਕਾ ਕਰਣਾ।ਮੂਰਖ ਓਹੁ ਜਿ ਮੁਗਧੁ ਹੈ, ਅਹੰਕਾਰੇ ਮਰਣਾ ੯੫੩}।ਹਰਾਮ ਖੋਰ-ਬੇਈਮਾਨੀ ਦਾ ਖੱਟਿਆ ਖਾਣ ਵਾਲੇ।ਅਮਰ-ਹੁਕਮ; ਹਕੂਮਤ।ਜੋਰ-ਧੱਕਾ; ਜੋਰ ਜੁਲਮ।ਜਾਹਿ-(ਮਰ) ਜਾਂਦੇ ਹਨ।ਗਲ ਵਢ-ਗਲੇ ਵੱਢਣ ਵਾਲੇ; ਕਸਾਈ।ਹਤਿਆ ਕਮਾਹਿ-(ਬੇ ਗੁਨਾਹਾਂ ਨੂੰ) ਜਾਨੋਂ ਮਾਰਦੇ ਹਨ; ਕਤਲ ਕਰਦੇ ਹਨ।ਕੂੜਿਆਰ-ਝੂਠੇ ਲੋਕ।ਕੂੜੇ ਫਿਰਾਹਿ-ਝੂਠੇ ਵਿਹਾਰਾਂ ਵਿਚ ਫਿਰਦੇ ਹਨ।ਮਲੇਛ-ਧਰਮ ਵਿਰੁੱਧ ਕਰਮ ਕਰਨ ਵਾਲੇ ਲੋਕ; ਪਾਪ ਕਰਨ ਵਾਲੇ ਲੋਕ (ਆਮ ਤੌਰ ਤੇ ਮੁਸਲਮਾਨਾਂ ਦੇ ਵਿਦੇਸ਼ੀ ਹੋਣ ਅਤੇ ਜੁਲਮਾਂ ਦੇ ਕਾਰਣ ਉਨ੍ਹਾਂ ਨੂੰ ਮਲੇਛ ਕਿਹਾ ਜਾਣ ਲਗ ਪਿਆ)।ਮਲੁਭਖਿ-ਮੈਲ (ਗੰਦ) ਖਾਂਦੇ ਹਨ; ਹਰਾਮ ਖੋਰ;ਰਿਸ਼ਵਤ ਖੋਰ।ਸਿਰਿ-ਸਿਰ ਤੇ।ਭਾਰੁ-ਬੋਝ।ਨੀਚੁ-ਨਿਮਾਣਾ; ਨਾਚੀਜ ਜਿਹਾ; ਗਰੀਬ; ਵਿਚਾਰਾ; ਨੀਚ ਕਰਮ ਕਰਨ ਵਾਲੇ ਲੋਕਾਂ ਦਾ।੧੮।

ਵਿਆਖਿਆ = ਇਸ ੧੮ ਵੀਂ ਪੌੜੀ ਵਿਚ 'ਕੁਦਰਤਿ ਕਵਣ ਕਹਾ ਵੀਚਾਰੁ' ਵਾਲੀ ਤੁਕ ਨਹੀ ਹੈ, ਇਸ ਤੁਕ ਦੀ ਜਗ੍ਹਾ 'ਨਾਨਕੁ ਨੀਚੁ ਕਹੈ ਵੀਚਾਰੁ' ਵਾਲੀ ਤੁਕ ਲਿਖੀ ਹੋਈ ਹੈ।ਬਾਕੀ ੧੬ ਵੀਂ, ੧੭ ਵੀਂ ਅਤੇ ੧੯ ਵੀਂ ਤਿੰਨਾਂ ਪੌੜੀਆਂ ਵਿਚ ਇਹ ਤੁਕ ਜਰੂਰ ਸ਼ਾਮਲ ਹੈ।

ਇਹ ਸੰਸਾਰ ਕਰਤਾਰ ਦਾ ਪੈਦਾ ਕੀਤਾ ਹੋਇਆ ਹੈ, ਇਸ ਵਿਚ ਜਿਥੇ ਜਪੀ ਤਪੀ ਨੇਕ ਲੋਕ ਹਨ ਉਥੇ ਮੂਰਖ, ਅਗਿਆਨੀ, ਹਤਿਆਰੇ, ਚੋਰ ਆਦਿਕ ਵੀ ਰਹਿੰਦੇ ਹਨ।ਜਿਵੇਂ ਗੁਲਾਬ ਨੂੰ ਮਹਿਕ ਵਾਲੇ ਫੁੱਲ ਲਗੇ ਹਨ, ਉਥੇ ਕੰਡੇ ਵੀ ਹਨ।ਸੰਸਾਰ ਵਿਚ ਜਿਥੇ ਮਿੱਠੇ ਫਲ ਹਨ, ਉਥੇ ਨਿੰਮ ਧਤੂਰੇ ਵਰਗੇ ਕੌੜੇ ਫਲ ਵੀ ਕਰਤਾਰ ਨੇ ਪੈਦਾ ਕਰ ਦਿਤੇ ਹਨ।ਸੰਸਾਰ ਇਕ ਖੇਲ ਅਖਾੜਾ ਹੈ, ਜੀਵਨ ਇਕ ਘੋਲ ਦੀ ਤਰ੍ਹਾਂ ਹੈ, ਜੇ ਸੰਸਾਰ ਵਿਚ ਸਾਰੇ ਚੰਗੇ ਹੀ ਲੋਕ ਪੈਦਾ ਕੀਤੇ ਹੁੰਦੇ ਤਾਂ ਇਹ ਖੇਲ ਅਖਾੜਾ ਨਹੀਂ ਸੀ ਰਹਿਣਾ।ਆਸੁਰੀ ਸੰਪਦਾ ਨੂੰ ਜਿਤ ਕੇ ਗੁਰਮੁਖ ਨੇ ਕਰਤਾਰ ਦੀ ਮੇਹਰ ਦ੍ਰਿਸਟੀ ਪ੍ਰਾਪਤ ਕਰਨੀ ਹੈ।ਜੇ ਸੰਸਾਰ ਵਿਚ ਬੁਰਿਆਈ ਨਾ ਹੋਵੇ ਤਾਂ ਚੰਗਿਆਈ ਦੀ ਕਦਰ ਕਿਵੇਂ ਹੋ ਸਕਦੀ ਹੈ? ਗੁਰੂ ਜੀ ਨੇ ੧੭ ਵੀਂ ਪੌੜੀ ਵਿਚ ਨੇਕ ਲੋਕਾਂ ਦਾ ਅਤੇ ੧੮ ਵੀਂ ਪੌੜੀ ਵਿਚ ਬੁਰੇ ਲੋਕਾਂ ਦਾ ਵਿਚਾਰ ਲਿਖਿਆ ਹੈ।ਨੀਚ ਲੋਕਾਂ ਦਾ ਵਿਚਾਰ ਕਰਕੇ ਵੀ ਆਖਦੇ ਹਨ ਕਿ ਹੇ ਵਾਹਿਗੁਰੂ ! ਮੈਂ ਤੇਰੀ ਕੁਦਰਤ ਤੋਂ ਬਲਹਾਰ ਜਾਂਦਾ ਹਾਂ।ਗੁਰੂ ਜੀ ਦਾ ਭਾਵ ਇਹ ਹੈ ਕਿ ਦੁਨੀਆਂ ਵਿਚ ਚੰਗੇ ਬੁਰੇ ਜੋ ਵੀ ਪੈਦਾ ਹੁੰਦੇ ਹਨ, ਸਭ ਆਉਣ ਜਾਣ ਵਾਲੇ ਹਨ, ਪਰ ਨਿਰੰਕਾਰ 'ਸਦਾ ਸਲਾਮਤ' ਹੈ।ਦੁਨੀਆਂ ਵਿਚ ਪੈਦਾ ਹੋ ਕੇ ਜੇ ਕੋਈ ਬੁਰੇ ਕਰਮ ਕਰਦਾ ਹੈ, ਉਹ ਜੰਮਦਾ ਮਰਦਾ ਰਹਿੰਦਾ ਹੈ।ਨਾਮ ਅਭਿਆਸੀ ਰੱਬ ਦੇ ਭੈ ਵਿਚ ਰਹਿੰਦਾ ਹੋਇਆ ਚੰਗੇ ਕਰਮ ਕਰਦਾ ਹੈ ਅਤੇ ਜਨਮ ਮਰਣ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ।ਅਖੀਰ ਵਿਚ ਗੁਰੂ ਜੀ ਅੱਤ ਦਰਜੇ ਦੀ ਨਿਮ੍ਰਤਾ ਦਾ ਪ੍ਰਗਟਾਵਾ ਕਰਦੇ ਹਨ, 'ਨਾਨਕੁ ਨੀਚੁ' ਦਾ ਭਾਵ ਹੈ = ਕਰਤਾਰ ਦਾ ਨਾਚੀਜ ਜਿਹਾ ਸੇਵਕ (ਗੁਰੂ) ਨਾਨਕ।ਨੀਚੁ ਅਨਾਥੁ ਅਜਾਨੁ ਮੈ, ਨਿਰਗੁਨੁ ਗੁਣਹੀਨੁ।(੮੧੫)

## ॥ ਉਨੀਵੀਂ ਪਉੜੀ ॥

ਅਸੰਖ ਨਾਵ ਅਸੰਖ ਥਾਵ ॥ (ਨਿਰੰਕਾਰ ਦੇ) ਅਣਗਿਣਤ ਨਾਮ ਹਨ {ਅਨੇਕ ਅਸੰਖ ਨਾਮ ਹਰਿ ਤੇਰੇ, ਨ ਜਾਹੀ ਜਿਹਵਾ ਇਤੁ ਗਨਣੇ ੧੧੩੫} ਅਤੇ ਅਣਗਿਣਤ ਹੀ (ਉਸਦੇ) ਨਿਵਾਸ ਅਸਥਾਨ ਹਨ।
ਅਗੰਮ ਅਗੰਮ ਅਸੰਖ ਲੋਅ ॥ ਸਾਡੀ ਪਹੁੰਚ ਅਤੇ ਜਾਣਕਾਰੀ ਤੋਂ ਵੀ ਪਰੇ (ਨਿਰੰਕਾਰ ਦੇ) ਅਣਗਿਣਤ ਹੀ ਲੋਕ (ਤਬਕ; ਭਵਣ, ਜਿਵੇਂ ਮਾਤ ਲੋਕ, ਪਤਾਲ ਲੋਕ ਤੇ ਚੰਦ੍ਰ ਲੋਕ ਆਦਿ) ਹਨ।ਕਈ ਕੋਟਿ ਦੇਸ ਭੂ ਮੰਡਲ।(੨੭੫)
ਅਸੰਖ ਕਹਹਿ, ਸਿਰਿ ਭਾਰੁ ਹੋਇ ॥ (ਜਿਹੜੇ ਲੋਕ ਪ੍ਰਭੂ ਦੀ ਸ੍ਰਿਸਟੀ ਨੂੰ) ਅਣਗਿਣਤ ਕਹਿੰਦੇ ਹਨ, (ਉਨ੍ਹਾਂ ਦੇ) ਸਿਰ ਤੇ ਭਾਰ

ਹੁੰਦਾ ਹੈ (ਅਸੰਖ ਕਹਿਣ ਨਾਲ ਵੀ ਬੇਅੰਤਤਾ ਦਾ ਭਾਵ ਪੂਰੀ ਤਰ੍ਹਾਂ ਪ੍ਰਗਟ ਨਹੀਂ ਹੁੰਦਾ ਹੈ, ਕਿਉਂਕਿ ਅਣਗਿਣਤ ਸ਼ਬਦ ਵੀ ਗਿਣਤੀ ਨਾਲ ਸਬੰਧਤ ਹੈ, ਉਸਦੇ ਨਾਵਾਂ ਅਤੇ ਰਚੇ ਥਾਵਾਂ ਦੀ ਗਿਣਤੀ ਨਹੀ ਹੋ ਸਕਦੀ, ਪਰ ਮਜਬੂਰੀ ਕਰਕੇ ਅੱਖਰਾਂ ਦੀ ਵਰਤੋਂ ਕਰਨੀ ਪੈਂਦੀ ਹੈ)। ਲੇਖਾ ਹੋਇ ਤ ਲਿਖੀਐ, ਲੇਖੈ ਹੋਇ ਵਿਣਾਸੁ। ਨਾਨਕ ਵਡਾ ਆਖੀਐ, ਆਪੇ ਜਾਣੈ ਆਪੁ। (ਅੰਗ ੫)

ਅਖਰੀ ਨਾਮੁ ਅਖਰੀ ਸਾਲਾਹ ॥ (ਪਰ ਉਸ ਵਾਰੇ ਕੁਛ ਕਹਿਣ ਲਈ ਬੋਲੀ ਦੇ ਅੱਖਰਾਂ ਦਾ ਸਹਾਰਾ ਲੈਣਾ ਹੀ ਪੈਂਦਾ ਹੈ) ਅੱਖਰਾਂ ਰਾਹੀਂ ਹੀ (ਨਿਰੰਕਾਰ ਦਾ) ਨਾਮ ਜਪਿਆ ਜਾਂਦਾ ਹੈ ਅਤੇ ਅੱਖਰਾਂ ਰਾਹੀਂ ਹੀ ਉਸਦੀ ਸਿਫਤ ਸਲਾਹ ਕੀਤੀ ਜਾਂਦੀ ਹੈ।

ਅਖਰੀ ਗਿਆਨੁ ਗੀਤ ਗੁਣ ਗਾਹ ॥ ਅੱਖਰਾਂ ਰਾਹੀਂ ਹੀ (ਨਿਰੰਕਾਰ ਦਾ) ਗਿਆਨ ਵਰਨਣ ਕੀਤਾ ਜਾਂਦਾ ਹੈ, ਉਸਦਾ ਜਸ ਗਾਈਦਾ ਹੈ ਅਤੇ (ਅੱਖਰਾਂ ਦੁਆਰਾ ਹੀ) ਗੁਣਾਂ ਦਾ ਵਿਚਾਰ ਕੀਤਾ ਜਾਂਦਾ ਹੈ; ਗੁਣਾਂ ਦਾ ਵਾਕਫ ਹੋਈਦਾ ਹੈ।

ਅਖਰੀ ਲਿਖਣੁ ਬੋਲਣੁ ਬਾਣਿ ॥ ਬੋਲੀ ਦਾ ਲਿਖਣਾ ਅਤੇ ਬੋਲਣਾ ਵੀ ਅੱਖਰਾਂ ਦੁਆਰਾ ਹੀ (ਸੰਭਵ) ਹੁੰਦਾ ਹੈ।

ਅਖਰਾ ਸਿਰਿ ਸੰਜੋਗੁ ਵਖਾਣਿ ॥ (ਮਨੁੱਖ ਦੇ) ਮੱਥੇ ਉਤੇ ਲਿਖਿਆ ਸੰਜੋਗ (ਦੈਵੀ ਲੇਖ; ਭਾਗ) ਵੀ ਅਖਰਾਂ ਦੁਆਰਾ ਹੀ ਬਿਆਨ ਕੀਤਾ ਜਾਂਦਾ ਹੈ।

ਜਿਨਿ ਏਹਿ ਲਿਖੇ, ਤਿਸੁ ਸਿਰਿ ਨਾਹਿ ॥ ਜਿਸ (ਨਿਰੰਕਾਰ) ਨੇ ਇਹ (ਜੀਵਾਂ ਦੇ ਸੰਜੋਗ ਦੇ ਅੱਖਰ) ਲਿਖੇ ਹਨ, ਉਸ ਦੇ ਮੱਥੇ ਤੇ (ਅੱਖਰਾਂਦਾ ਕੋਈ ਲੇਖ) ਨਹੀਂ ਹੈ (ਨਿਰੰਕਾਰ ਕਿਸੇ ਕਲਮ, ਕਿਸੇ ਅੱਖਰ ਜਾਂ ਕਿਸੇ ਦੇ ਹੁਕਮ ਹੇਠ ਨਹੀਂ। ਉਸ ਉਪਰ ਕਿਸੇ ਦਾ ਹੁਕਮ ਨਹੀਂ, ਪਰ ਉਸ ਦਾ ਹੁਕਮ ਸਭ ਜੀਵਾਂ ਉਪਰ ਹੈ)। ਨਿਰਭਉ ਸੋ ਸਿਰਿ ਨਾਹੀ ਲੇਖਾ। ਆਪਿ ਅਲੇਖੁ ਕੁਦਰਤਿ ਹੈ ਦੇਖਾ। (੧੦੪੨)। ਦ੍ਰਿਸਟ ਮਾਨ ਅਖਰ ਹੈ ਜੇਤਾ। ਨਾਨਕ ਪਾਰਬ੍ਰਹਮ ਨਿਰਲੇਪਾ। (੨੬੧)

ਜਿਵ ਫੁਰਮਾਏ, ਤਿਵ ਤਿਵ ਪਾਹਿ ॥ ਜਿਸ ਤਰ੍ਹਾਂ (ਨਿਰੰਕਾਰ) ਹੁਕਮ ਕਰਦਾ ਹੈ, ਤਿਵੇਂ ਤਿਵੇਂ ਜੀਵ ਪ੍ਰਾਪਤ ਕਰਦੇ ਹਨ।

ਜੇਤਾ ਕੀਤਾ, ਤੇਤਾ ਨਾਉ ॥ (ਨਿਰੰਕਾਰ ਨੇ) ਜਿਤਨਾ ਕੁਛ ਰਚਿਆ ਹੈ, ਉਤਨਾ (ਉਹ ਸਾਰਾ ਕੁਛ) ਨਾਮ (ਰੂਪ) ਹੀ ਹੈ।

ਵਿਣੁ ਨਾਵੈ, ਨਾਹੀ ਕੋ ਥਾਉ ॥ (ਨਿਰੰਕਾਰ ਦੇ) ਨਾਮ ਤੋਂ ਬਿਨਾ ਕੋਈ ਥਾਂ ਨਹੀਂ ਹੈ (ਨਾਮ ਸਭ ਜਗ੍ਹਾ ਮੌਜੂਦ ਹੈ)।

ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੯॥ ਇਨ੍ਹਾਂ ਚੌਹਾਂ ਤੁਕਾਂ ਦੇ ਅਰਥ ਉਪਰ ਹੋ ਚੁਕੇ ਹਨ।੧੯।

ਅਸੰਖ ਨਾਵ ਅਸੰਖ ਥਾਵ ॥ (ਨਿਰੰਕਾਰ ਦੇ ਬਣਾਏ ਹੋਏ) ਅਣਗਿਣਤ ਅਸਥਾਨ ਹਨ (ਜਿਨ੍ਹਾਂ ਦੇ) ਅਣਗਿਣਤ ਹੀ ਨਾਮ ਹਨ (ਮੇਰਾ ਖਿਆਲ)।

ਜੇਤਾ ਕੀਤਾ ਤੇਤਾ ਨਾਉ ॥ ਜਿੰਨਾ ਕੁਛ ਪੈਦਾ ਕੀਤਾ ਹੈ, (ਉਹ) ਨਾਮ ਤੋਂ ਹੀ ਪੈਦਾ ਕੀਤਾ ਹੈ। ਨਾਮੇ ਉਪਜੈ ਨਾਮੇ ਬਿਨਸੈ, ਨਾਮੇ ਸਚਿ ਸਮਾਏ। (੨੪੬)

ਪਦਾਰਥ = ਅਸੰਖ–ਅਣਗਿਣਤ। ਨਾਵ–ਨਾਮ; ਨਾਉਂ। ਥਾਵ–ਅਸਥਾਨ; ਟਿਕਾਣੇ; ਅਸਮਾਨੀ ਪੁਲਾੜ (ਵਿਚ ਕਿਥੇ ਕਿਥੇ ਉਹ ਥਾਵਾਂ ਹਨ)। ਅਗੰਮ–ਪਹੁੰਚ ਤੋਂ ਪਰੇ; ਜਾਣਕਾਰੀ ਤੋਂ ਪਰੇ। ਲੋਅ–ਲੋਕ (ਜਿਵੇਂ ਮਾਤ ਲੋਕ, ਪਰ ਲੋਕ, ਇੰਦ੍ਰ ਲੋਕ, ਚੰਦ੍ਰ ਲੋਕ ਆਦਿ); ਪੁਰੀਆਂ; ਭਵਨ। ਕਹਹਿ–ਕਹਿੰਦੇ ਹਨ। ਸਿਰਿ ਭਾਰੁ ਹੋਇ–ਸਿਰ ਉਤੇ ਭਾਰ ਹੁੰਦਾ (ਚੜ੍ਹਦਾ) ਹੈ; ਗਿਣਦੇ ਗਿਣਦੇ ਸਿਰ ਥੱਕ ਜਾਂਦਾ ਹੈ, ਭਾਵ ਗਿਣਤੀ ਨਹੀਂ ਹੋ ਸਕਦੀ; ਅਸੰਖ ਕਹਿਣ ਦਾ ਬੋਝ ਸਿਰ ਤੇ ਚੜ੍ਹਦਾ ਹੈ। ਅਖਰੀ–ਅਖਰਾਂ (ਬੋਲੀ ਦੇ ਸ਼ਬਦਾਂ) ਦੁਆਰਾ। ਗੀਤ–ਜਸ; ਕੀਰਤਨ। ਗਾਹ–ਵਿਚਾਰ; (ਆਗਾਹ) ਜਾਣਕਾਰ; ਵਾਕਫ। ਬਾਣਿ–ਬਾਣੀ; ਬੋਲੀ। ਸੰਜੋਗੁ–ਮੱਥੇ ਦੇ ਭਾਗਾਂ ਦਾ ਲੇਖ; ਪ੍ਰਾਲਬਧ; ਮੇਲ; ਸਬੰਧ। ਵਖਾਣਿ–ਆਖਿਆ ਜਾਂਦਾ ਹੈ। ਜਿਨਿ–ਜਿਸ ਨੇ। ਤਿਸੁ–ਉਸ ਦੇ। ਨਾਹਿ–ਨਹੀਂ। ਜਿਵ–ਜਿਵੇਂ; ਜਿਸ ਤਰ੍ਹਾਂ। ਫੁਰਮਾਏ–ਫੁਰਮਾਉਂਦਾ (ਹੁਕਮ ਕਰਦਾ) ਹੈ। ਤਿਵ ਤਿਵ–ਤਿਵੇਂ ਤਿਵੇਂ; ਉਸੇ ਤਰ੍ਹਾਂ। ਪਾਹਿ–ਪਾਉਂਦੇ (ਭੋਗਦੇ) ਹਨ। ਜੇਤਾ–ਜਿਤਨਾ। ਕੀਤਾ–ਪੈਦਾ ਕੀਤਾ; ਰਚਿਆ। ਤੇਤਾ–ਉਤਨਾ। ਵਿਣੁ ਨਾਵੈ–ਨਾਮ ਤੋਂ ਬਿਨਾ। ਕੋ–ਕੋਈ। ਥਾਉ–ਥਾਂ।੧੯।

ਵਿਆਖਿਆ = ੧੬ ਵੀਂ ਪੌੜੀ ਵਿਚ ਆਇਆ ਹੈ 'ਕਰਤੇ ਕੈ ਕਰਣੈ ਨਾਹੀ ਸੁਮਾਰ', ਕਰਤਾਰ ਆਪ ਵੀ ਬੇਅੰਤ ਹੈ ਅਤੇ ਉਸਦੀ ਰਚਨਾ ਦੀ ਵੀ ਗਿਣਤੀ ਨਹੀਂ ਹੋ ਸਕਦੀ। ਗਿਣਤੀ ਕਰਦਾ ਕਰਦਾ ਮਨੁੱਖ ਮੁੱਕ ਜਾਂਦਾ ਹੈ, ਪਰ ਗਿਣਤੀ ਫਿਰ ਵੀ ਨਹੀਂ ਹੋ ਸਕਦੀ {ਤੂੰ ਪਾਰਬ੍ਰਹਮੁ ਬੇਅੰਤੁ ਸੁਆਮੀ, ਤੇਰੀ ਕੁਦਰਤਿ ਕਹਣੁ ਨ ਜਾਈ ੪੪੨}। ਗਿਣਤੀ ਕਰਨ ਨਾਲ ਹਉਮੈ ਵੀ ਵਧਦੀ ਹੈ ਕਿ ਮੈਂ ਬੜਾ ਜਾਣਕਾਰ ਹਾਂ, ਇਸ ਹਉਮੈ ਦੇ ਦੋਸ਼ ਦਾ ਭਾਰ ਵੀ ਸਿਰ ਚੜ੍ਹਦਾ ਹੈ। ਇਸਦਾ ਇਹ ਭਾਵ ਵੀ ਨਹੀ ਕਿ ਕਰਤਾਰ ਅਤੇ ਉਸਦੀ ਰਚਨਾ ਦੀ ਜਾਣਕਾਰੀ ਲਈ ਹੀ ਨਾ ਜਾਵੇ। ਪਰ ਜਾਣਕਾਰੀ ਲੈ ਕੇ ਹੰਕਾਰੀ ਅਤੇ ਮੁਨਕਰ ਹੋ ਕੇ ਮਨਮੁਖ ਬਣਨਾ ਮਾੜਾ ਹੈ। ਕਰਤਾਰ ਅਤੇ ਉਸਦੀ ਕੁਦਰਤ ਦਾ ਗਿਆਨ ਪ੍ਰਾਪਤ ਕਰਕੇ ਉਸਦੀ ਵਡੱਪਣ ਤੋਂ ਬਲਹਾਰ ਹੋਣਾ ਚਾਹੀਦਾ ਹੈ। ਰਚਨਾ ਦੀ ਗਿਣਤੀ ਦੇ ਚੱਕਰ ਵਿਚ ਪੈਣ ਨਾਲੋਂ ਚੰਗਾ ਹੈ ਉਸਦੇ ਗੁਣ ਗਾਏ ਜਾਣ। ਨਿਰੰਕਾਰ ਨੂੰ ਮਿਲਣ ਦੇ ਚਾਹਵਾਨ ਕਿਸੇ ਗਿਣਤੀ ਮਿਣਤੀ ਨਹੀਂ ਪੈਂਦੇ। ਕਰਤਾਰ ਤੇ ਉਸਦੀ ਰਚਨਾ ਵਾਰੇ ਕੁਝ ਨਾ ਕੁਝ ਤਾਂ ਜਾਣਨਾ ਚਾਹੀਦਾ ਹੀ ਹੈ। ਇਹ ਜਾਣਕਾਰੀ ਕਰਤਾਰ ਨਾਲ ਜੁੜਨ

ਲਈ ਪ੍ਰਾਪਤ ਕਰਨੀ ਚਾਹੀਦੀ ਹੈ, ਉਸਦਾ ਅੰਤ ਲੈਣ ਲਈ ਨਹੀ। ਇਸ ਲਈ ਜੋ ਵੀ ਗਿਆਨ ਹਾਸਲ ਕੀਤਾ ਜਾਂਦਾ ਹੈ ਅਤੇ ਨਿਰੰਕਾਰ ਦੀ ਸਿਫਤ ਸਲਾਹ ਕੀਤੀ ਜਾਂਦੀ ਹੈ, ਉਹ ਵੀ ਤਾਂ ਬੋਲੀ ਦੇ ਅੱਖਰਾਂ ਦੁਆਰਾ ਹੀ ਸੰਭਵ ਹੈ। ਇਸ ਕਰਕੇ ਅੱਖਰਾਂ ਦਾ ਸਹਾਰਾ ਲੈਣਾ ਹੀ ਪੈਂਦਾ ਹੈ, ਇਥੋਂ ਤਕ ਕਿ ਜੀਵਾਂ ਦੇ ਮੱਥੇ ਤੇ ਜੋ ਪ੍ਰਾਲਬਧ ਦੇ ਲੇਖ ਲਿਖੇ ਹੁੰਦੇ ਹਨ, ਉਨ੍ਹਾਂ ਦਾ ਵਖਿਆਨ ਵੀ ਅੱਖਰਾਂ ਦੁਆਰਾ ਹੀ ਹੁੰਦਾ ਹੈ। ਪਰ ਜਿਸ ਬਿਧਾਤੇ ਨੇ ਜੀਵਾਂ ਦੀ ਕਿਸਮਤ ਦੇ ਲੇਖ ਲਿਖੇ ਹਨ, ਉਸਦੇ ਸਿਰ ਤੇ ਕੋਈ ਲੇਖ ਨਹੀ, ਉਹ ਸੁਤੰਤਰ ਹਸਤੀ ਹੈ {ਸਰਬ ਜੀਆ ਸਿਰਿ ਲੇਖੁ ਧੁਰਾਹੂ ,ਬਿਨੁ ਲੇਖੈ ਨਹੀਂ ਕੋਈ ਜੀਉ। ਆਪਿ ਅਲੇਖੁ ਕੁਦਰਤਿ ਕਰਿ ਦੇਖੈ, ਹੁਕਮਿ ਚਲਾਏ ਸੋਈ ਜੀਉ ੫੯੮}। ਜਿਹੜਾ ਗੁਰਮੁਖ ਇਨ੍ਹਾਂ ਬੋਲੀ ਦੇ ਅੱਖਰਾਂ ਵਿਚੋਂ ਭਾਵ ਵਿਦਿਆ ਦੁਆਰਾ ਨਿਰੰਕਾਰ ਨੂੰ ਸਮਝ ਲੈਂਦਾ ਹੈ, ਉਸਦੇ ਸਿਰ ਕਰਮਾਂ ਦਾ ਹਿਸਾਬ ਨਹੀਂ ਰਹਿੰਦਾ {ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ, ਤਿਸੁ ਸਿਰਿ ਲੇਖੁ ਨ ਹੋਈ ੪੩੨}। ਨਿਰੰਕਾਰ ਦੀ ਪੈਦਾ ਕੀਤੀ ਰਚਨਾ ਸੁਤੰਤਰ ਜਾਂ ਅਪਣੇ ਆਸਰੇ ਤੇ ਨਹੀਂ, ਸਭ ਨਾਮ ਦੇ ਆਸਰੇ ਹੈ {ਨਾਮ ਕੇ ਧਾਰੇ ਖੰਡ ਬ੍ਰਹਮੰਡ...ਨਾਮ ਕੇ ਧਾਰੇ ਆਗਾਸ ਪਾਤਾਲ। ਨਾਮ ਕੇ ਧਾਰੇ ਸਗਲ ਆਕਾਰ ੨੮੪}। ਜੋ ਕੁਝ ਵੀ ਰਚਿਆ ਹੈ ਸਭ ਨਾਮ ਰੂਪ ਹੀ ਹੈ, ਕੋਈ ਐਸੀ ਥਾਂ ਨਹੀ ਜਿਥੇ ਨਾਮ ਨਾ ਹੋਵੇ। ਕਰਤਾਰ ਦੀ ਰਚਨਾ ਨਾਸ਼ਵੰਤ ਹੈ, ਕੇਵਲ ਕਰਤਾਰ ਹੀ ਸਦਾ ਥਿਰ ਹੈ। ਜਿਵੇਂ ਸੋਨੇ ਦਾ ਕੜਾ ਹੈ ਅਤੇ ਉਸਦਾ ਰੂਪ ਹੈ ਗੋਲ ਗੋਲ, ਪਰ ਵਾਸਤਵ ਵਿਚ ਉਹ ਕੜਾ ਹੈ ਤਾਂ ਸੋਨਾ ਹੀ। ਨਾਮ ਤੇ ਰੂਪ ਤਾਂ ਕਲਪਿਤ ਹਨ {ਏਕੈ ਕਨਿਕ ਅਨਿਕ ਭਾਤਿ ਸਾਜੀ, ਬਹੁ ਪਰਕਾਰ ਰਚਾਇਓ ੨੦੫; ਕਨਿਕ ਭੂਖਨ ਕੀਨੇ ਬਹੁ ਰੰਗਾ ੭੩੬} ਭਾਵ ਜਿਵੇਂ ਇਕ ਸੋਨੇ ਤੋਂ ਅਨੇਕਾਂ ਪ੍ਰਕਾਰ ਦੇ ਗਹਿਣੇ ਬਣਾ ਲਏ ਜਾਂਦੇ ਹਨ, ਜਦੋਂ ਮਰਜੀ ਗਹਿਣਾ ਭਨਾ ਕੇ ਹੋਰ ਰੂਪ ਵਟਾ ਲਓ। ਇਸੇ ਤਰ੍ਹਾਂ ਕਰਤਾਰ ਦੀ ਰਚਨਾ ਕੇਵਲ ਨਾਮ ਅਤੇ ਰੂਪ ਮਾਤ੍ਰ ਹੈ, ਰਚਨਾ ਪ੍ਰੀਵਰਤਨ ਸ਼ੀਲ ਹੈ, ਕਰਤਾਰ ਸਦਾ ਅਟੱਲ ਹੈ {ਕਈ ਬਾਰ ਪਸਰਿਓ ਪਾਸਾਰ। ਸਦਾ ਸਦਾ ਇਕੁ ਏਕੰਕਾਰ ੨੭੬}। ਨਿਰੰਕਾਰ ਦੀ ਰਚਨਾ ਦੇ ਥਾਂ ਅਤੇ ਨਾਂ ਬੇ ਸ਼ੁਮਾਰ ਹਨ। 'ਜੇਤਾ ਕੀਤਾ ਤੇਤਾ ਨਾਉ। ਵਿਣੁ ਨਾਵੈ ਨਾਹੀ ਕੋ ਥਾਉ' ਦਾ ਅਰਥ ਇਹ ਵੀ ਕੀਤਾ ਜਾਂਦਾ ਹੈ ਕਿ ਕਰਤਾਰ ਨੇ ਜਿੰਨਾ ਕੁਛ ਰਚਿਆ ਹੈ, ਉਸਸਭ ਦਾ ਕੋਈ ਨਾ ਕੋਈ ਨਾਮ ਹੈ,ਕੋਈ ਐਸੀ ਥਾਂ ਨਹੀ ਜਿਸ ਦਾ ਕੋਈ ਨਾਂ ਨਹੀਂ। ਰਚਨਾ ਬੇਅੰਤ ਹੈ ਤੇ ਉਨ੍ਹਾਂ ਦੇ ਨਾਂ ਵੀ ਬੇਅੰਤ ਹਨ।

## ॥ ਵੀਹਵੀਂ ਪਉੜੀ ॥

ਭਰੀਐ ਹਥੁ ਪੈਰੁ ਤਨੁ ਦੇਹ ॥ ਜੇ ਸਰੀਰ (ਦਾਕੋਈ ਅੰਗ) ਹੱਥ ਅਤੇ ਪੈਰ ਆਦਿ ਜਾਂ ਸਰੀਰ (ਮਿੱਟੀ ਨਾਲ) ਭਰ ਜਾਵੇ ਭਾਵ ਲਿਬੜ ਜਾਵੇ।

ਪਾਣੀ ਧੋਤੈ ਉਤਰਸੁ ਖੇਹ ॥ (ਤਾਂ) ਪਾਣੀ ਨਾਲ ਧੋਤਿਆਂ ਉਸਦੀ ਮਿੱਟੀ (ਮੈਲ) ਲਹਿ ਜਾਂਦੀ ਹੈ।

ਮੂਤ ਪਲੀਤੀ ਕਪੜੁ ਹੋਇ ॥ (ਜੇ ਕੋਈ) ਕਪੜਾ ਮੂਤ੍ਰ ਆਦਿ ਨਾਲ ਗੰਦਾ ਹੋ ਜਾਵੇ।

ਦੇ ਸਾਬੂਣੁ ਲਈਐ ਓਹੁ ਧੋਇ ॥ ਤਾਂ ਉਹ ਕਪੜਾ ਸਾਬਣ ਲਾ ਕੇ ਧੋ ਲਈਦਾ ਹੈ (ਸਾਫ ਹੋ ਜਾਂਦਾ ਹੈ)। ਜਿਉ ਸਾਬੁਨਿ ਕਾਪਰ ਊਜਲ ਹੋਤ। (੯੧੪); ਹਉਮੈ ਦੁਰਤੁ ਗਇਆ ਸਭੁ ਨੀਕਰਿ, ਜਿਉ ਸਾਬੁਨਿ ਕਾਪਰੁ ਕਰਿਆ। (੧੨੯੪); ਜੈਸੇ ਮਲ ਮੂਤ੍ਰ ਲਗ ਅੰਬਰ ਮਲੀਨ ਹੋਤ, ਸਾਬੁਨ ਸਲਿਲ ਮਿਲਿ ਨਿਰਮਲ ਗਾਤ ਹੈ। (ਕਬਿਤ ੫੫੭, ਭਾ.ਗੁ.)

ਭਰੀਐ ਮਤਿ ਪਾਪਾ ਕੈ ਸੰਗਿ ॥ (ਇਸੇ ਤਰ੍ਹਾਂ ਜੇ ਮਨੁੱਖ ਦੀ) ਬੁੱਧੀ ਪਾਪਾਂ ਦੇ ਨਾਲ ਭਰ (ਮੈਲੀ ਹੋ) ਜਾਵੇ।

ਓਹੁ ਧੋਪੈ ਨਾਵੈ ਕੈ ਰੰਗਿ ॥ ਉਹ (ਮੈਲੀ ਹੋਈ ਬੁੱਧੀ) ਨਾਮ ਦੇ ਪ੍ਰੇਮ ਨਾਲ ਧੋਤੀ ਜਾ ਸਕਦੀ ਹੈ। ਅਹਿਨਿਸਿ ਨਾਮੁ ਜਪਹੁ ਰੇ ਪ੍ਰਾਣੀ, ਮੈਲੇ ਹਛੇ ਹੋਹੀ। (੧੨੫੪);ਮਲੁ ਕੂੜੀ ਨਾਮਿ ਉਤਾਰੀਅਨੁ ,ਜਪਿ ਨਾਮੁ ਹੋਆ ਸਚਿਆਰੁ। (੯੫੧)

ਪੁੰਨੀ ਪਾਪੀ ਆਖਣੁ ਨਾਹਿ ॥(ਹੇ ਭਾਈ!) ਪੁੰਨੀ ਅਤੇ ਪਾਪੀ (ਸ਼ਬਦ ਕੇਵਲ ਮੂੰਹ ਜਬਾਨੀ) ਕਹਿਣ ਮਾਤ੍ਰ ਹੀ ਨਹੀ ਹਨ।

ਕਰਿ ਕਰਿ ਕਰਣਾ, ਲਿਖਿ ਲੈ ਜਾਹੁ ॥ (ਹੇ ਭਾਈ! ਪਾਪ ਤੇ ਪੁੰਨ ਦੇ ਕਾਰਣ ਚੰਗੇ ਮੰਦੇ) ਕਰਮ ਕਰ ਕਰ ਕੇ (ਤੂੰ ਅਪਣੇ ਨਾਲ ਸੰਸਕਾਰਾਂ ਦੇ ਰੂਪ ਵਿਚ ਲੇਖ) ਲਿਖ ਕੇ ਲੈ ਜਾਵੇਂਗਾ (ਪਾਪ ਜਾਂ ਪੁੰਨ ਦੇ ਕੀਤੇ ਕਰਮ ਸੰਸਕਾਰ ਬਣ ਕੇ ਮਨੁੱਖ ਦੇ ਮਨ ਅੰਦਰ ਉਕਰ ਜਾਂਦੇ ਹਨ)। ਜਿਵ ਆਇਆ ਤਿਵ ਜਾਇਸੀ, ਕੀਆ ਲਿਖਿ ਲੈ ਜਾਇ। (੧੩੩੧)

ਆਪੇ ਬੀਜਿ ਆਪੇ ਹੀ ਖਾਹੁ ॥ ਆਪੇ ਹੀ (ਤੂੰ ਚੰਗੇ ਮੰਦੇ ਕਰਮਾਂ ਨੂੰ) ਬੀਜਦਾ (ਕਰਦਾ) ਹੈਂ, ਆਪੇ ਹੀ (ਉਨ੍ਹਾਂ ਕੀਤੇ ਕਰਮਾਂ ਦਾ ਫਲ ਸੁੱਖਾਂ ਜਾਂ ਦੁਖਾਂ ਦੇ ਰੂਪ ਵਿਚ) ਖਾਵੇਂਗਾ ਭਾਵ ਭੋਗੇਂਗਾ {ਆਪਿ ਬੀਜਿ ਆਪੇ ਹੀ ਖਾਇ ੨੫; ਆਪਿ ਬੀਜਿ ਆਪੇ ਹੀ ਖਾਵੈ ੬੬੨; ਜੁਗਿ ਜੁਗਿ ਲੁਣੀਐ ਬੀਜਿਆ, ਪਾਪ ਪੁੰਨ ਕਰਿ ਦੁਖ ਸੁਖ ਪਾਏ (ਭਾ.ਗੁ.ਵਾਰ ੨੩-੧੭)}।

ਨਾਨਕ ਹੁਕਮੀ ਆਵਹੁ ਜਾਹੁ ॥੨੦॥ ਗੁਰੂ ਨਾਨਕ ਦੇਵ ਜੀ ਆਖਦੇ ਹਨ, (ਹੇ ਭਾਈ!) ਤੂੰ ਨਿਰੰਕਾਰ ਦੇ ਹੁਕਮ ਅਨੁਸਾਰ(ਕੀਤੇ ਹੋਏ ਕਰਮਾਂ ਦੇ ਕਾਰਣ) ਆਉਂਦਾ ਜਾਂਦਾ (ਅਨੇਕ ਜੂਨੀਆਂ ਵਿਚ ਜੰਮਦਾ ਮਰਦਾ) ਰਹੇਂਗਾ। ਹੁਕਮਿ ਚਲਾਏ ਆਪਣੈ, ਕਰਮੀ ਵਹੈ ਕਲਾਮ। (੧੨੪੧)। ਪੁੰਨੀਆਂ ਪਾਪੀਆਂ ਦਾ ਜੰਮਣਾ ਮਰਨਾ ਮੁਕਦਾ ਨਹੀ ਅਤੇ ਨਾ ਹੀ ਮੁਕਤੀ ਮਿਲਦੀ ਹੈ। ਪਾਪ ਕਰਮ ਦਾ ਫਲ ਨਰਕ ਅਤੇ ਪੁੰਨਾਂ ਦਾ ਫਲ ਸੁਰਗ ਹੈ, ਇਹ ਖਿਆਲ ਛਡ ਕੇ ਨਾਮ ਸਿਮਰਨ ਦੁਆਰਾ ਹੀ ਮੁਕਤੀ ਮਿਲੇਗੀ।੨੦।

**ਪੁੰਨੀ ਪਾਪੀ ਆਖਣੁ ਨਾਹਿ ॥੧.** ਕੇਵਲ ਕਹਿਣ ਨਾਲ ਹੀ ਬੰਦਾ ਨੇਕ ਤੇ ਪਾਪੀ ਨਹੀ ਬਣ ਜਾਂਦਾ (ਇੰਗਲਿਸ਼ ਟੀਕਾ SGPC)। ੨. ਪੁੰਨੀ ਤੇ ਪਾਪੀ (ਨਾਮ) ਨਹੀਂ ਜਪ ਸਕਦੇ (ਪੁੰਨ ਕਰਮ ਕਰਨ ਵਾਲੇ ਸੁਰਗ ਜਾਂ ਦੇਵਤਿਆਂ ਦੀਆਂ ਪੁਰੀਆਂ ਦਾ ਸੁੱਖ ਭੋਗਣ ਦੀ ਇਛਾ ਰੱਖ ਕੇ ਪੁੰਨ ਕਰਮ ਕਰੀ ਜਾਂਦੇ ਹਨ, ਪਰ ਨਾਮ ਨਹੀ ਜਪਦੇ।ਸੁਰਗ ਜਾਂ ਦੇਵ ਪੁਰੀਆਂ ਵਿਚ ਵਾਸ ਮਿਲਣ ਤੇ ਜਦ ਪੁੰਨਾਂ ਦਾ ਫਲ ਮੁੱਕ ਜਾਂਦਾ ਹੈ, ਉਹ ਫਿਰ ਸੰਸਾਰ ਵਿਚ ਜਨਮ ਲੈਂਦੇ ਹਨ।ਇਸੇ ਤਰ੍ਹਾਂ ਪਾਪੀਆਂ ਨੂੰ ਪਾਪਾਂ ਕਰਕੇ ਨਰਕ ਮਿਲਦਾ ਹੈ, ਜਦ ਪਾਪਾਂ ਦੀ ਸਜਾ ਖਤਮ ਹੁੰਦੀ ਹੈ ਤਾਂ ਉਹ ਵੀ ਸੰਸਾਰ ਵਿਚ ਜਨਮ ਲੈਂਦੇ ਹਨ, ਇਸ ਤਰ੍ਹਾਂ ਪੁੰਨਾਂ ਪਾਪਾਂ ਕਰਕੇ ਜਨਮ ਮਰਨ ਬਣਿਆ ਰਹਿੰਦਾ ਹੈ)।

**ਪਦਾਰਥ** = ਭਰੀਐ-ਭਰ ਜਾਵੇ; ਲਿਬੜ ਜਾਵੇ।ਤਨੁ-ਸਰੀਰ।ਦੇਹ-ਸਰੀਰ।ਧੋਤੈ-ਧੋਣ ਨਾਲ।ਉਤਰਸੁ-ਉਤਰ (ਲਹਿ) ਜਾਂਦੀ ਹੈ।ਖੇਹ-ਮਿੱਟੀ; ਧੂੜ।ਮੂਤਪਲੀਤੀ-ਪਿਸ਼ਾਬ ਨਾਲ ਗੰਦਾ।ਕਪੜੁ-ਕਪੜਾ।ਦੇ ਸਾਬੂਣਿ-ਸਾਬਣ ਲਾ ਕੇ।ਲਈਐ ਧੋਇ-ਧੋ ਲਈਦਾ ਹੈ।ਮਤਿ-ਬੁੱਧੀ।ਕੈ-ਦੇ।ਧੋਪੈ-ਧੋਤੀ ਜਾਂਦੀ ਹੈ।ਨਾਵੈ ਕੈ ਰੰਗਿ-ਨਾਮ ਦੇ ਪ੍ਰੇਮ ਨਾਲ।ਆਖਣੁ-ਕਹਿਣ ਮਾਤ੍ਰ; ਕਹਾਵਤ।ਨਾਹਿ-ਨਹੀਂ।ਕਰਿ ਕਰਿ ਕਰਣਾ-ਕਰਮ ਕਰ ਕਰ ਕੇ।ਲਿਖਿ-ਲਿਖ ਕੇ; ਉਕਰ ਕੇ।ਲੈ ਜਾਹੁ-ਲੈ ਜਾਵੇਂਗਾ।ਆਪੇ-ਆਪ ਹੀ।ਬੀਜਿ-ਬੀਜ ਕੇ।ਖਾਹੁ-ਖਾਵੇਂਗਾ; ਭੋਗੇਂਗਾ।ਹੁਕਮੀ-ਹੁਕਮ ਵਿਚ।ਆਵਹੁਜਾਹੁ-ਆਉਂਦਾ ਜਾਂਦਾ (ਜੰਮਦਾ ਮਰਦਾ)ਰਹੇਂਗਾ।੨੦।

**ਵਿਆਖਿਆ** = ਇਸ ਪੌੜੀ ਵਿਚ ਪਾਪਾਂ ਨਾਲ ਮੈਲੀ ਹੋਈ ਬੁਧੀ ਨੂੰ ਨਾਮ ਦੇ ਪਿਆਰ ਨਾਲ ਨਿਰਮਲ ਕਰਨ ਦਾ ਉਪਾਉ ਦਸਿਆ ਹੈ।ਜਿਵੇਂ ਗੰਦਾ ਹੋਇਆ ਕਪੜਾ ਸਾਬਣ ਲਗਾ ਕੇ ਸਾਫ ਕਰ ਲਿਆ ਜਾਂਦਾ ਹੈ, ਤਿਵੇਂ ਮਨ ਦੀ ਅੰਦਰਲੀ ਤਹਿ ਵਿਚ ਚਿੰਬੜੇ ਮੰਦੇ ਕਰਮਾਂ ਦੇ ਸੰਸਕਾਰ ਕੱਢੇ ਜਾ ਸਕਦੇ ਹਨ {ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ੨੬੩}।ਫਿਰ ਪੁੰਨੀ ਤੇ ਪਾਪੀ ਕੇਵਲ ਕਹਿਣ ਵਾਲੇ ਸ਼ਬਦ ਹੀ ਨਹੀਂ ਹਨ, ਇਹ ਤਾਂ ਮਨੁੱਖ ਦੇ ਕਰਨ ਵਾਲੇ ਕਰਮ ਹਨ।ਕੋਈ ਸੁਰਗਾਂ ਜਾਂ ਦੇਵਤਿਆਂ ਦੀਆਂ ਪੁਰੀਆਂ ਵਿਚ ਜਾਣ ਦੀ ਲਾਲਸਾ ਰੱਖ ਕੇ ਪੁੰਨ ਕਰਮ ਕਰਦਾ ਹੈ ਅਤੇ ਕੋਈ ਰੱਬ ਨੂੰ ਭੁਲਾ ਕੇ ਪਾਪ ਕਰਮ ਕਰੀ ਜਾ ਰਿਹਾ ਹੈ {ਪਾਪੁ ਪੁੰਨੁ ਤਹ ਭਈ ਕਹਾਵਤ।ਕੋਊ ਨਰਕ ਕੋਊ ਸੁਰਗ ਬੰਛਾਵਤ ੨੯੨}।ਪਾਪ ਪੁੰਨ ਦਾ ਫਲ ਜਦੋਂ ਮੁਕ ਜਾਂਦਾ ਹੈ ਤਾਂ ਜੀਵ ਫਿਰ ਜਗਤ ਵਿਚ ਜਨਮ ਲੈ ਲੈਂਦਾ ਹੈ।ਇਸ ਤਰ੍ਹਾਂ ਜਨਮ ਮਰਣ ਦਾ ਚੱਕਰ ਚਲਦਾ ਰਹਿੰਦਾ ਹੈ।ਮੁਕਤ ਹੋਣ ਲਈ ਨਾਮ ਸਿਮਰਨ ਹੈ, ਨਾਮ ਤੋਂ ਬਿਨਾ ਹੋਰ ਕਰਮ ਕਰਨ ਨਾਲ ਚੁਰਾਸੀ ਦਾ ਗੇੜ ਮੁੱਕ ਨਹੀ ਸਕਦਾ {ਅਨਿਕ ਪੁਨਹ ਚਰਨ ਕਰਤ ਨਹੀ ਤਰੈ ੨੬੪}।ਮਨੁੱਖ ਜਿਸ ਤਰ੍ਹਾਂ ਦਾ ਕਰਮ ਕਰਦਾ ਹੈ, ਉਸ ਤਰ੍ਹਾਂ ਦਾ ਹੀ ਸੁਭਾਵ ਬਣ ਜਾਂਦਾ ਹੈ।ਇਹ ਸੁਭਾਵ ਸੰਸਕਾਰ ਬਣ ਕੇ ਮਨੁੱਖ ਦੀ ਆਤਮਾ ਨਾਲ ਚਿੰਬੜੇ ਰਹਿੰਦੇ ਹਨ, ਜੋ ਹਰੇਕ ਜਨਮ ਵਿਚ ਮਨੁੱਖ ਦੇ ਨਾਲ ਹੀ ਜਾਂਦੇ ਹਨ।ਜੋ ਵੀ ਕਰਮ ਅਸੀਂ ਕਰਦੇ ਹਾਂ, ਉਸਦਾ ਫਲ ਨਿਰੰਕਾਰ ਦੇ ਹੁਕਮ ਅਨੁਸਾਰ ਦੁਖ ਸੁਖ ਰੂਪ ਵਿਚ ਭੋਗਣਾ ਹੀ ਪੈਂਦਾ ਹੈ।ਪਰ ਕਰਮ ਅਮਿੱਟ ਨਹੀ ਹਨ, ਨਿਰੰਕਾਰ ਦੀ ਮਿਹਰ ਦ੍ਰਿਸਟੀ ਨਾਲ ਮਿਟ ਸਕਦੇ ਹਨ {ਮਿਟਹਿ ਕਮਾਣੇ ਪਾਪ ਚਿਰਾਣੇ, ਸਾਧ ਸੰਗਤਿ ਮਿਲਿ ਮੁਆ ਜੀਜੈ ੬੯੩}।ਜਿਉਂ ਜਿਉਂ ਨਾਮ ਸਿਮਰਨ ਦੇ ਸੰਸਕਾਰ ਮਨ ਵਿਚ ਬਣਨਗੇ, ਤਿਉਂ ਤਿਉਂ ਪਾਪਾਂ ਦੇ ਸੰਸਕਾਰ ਮਿਟਦੇ ਜਾਣਗੇ।

ਕਈ ਮੱਤ ਆਦਮ ਜਾਤੀ ਨੂੰ ਜਨਮ ਤੋਂ ਹੀ ਪਾਪੀ ਮੰਨਦੇ ਹਨ, ਕਈ ਪੈਗੰਬਰ ਜਾਂ ਖੁਦਾ ਦੇ ਬੇਟੇ ਵਿਚ ਇਮਾਨ ਲਿਆਉਣ ਵਾਲੇ ਨੂੰ ਪੁੰਨੀ ਜਾਂ ਮੁਕਤ ਹੋਇਆ ਮੰਨਦੇ ਹਨ।ਕੋਈ ਮੱਤ ਕਹਿੰਦਾ ਹੈ ਕਿ ਰੱਬ ਦੇ ਯਾਰ ਦੀ ਸਿਫਾਰਸ਼ ਨਾਲ ਹੀ ਮਨੁੱਖ ਪਾਪਾਂ ਤੋ ਮੁਕਤ ਹੋ ਜਾਂਦਾ ਹੈ।ਕੋਈ ਤੀਰਥਾਂ ਤੇ ਨਹਾ ਕੇ ਪਾਪ ਉਤਰ ਜਾਂਦੇ ਮੰਨਦਾ ਹੈ।ਜੇ ਕਿਸੇ ਕਰਮ ਧਰਮ ਵਿਚ ਜਾਂ ਧਰਮ ਦੀ ਮਰਿਆਦਾ ਵਿਚ ਕੋਈ ਵਿਸ਼ਵਾਸ ਨਹੀਂ ਰਖਦਾ, ਤਾਂ ਵੀ ਉਸਨੂੰ ਪਾਪੀ ਸਮਝ ਲਿਆ ਜਾਂਦਾ ਹੈ।ਕਈ ਮੰਨਦੇ ਹਨ ਕਿ ਸਾਡੇ ਪੈਗੰਬਰ ਨੇ ਸਾਡੇ ਅਗਲੇ ਪਿਛਲੇ ਪਾਪ ਅਪਣੇ ਜਿੰਮੇ ਲੈ ਕੇ ਕੁਰਬਾਨੀ ਦਿਤੀ ਹੈ ਅਤੇ ਉਸ ਪੈਗੰਬਰ ਵਿਚ ਵਿਸ਼ਵਾਸ ਲਿਆਉਣ ਨਾਲ ਮੁਕਤੀ ਮਿਲ ਜਾਵੇਗੀ।ਗੁਰੂ ਜੀ ਇਨ੍ਹਾਂ ਗੱਲਾਂ ਨੂੰ ਨਹੀ ਮੰਨਦੇ, ਮਿਥਿਆ ਗਿਆਨ ਅਤੇ ਅੰਧ ਵਿਸ਼ਵਾਸ ਕਰਕੇ ਅਪਣੇ ਆਪ ਨੂੰ ਪੁੰਨੀ ਅਤੇ ਦੂਜੇ ਨੂੰ ਪਾਪੀ ਆਖਣਾ ਯੋਗ ਨਹੀਂ, ਪਾਪੀ ਜਾਂ ਪੁੰਨੀ ਮਨੁੱਖ ਅਪਣੇ ਕਰਮਾਂ ਕਰਕੇ ਬਣਦਾ ਹੈ।ਹਰੇਕ ਧਰਮ ਦਾ ਪ੍ਰਾਣੀ ਅਪਣੇ ਕੀਤੇ ਚੰਗੇ ਮੰਦੇ ਕਰਮ ਅਪਣੇ ਨਾਲ ਲਿਖਾ ਕੇ ਜਾਂਦਾ ਹੈ, ਰੱਬ ਦੀ ਦਰਗਾਹ ਵਿਚ ਮਨੁੱਖੀ ਜੀਵਨ ਵਿਚ ਕੀਤੇ ਕੰਮਾਂ ਦਾ ਨਿਬੇੜਾ ਹੁੰਦਾ ਹੈ।ਰੱਬ ਦੀ ਕਚਹਿਰੀ ਵਿਚ ਤਾਂ ਸੱਚ ਅਤੇ ਕੂੜ ਦੇ ਅਧਾਰ ਤੇ ਫੈਸਲਾ ਹੋਣਾ ਹੈ, ਨਾ ਕਿ ਧਰਮ ਦੇ ਅਧਾਰ ਤੇ, ਉਥੇ ਕਿਸੇ ਦੀ ਸਿਫਾਰਸ਼ ਨਹੀ ਚਲਣੀ {ਓਥੈ ਸਚੈ ਹੀ ਸਚਿ ਨਿਬੜੈ, ਚੁਣਿ ਵਖਿ ਕਢੇ ਜਜਮਾਲਿਆ।ਥਾਉ ਨ ਪਾਇਨਿ ਕੂੜਿਆਰ,ਮੁਹ ਕਾਲੈ ਦੋਜਕਿ ਚਾਲਿਆ ੪੬੩}।ਉਥੇ ਤਾਂ {ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਇ ਨ ਪਕੜੀਐ ਕਿਸੈ ਥਾਇ ੪੦੬} ਭਾਵ ਜੋ ਮਨੁੱਖ ਇਸ ਹੱਥ ਕਰਦਾ ਹੈ, ਉਹ ਉਸੇ ਹੱਥ ਪਾਉਂਦਾ ਹੈ, ਕੋਈ ਵੀ ਆਦਮੀ ਕਿਸੇ ਹੋਰ ਦੀ ਥਾਂ ਨਹੀ ਫੜਿਆ ਜਾਂਦਾ।ਹਰ ਕੋਈ ਅਪਣੇ ਕੀਤੇਕਰਮ ਦਾ ਫਲ ਆਪੇ ਪਾਉਂਦਾ ਹੈ।ਪਾਪਾਂ ਤੋਂ ਛੁਟਕਾਰਾ ਕੇਵਲ ਨਾਮ ਸਿਮਰਨ ਰਾਹੀਂ ਹੀ ਹੋ ਸਕਦਾ ਹੈ।

## ॥ ਇਕੀਵੀਂ ਪਉੜੀ ॥

ਤੀਰਥੁ ਤਪੁ ਦਇਆ ਦਤੁ ਦਾਨੁ ॥ਜੇ ਕੋ ਪਾਵੈ, ਤਿਲ ਕਾ ਮਾਨੁ ॥(ਕੁੱਛ ਲੋਕ ਸ਼ੁੱਭ ਕਰਮ ਕਰਨ ਕਰਕੇ ਮਹਾਨ ਸੁੱਖ ਪ੍ਰਾਪਤ ਹੋਣ ਦੀ ਗੱਲ ਕਰਦੇ ਹਨ, ਤਾਂ ਗੁਰੂ ਜੀ ਆਖਦੇ ਹਨ) ਤੀਰਥ ਯਾਤਰਾ, ਤਪ ਕਰਨਾ, (ਜੀਵਾਂ ਤੇ) ਦਇਆ ਕਰਨੀ ਅਤੇ ਦਿਤੇ ਦਾਨ ਆਦਿ ਕਰਮਾਂਦਾ ਫਲ।ਜੇ ਕੋਈ (ਮਨੁੱਖ) ਪ੍ਰਾਪਤ ਕਰਦਾ ਹੈ ਤਾਂ ਤਿਲ ਮਾਤ੍ਰ ਦਾ(ਬਹੁਤ ਥੋੜਾ) ਮਾਣ ਪ੍ਰਾਪਤ ਕਰਦਾ ਹੈ ਭਾਵ ਉਪਰੋਕਤ ਕਰਮਾਂ ਦੀ ਵਡਿਆਈ ਸੰਸਾਰ ਜਾਂ ਪ੍ਰਲੋਕ ਵਿਚ ਤਿਲ ਮਾਤ੍ਰ ਹੀ ਮਿਲਦੀ ਹੈ।

ਸੁਣਿਆ ਮੰਨਿਆ, ਮਨਿ ਕੀਤਾ ਭਾਉ ॥ਅੰਤਰਗਤਿ ਤੀਰਥਿ ਮਲਿ ਨਾਉ ॥(ਜਿਸ ਮਨੁੱਖ ਨੇ ਨਿਰੰਕਾਰ ਦਾ ਨਾਮ) ਸੁਣਿਆ ਅਤੇ ਮੰਨ ਲਿਆ ਹੈ ਅਤੇ ਮਨ ਵਿਚ (ਨਿਰੰਕਾਰ ਨਾਲ) ਪ੍ਰੇਮ ਕੀਤਾ ਹੈ।ਜਿਨੀ ਸੁਣਿ ਕੈ ਮੰਨਿਆ, ਤਿਨਾ ਨਿਜ ਘਰਿ ਵਾਸੁ।(੨੭); ਜਿਨ ਗੁਰਮੁਖਿ ਸੁਣਿ ਹਰਿ ਮੰਨਿਆ, ਜਨ ਨਾਨਕ ਤਿਨ ਜੈਕਾਰੁ।(੧੩੧੪); ਡਿਠਾ ਸੁਣਿਆ ਮੰਨਿਆ, ਸਨਮੁਖਿ ਸੇ ਵਿਰਲੇ ਸੰਸਾਰਾ।(ਭਾ. ਗੁ. ਵਾਰ ੨੯-੨੦)।(ਉਸ ਮਨੁੱਖ ਨੇ ਮਾਨੋ ਅਪਣੇ ਹਿਰਦੇ) ਅੰਦਰ ਪ੍ਰਾਪਤ ਹੋਏ ਤੀਰਥ ਵਿਚ ਮਲ ਮਲ ਕੇ (ਚੰਗੀ ਤਰ੍ਹਾਂ) ਇਸ਼ਨਾਨ ਕਰ ਲਿਆ ਹੈ (ਮੈਲ ਲਾਹ ਕੇ ਅਪਣੇ ਮਨ ਨੂੰ ਪਵਿਤ੍ਰ ਕਰ ਲਿਆ ਹੈ)।

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ੬੮੭;ਤੀਰਥੁ ਹਮਰਾ ਹਰਿ ਕੋ ਨਾਮੁ।(੧੧੪੨)

ਸਭਿ ਗੁਣ ਤੇਰੇ ਮੈ ਨਾਹੀ ਕੋਇ ॥ (ਹੇ ਨਿਰੰਕਾਰ! ਸੁਣਨ, ਮੰਨਣ, ਪ੍ਰੇਮ, ਮਨ ਦੀ ਪਵਿਤ੍ਰਤਾ ਆਦਿ) ਸਾਰੇ ਗੁਣ ਤੇਰੇ ਹੀ (ਬਖਸ਼ੇ ਹੋਏ ਪ੍ਰਾਪਤ ਹੁੰਦੇ) ਹਨ, ਮੇਰੇ ਵਿਚ ਕੋਈ (ਗੁਣ) ਨਹੀਂ।

ਹਭਿ ਗੁਣ ਤੈਡੇ ਨਾਨਕ ਜੀਉ, ਮੈ ਕੂ ਥੀਏ, ਮੈ ਨਿਰਗੁਣ ਤੇ ਕਿਆ ਹੋਵੈ।(੯੬੪)

ਵਿਣੁ ਗੁਣ ਕੀਤੇ, ਭਗਤਿ ਨ ਹੋਇ ॥ਗੁਣ ਧਾਰਨ ਕੀਤੇ ਬਿਨਾ (ਨਿਰੰਕਾਰ ਦੀ) ਭਗਤੀ (ਸਫਲ) ਨਹੀ ਹੁੰਦੀ।(ਜੇ ਭਗਤੀ ਕਰ ਕੇ ਜੀਵਨ ਵਿਚ ਕੋਈ ਬਦਲਾਓ ਨਹੀ ਆਇਆ ਅਤੇ ਮਨੁੱਖ ਗੁਣਵਾਨ ਨਹੀ ਬਣਿਆ ਤਾਂ ਨਿਰਾ ਦਿਖਾਵਾ ਅਤੇ ਪਖੰਡ ਬਣ ਜਾਂਦਾ ਹੈ)।ਬਿਨ ਗੁਰ ਗੁਣ ਨ ਜਾਪਨੀ, ਬਿਨੁ ਗੁਣ ਭਗਤਿ ਨ ਹੋਇ।(੬੭)

ਸੁਅਸਤਿ ਆਥਿ ਬਾਣੀ ਬਰਮਾਉ ॥ (ਕਿਸ ਦੀ ਭਗਤੀ ਕਰਨੀ ਹੈ? ਉਤਰ = ਹੇ ਨਿਰੰਕਾਰ! ਮੇਰੀ ਕੇਵਲ ਤੈਨੂੰ) ਨਮਸਕਾਰ ਹੈ, ਤੂੰ ਹੀ ਮਾਇਆ ਰੂਪ ਹੈਂ, ਤੂੰ ਹੀ ਬਾਣੀ ਰੂਪ ਹੈਂ, ਤੂੰ ਹੀ ਬ੍ਰਹਮਾ ਰੂਪ ਹੈਂ ਭਾਵ ਸ੍ਰਿਸਟੀ ਰਚਨ ਵਾਲਾ ਤੂੰ ਆਪ ਹੈਂ (ਮਾਯਾ, ਕੁਨ ਜਾਂ ਓਅਮ ਆਦਿ ਕਿਸੇ ਸ਼ਬਦ ਨੇ ਜਾਂਬ੍ਰਹਮਾ ਨੇ ਸ੍ਰਿਸਟੀ ਨਹੀਂ ਰਚੀ, ਜਿਵੇਂ ਕਈ ਲੋਕ ਮੰਨਦੇ ਹਨ।ਬ੍ਰਹਮਾ ਆਦਿ ਸਭ ਨਿਰੰਕਾਰ ਦੀ ਰਚਨਾ ਹਨ, ਸੰਸਾਰ ਰਚਨ ਵਾਲੀ ਵੱਖਰੀ ਕੋਈ ਹੋਰ ਸੁਤੰਤਰ ਹਸਤੀ ਨਹੀਂ (ਦਰਪਣ, ਡਾ. ਤਾਰਨ ਸਿੰਘ ਅਤੇ ਸ਼ਬਦਾਰਥ ਨੇ ਵੀ ਇਸੇ ਤਰ੍ਹਾਂ ਦੇ ਅਰਥ ਕੀਤੇ ਹਨ)।

ਸਤਿ ਸੁਹਾਣੁ, ਸਦਾ ਮਨਿ ਚਾਉ ॥ (ਹੇ ਨਿਰੰਕਾਰ! ਤੂੰ) ਸਦਾ ਥਿਰ ਰਹਿਣ ਵਾਲਾ ਹੈਂ, ਸੋਹਣਾ ਹੈਂ ਅਤੇ ਤੇਰੇ ਮਨ ਵਿਚ ਸਦਾ ਖੇੜਾ (ਅਨੰਦ) ਰਹਿੰਦਾ ਹੈ।

**ਸੁਅਸਤਿ ਆਥਿ ਬਾਣੀ ਬਰਮਾਉ** ॥੧. ਬ੍ਰਹਮ ਬਾਣੀ ਹੀ ਸੁਅਸਤ (ਕਲਿਆਣਕਾਰੀ) ਹੈ ਭਾਵ ਪਰਮ ਕਲਿਆਣਮਈ ਬ੍ਰਹਮਬਾਣੀ ਦਾ ਅਸੀਂ ਜਾਪ ਕਰਦੇ ਰਹਾਂਗੇ ਤਾਂ ਬ੍ਰਹਮ ਦੇ ਗੁਣ ਸਾਡੇ ਵਿਚ ਆ ਜਾਣਗੇ, ਫਿਰ ਭਗਤੀ ਹੋਵੇਗੀ (ਵਿਨੋਬਾ ਭਾਵੇ)।

੨. (ਨਿਰੰਕਾਰ) ਕਲਿਆਣ ਸਰੂਪ ਹੈ, (ਉਸ ਦੀ) ਬਾਣੀ ਤੋਂ (ਬਰਮਾਉ) ਬ੍ਰਹਮੰਡ ਬਣਿਆ (ਭਿੰਡਰਾਂ ਵਾਲੀ ਟੇਪ)।

੩. ਕਲਿਆਣ ਸਰੂਪ ਪ੍ਰਮਾਤਮਾ ਤੋਂ ਬਾਣੀ ਹੋਈ, ਉਸ ਬਾਣੀ ਤੋਂ ਮਾਇਆ ਹੋਈ ਤੇ ਮਾਇਆ ਤੋਂ ਬ੍ਰਹਮਾ ਪੈਦਾ ਹੋਇਆ।

**ਸਤਿ ਸੁਹਾਣੁ ਸਦਾ ਮਨਿ ਚਾਉ** ॥ (ਪ੍ਰਮਾਤਮਾ ਦਾ ਸਰੂਪ ਦਸਦੇ ਹਨ) ਸੱਤ ਸਰੂਪ, ਅਤੀ ਸੁੰਦਰ ਅਤੇ ਸਦਾ ਖੇੜੇ ਵਿਚ ਰਹਿਣ ਵਾਲਾ (ਅਨੰਦ ਸਰੂਪ) ਹੈ।

ਪਦਾਰਥ = ਤਪੁ-ਸਰੀਰ ਜਾਂ ਮਨ ਨੂੰ ਕਸ਼ਟ ਦੇਣਾ (ਸਰਦੀਆਂ ਵਿਚ ਬਰਫ ਵਰਗੇ ਠੰਢੇ ਪਾਣੀ ਵਿਚ ਰਾਤ ਨੂੰ ਖਲੋਣਾ ਜਾਂ ਸਿਰ ਤੇ ਠੰਢੇ ਪਾਣੀ ਦੇ ਸੌ ਸੌ ਘੜੇ ਪੁਆਉਣੇ, ਜੇਠ ਹਾੜ ਦੇ ਮਹੀਨੇ ਧੂਣੀਆਂ ਤਾਪਣੀਆਂ, ਖੂਹ ਵਿਚ ਪੁਠੇ ਲਟਕਣ ਆਦਿ ਕਸ਼ਟ ਸਹਿਣ ਨੂੰ ਤਪ ਕਿਹਾ ਹੈ)।ਦਇਆ-ਤਰਸ।ਦਤੁ-ਦਿਤਾ ਹੋਇਆ ਦਾਨ।ਕੋ-ਕੋਈ।ਪਾਵੈ-ਪਾਉਂਦਾ ਹੈ।ਤਿਲ ਕਾ-ਤਿਲ ਮਾਤ੍ਰ; ਥੋੜਾਜਿਹਾ।ਮਾਨੁ-ਆਦਰ; ਵਡਿਆਈ।ਮੰਨਿਆ-ਮੰਨ ਲਿਆ (ਮਨ ਵਿਚ ਵਸਾ ਲਿਆ)।ਮਨਿ-ਮਨ ਵਿਚ।ਭਾਉ-ਪ੍ਰੇਮ।ਅੰਤਰ ਗਤਿ-ਹਿਰਦੇ ਅੰਦਰ ਪ੍ਰਾਪਤ ਹੋਇਆ; ਅੰਤਰ ਮੁਖੀ।ਤੀਰਥਿ-ਤੀਰਥ ਵਿਚ।ਮਲਿ-ਮਲ ਕੇ।ਨਾਉ-ਇਸ਼ਨਾਨ ਕੀਤਾ ਹੈ।ਵਿਣੁ-ਬਿਨਾ।ਸੁਅਸਤਿ-ਨਮਸ਼ਕਾਰ ਹੈ; ਕਲਿਆਣ ਕਰਨ ਵਾਲੀ; ਜੈ ਹੋਵੇ।ਆਥਿ-ਹੈ; ਮਾਇਆ।ਬਾਣੀ ਬਰਮਾਉ-ਬ੍ਰਹਮ ਬਾਣੀ ਭਾਵ ਨਿਰੰਕਾਰ ਦੀ ਬਾਣੀ; ਬ੍ਰਹਮਾ ਅਤੇ ਬਾਣੀ।ਸਤਿ-ਸਦਾ ਕਾਇਮ ਰਹਿਣ ਵਾਲਾ।ਸੁਹਾਣੁ-ਸੋਹਣਾ; ਸੁੰਦਰ।ਚਾਉ-ਖੇੜਾ; ਅਨੰਦ।

ਕਵਣੁ ਸੁ ਵੇਲਾ ਵਖਤੁ ਕਵਣੁ, ਕਵਣ ਥਿਤਿ ਕਵਣੁ ਵਾਰੁ ॥ (ਜਦੋਂ ਸ੍ਰਿਸਟੀ ਬਣੀ, ਹਿੰਦੂਆਂ ਵਾਲਾ) ਉਹ ਕਿਹੜਾ ਸਮਾਂ ਸੀ ਅਤੇ ਕਿਹੜਾ (ਇਸਲਾਮੀ) ਵਕਤ ਸੀ, ਕਿਹੜੀ ਤਿਥ (ਤਰੀਕ) ਸੀ ਅਤੇ ਕਿਹੜਾ ਦਿਨ ਸੀ ?

ਕਵਣਿ ਸਿ ਰੁਤੀ ਮਾਹੁ ਕਵਣੁ, ਜਿਤੁ ਹੋਆ ਆਕਾਰੁ ॥ ਜਦੋਂ ਦਿਸਦਾ ਸੰਸਾਰ ਪੈਦਾ ਹੋਇਆ ਸੀ, ਉਹ ਕਿਹੜੀ ਰੁੱਤ (ਮੌਸਮ)

ਸੀ,ਕਿਹੜਾ ਮਹੀਨਾ ਸੀ।
ਵੇਲ ਨ ਪਾਈਆ ਪੰਡਤੀ, ਜਿ ਹੋਵੈ ਲੇਖੁ ਪੁਰਾਣੁ ॥ (ਸੰਸਾਰ ਰਚਨਾ ਦਾ) ਵੇਲਾ ਪੰਡਤਾਂ ਨੂੰ ਵੀ ਨਹੀਂ ਪ੍ਰਾਪਤ ਹੋਇਆ, ਜੇ (ਪਤਾ ਹੁੰਦਾ ਤਾਂਉਹ ਜਰੂਰ ਕੋਈ) ਲੇਖਪੁਰਾਣ ਵਰਗੇ ਕਿਸੇ ਗਰੰਥ ਵਿਚ ਲਿਖ ਦੇਂਦੇ।
ਵਖਤੁ ਨ ਪਾਇਓ ਕਾਦੀਆ, ਜਿ ਲਿਖਨਿ ਲੇਖੁ ਕੁਰਾਣੁ ॥ ਨਾ ਹੀ ਕਾਜੀਆਂ ਨੂੰ (ਸੰਸਾਰ ਰਚਨਾ ਦਾ) ਸਮਾਂ ਪ੍ਰਾਪਤ ਹੋਇਆ ਹੈ, ਜੇ ਪਤਾ ਹੁੰਦਾ ਤਾਂ (ਜਿਹੜਾ ਉਨ੍ਹਾਂ ਦਾ) ਕੁਰਾਨ ਹੈ (ਉਸ ਵਿਚ ਜਰੂਰ ਕੋਈ) ਲੇਖ ਲਿਖ ਦੇਂਦੇ।
ਥਿਤਿ ਵਾਰੁ ਨਾ ਜੋਗੀ ਜਾਣੈ, ਰੁਤਿ ਮਾਹੁ ਨਾ ਕੋਈ ॥ (ਸੰਸਾਰ ਰਚਨਾ ਦੀ) ਤਰੀਕ ਅਤੇ ਦਿਨ (ਗੋਰਖ ਨਾਥ ਵਰਗਾ) ਜੋਗੀ ਵੀ ਨਹੀ ਜਾਣਦਾ ਅਤੇ (ਸੰਸਾਰ ਰਚਨਾ ਦੀ) ਰੁੱਤ ਤੇ ਮਹੀਨਾ ਕੋਈ ਵੀ ਮਨੁੱਖ ਨਹੀ ਦਸ ਸਕਦਾ।ਲਿਖਿਆ ਥਿਤਿ ਨ ਵਾਰੁ ਨ ਮਾਹ ਜਣਾਇਆ।ਵੇਦ ਕਤੇਬ ਵੀਚਾਰੁ ,ਨ ਆਖਿ ਸੁਣਾਇਆ (ਭਾ.ਗੁ.ਵਾਰ ੨੨-੧) ਭਾਵ ਇਹ ਸ੍ਰਿਸਟੀ ਬਣਨ ਦੀ ਕੋਈ ਤਰੀਕ, ਦਿਨ ਜਾਂ ਮਹੀਨਾ ਕਿਸੇ ਨੂੰ ਨਹੀਂ ਪਤਾ ਅਤੇ ਨਾ ਹੀ (ਸ੍ਰਿਸਟੀ ਰਚਣ ਦੇ ਸਮੇਂ ਦਾ) ਵਿਚਾਰ ਵੇਦਾਂ ਕਤੇਬਾਂ ਨੇ ਦਸਿਆ ਹੈ, ਨਾ ਹੀ ਕਿਸੇ ਹੋਰ ਸਿਆਣੇ ਨੇ ਸੁਣਾਇਆ ਹੈ।
ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ ॥ਜਿਹੜਾ ਕਰਤਾ ਪੁਰਖ (ਜਾਂ ਜਦੋਂ ਕਰਤਾਰ) ਸ੍ਰਿਸਟੀ ਨੂੰ ਸਾਜਦਾ ਹੈ, ਉਹ ਆਪ ਹੀ ਜਾਣਦਾ ਹੈ (ਕਿ ਸੰਸਾਰ ਕਦੋਂ ਰਚਿਆ ਗਿਆ ਹੈ)।
ਅੰਗ ੫ = ਕਿਵ ਕਰਿ ਆਖਾ ਕਿਵ ਸਾਲਾਹੀ, ਕਿਉ ਵਰਨੀ ਕਿਵ ਜਾਣਾ ॥ ਕਿਸ ਤਰ੍ਹਾਂ ਆਖਾਂ (ਕਿ ਸੰਸਾਰ ਦੀ ਉਤਪਤੀ ਕਦੋਂ ਹੋਈ?), ਕਿਸ ਤਰ੍ਹਾਂ ਸਿਫਤ ਸਲਾਹ ਕਰਾਂ (ਕਿ ਜੀਵਾਂ ਦੀ ਪਾਲਣਾ ਕਿਵੇਂ ਕਰਦਾ ਹੈ), ਕਿਵੇਂ (ਉਸਦਾ ਵਿਸਥਾਰ ਸਹਿਤ) ਵਰਨਣ ਕਰਾਂ ਅਤੇ ਕਿਵੇਂ (ਉਸਨੂੰ) ਸਮਝਾਂ ? (ਕਿ ਸੰਸਾਰ ਨੂੰ ਕਿਵੇਂ ਨਾਸ਼ ਕਰਦਾ ਹੈ)?
ਨਾਨਕ ਆਖਣਿ ਸਭੁ ਕੋ ਆਖੈ, ਇਕ ਦੂ ਇਕੁ ਸਿਆਣਾ ॥ ਹੇ ਨਾਨਕ! ਆਖਣ ਨੂੰ ਤਾਂ ਸਭ ਕੋਈ (ਹੰਕਾਰ ਕਰਕੇ ਅਪਣੇ ਆਪ ਨੂੰ) ਇਕ ਤੋਂ ਇਕ ਵੱਧ ਸਿਆਣਾ (ਬਣ ਕੇ ਜਗਤ ਉਤਪਤੀ ਵਾਰੇ) ਆਖਦਾ ਹੈ (ਪਰ ਆਖ ਨਹੀਂ ਸਕਦੇ)।ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ, ਤੂ ਸਾਹਿਬ ਗੁਣੀ ਨਿਧਾਨਾ।ਤੁਮਰੀ ਮਹਿਮਾ ਬਰਨਿ ਨ ਸਾਕਉ ,ਤੂੰ ਠਾਕੁਰ ਊਚ ਭਗਵਾਨਾ।(੭੩੪)
ਵਡਾ ਸਾਹਿਬੁ ਵਡੀ ਨਾਈ, ਕੀਤਾ ਜਾ ਕਾ ਹੋਵੈ ॥ ਉਹ ਮਾਲਕ, ਜਿਸਦਾ ਕੀਤਾ ਸਭ ਕੁਝ ਹੋ ਰਿਹਾ ਹੈ, (ਬਹੁਤ) ਵੱਡਾ ਹੈ ਅਤੇ ਉਸਦੀ ਵਡਿਆਈ ਵੀ (ਬਹੁਤ) ਵੱਡੀ ਹੈ {ਵਡਾ ਸਾਹਿਬ ਵਡੀ ਨਾਈ ੧੦੮੧}।
ਨਾਨਕ ਜੇ ਕੋ ਆਪੌ ਜਾਣੈ, ਅਗੈ ਗਇਆ ਨ ਸੋਹੈ ॥੨੧॥ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਜੇ ਕੋਈ ਮਨੁੱਖ ਅਪਣੇ ਆਪ ਨੂੰ (ਸ੍ਰਿਸਟੀ ਰਚਨਾ ਵਾਰੇ ਬੜਾ ਜਾਣਕਾਰ) ਸਮਝਦਾ ਹੈ ਤਾਂ (ਉਹ ਮਨੁੱਖ ਸੰਸਾਰ ਵਿਚ ਬੇ ਸ਼ੱਕ ਸੋਭਾ ਪਾ ਲਵੇ ਪਰ) ਅੱਗੇ ਗਿਆ (ਰੱਬੀ ਦਰਬਾਰ ਵਿਚ) ਸੋਭਾ ਨਹੀਂ ਪਾਵੇਗਾ।ਇਸ ਲਈ ਸ੍ਰਿਸਟੀ ਕਦੋਂ ਪੈਦਾ ਹੋਈ, ਮਨੁੱਖ ਨੂੰ ਕੁਝ ਨਹੀ ਪਤਾ, ਨਿਰੰਕਾਰ ਨੂੰ ਹੀ ਪਤਾ ਹੈ।ਮਨੁੱਖ ਨੂੰ ਸ੍ਰਿਸਟੀ ਰਚਨਾ ਦਾ ਖਿਆਲ ਛੱਡ ਕੇ ਨਿਰੰਕਾਰ ਦਾ ਸਿਮਰਨ ਕਰਨਾ ਚਾਹੀਦਾ ਹੈ।੨੧।
ਪਦਾਰਥ = ਕਵਣੁ-ਕਿਹੜਾ।ਸੁ ਵੇਲਾ-ਉਹ ਸਮਾਂ।ਵਖਤੁ-ਸਮਾਂ (ਇਸਲਾਮੀ ਸ਼ਬਦ ਹੈ)।ਥਿਤਿ-ਚੰਦ ਦੇ ਹਿਸਾਬ ਨਾਲ ਗਿਣੀਆਂ ਜਾਣ ਵਾਲੀਆਂ ਹਨ੍ਹੇਰ ਅਤੇ ਚਾਨਣ ਪੱਖ ਦੀਆਂ ਤਰੀਕਾਂ।ਵਾਰੁ-ਦਿਨ।ਸਿ-ਉਹ।ਕਵਣਿ-ਕਿਹੜੀ।ਰੁਤੀ-(ਗਰਮੀ, ਸਰਦੀ, ਬਰਸਾਤ ਜਾਂ ਪਤਝੜ ਆਦਿ ਦੀ) ਰੁੱਤ; ਮੌਸਮ।ਮਾਹੁ-ਮਹੀਨਾ।ਜਿਤੁ-ਜਦੋਂ; ਜਿਸ ਵੇਲੇ।ਹੋਆ-ਬਣਿਆ; ਪੈਦਾ ਹੋਇਆ।ਆਕਾਰੁ-ਦਿਸਦਾ ਸੰਸਾਰ।ਵੇਲ-ਵੇਲਾ; ਸਮਾਂ।ਪੰਡਤੀ-(ਧਰਮ ਗ੍ਰੰਥ ਲਿਖਣ ਵਾਲੇ) ਪੰਡਤਾਂ ਨੇ।ਪੁਰਾਣੁ-ਹਿੰਦੂ ਮੱਤ ਦੇ ੧੮ ਪੁਰਾਣ ਗਿਣੇ ਗਏ ਹਨ।ਕਾਦੀਆ-ਕਾਜੀਆਂ ਨੇ।ਜਿ-ਜਿਸਦਾ; ਜਿਹੜਾ।ਲਿਖਨਿ-ਲਿਖ ਦੇਂਦੇ।ਕੁਰਾਣੁ-ਮੁਸਲਮਾਨਾਂ ਦਾ ਧਰਮ ਗ੍ਰੰਥ।ਜੋਗੀ-ਜੋਗ ਮੱਤ ਦੇ ਭੇਖ ਵਾਲਾ; ਜੋਤਸ਼ੀ।ਜਾ-ਜਿਹੜਾ; ਜਦੋਂ।ਕਰਤਾ-ਕਰਤਾਰ।ਸਿਰਠੀਕਉ-ਸ੍ਰਿਸਟੀਨੂੰ।ਸਾਜੈ-ਸਾਜਦਾ (ਪੈਦਾ ਕਰਦਾ) ਹੈ।ਸੋਈ-ਉਹ ਹੀ।ਕਿਵ ਕਰਿ-ਕਿਵੇਂ ਕਰਕੇ; ਕਿਸ ਤਰ੍ਹਾਂ।ਸਾਲਾਹੀ-ਪ੍ਰਸੰਸਾ; ਵਡਿਆਈ।ਵਰਨੀ-ਵਰਨਣ ਕਰਾਂ।ਆਖਣਿ ਆਖੈ-ਆਖਣ ਨੂੰ ਆਖਦਾ ਹੈ।ਸਭ ਕੋ-ਸਭ ਕੋਈ (ਹਰੇਕ ਮਨੁੱਖ)।ਇਕ ਦੂ ਇਕੁ-ਇਕ ਦੂਜੇ ਤੋਂ; ਇਕ ਤੋਂ ਇਕ ਵਧ।ਸਾਹਿਬ-ਮਾਲਕ ਪ੍ਰਭੂ।ਨਾਈ-ਵਡਿਆਈ।ਜਾ ਕਾ-ਜਿਸ ਦਾ।ਜੇ ਕੋ-ਜੇ ਕੋਈ (ਮਨੁੱਖ)।ਆਪੌ-ਅਪਣੇ ਆਪ ਨੂੰ।ਅਗੈ-ਅੱਗੇ ਰੱਬ ਦੀ ਦਰਗਾਹ ਵਿਚ।ਨ ਸੋਹੈ-ਸੋਭਦਾ ਨਹੀ; ਆਦਰ ਨਹੀਂ ਪਾਉਂਦਾ।੨੧।
ਵਿਆਖਿਆ = ਤੀਰਥ ਇਸ਼ਨਾਨ, ਤਪ, ਦਾਨ ਕਰਨਾ ਅਤੇ ਕਿਸੇ ਦਾ ਦੁੱਖ ਦੇਖ ਕੇ ਉਸ ਤੇ ਦਇਆ ਕਰਨ ਨਾਲ ਮਨੁੱਖ ਸੰਸਾਰ ਵਿਚ ਥੋੜਾ ਜਿਹਾ ਜਸ ਖੱਟ ਲੈਂਦਾ ਹੈ, ਜਾਂ ਅਪਣੀ ਇੱਛਾ ਅਨੁਸਾਰ ਸੁਰਗ ਜਾਂ ਦੇਵਤਿਆਂ ਦੀਆਂ ਪੁਰੀਆਂ ਵਿਚ ਟਿਕਾਣਾ ਲੈ ਸਕਦਾ ਹੈ।ਤੀਰਥ ਇਸ਼ਨਾਨੀ, ਤਪੱਸਵੀ, ਦਇਆਵਾਨ ਤੇ ਧਰਮਾਤਮਾ ਹੋਣ ਦੀ ਮਨੁੱਖ ਅੰਦਰ ਹਉਮੈ ਪੈਦਾ ਹੋ ਜਾਂਦੀ ਹੈ {ਕਰਮ ਕਰਤ ਬਧੇ ਅਹੰਮੇਵ ੩੨੪}।ਇਹ ਕਰਮ ਕਰਨ ਕਰਕੇ ਮਨੁੱਖ ਦਾ ਜੰਮਣਾ ਤੇ ਮਰਨਾ ਨਹੀਂ ਮਿਟਦਾ ਅਤੇ ਨਾ ਹੀ ਰੱਬ ਦੀ ਪ੍ਰਾਪਤੀ ਹੁੰਦੀ ਹੈ।ਜੇ ਇਨ੍ਹਾਂ ਕਰਮਾਂ ਦੇ ਕਰਨ ਕਰਕੇ ਮਨੁੱਖ ਸੁਰਗ ਜਾਂ ਦੇਵਤਿਆਂ ਦੀਆਂ ਪੁਰੀਆਂ ਵਿਚ ਵੀ ਚਲਾ ਜਾਵੇ, ਤਾਂ ਜਦੋਂ

ਇਨ੍ਹਾਂ ਕਰਮਾਂ ਦਾ ਫਲ ਮੁੱਕ ਜਾਂਦਾ ਹੈ, ਫਿਰ ਸੰਸਾਰ ਵਿਚ ਜਨਮ ਲੈ ਲੈਂਦਾ ਹੈ। ਨਾਮ ਜਪ ਕੇ ਰੱਬ ਨਾਲ ਇਕ ਮਿਕ ਹੋਏ ਬਿਨਾ ਜਨਮ ਮਰਣ ਮੁੱਕਦਾ ਨਹੀਂ ਅਤੇ ਨਾ ਹੀ ਇਹ ਕਰਮ ਨਾਮ ਸਿਮਰਨ ਦੇ ਬਰਾਬਰ ਪੁਜ ਸਕਦੇ ਹਨ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੁਖਮਨੀ ਸਾਹਿਬ ਵਿਚ ਵਾਕ ਹੈ =

ਜਾਪ ਤਾਪ ਗਿਆਨ ਸਭਿ ਧਿਆਨ। ਖਟ ਸਾਸਤ੍ਰ ਸਿਮਿਤਿ ਵਖਿਆਨ। ਜੋਗ ਅਭਿਆਸ ਕਰਮ ਧ੍ਰਮ ਕਿਰਿਆ। ਸਗਲ ਤਿਆਗਿ ਬਨ ਮਧੇ ਫਿਰਿਆ। ਅਨਿਕ ਪ੍ਰਕਾਰ ਕੀਏ ਬਹੁਤ ਜਤਨਾ। ਪੁੰਨ ਦਾਨ ਹੋਮੇ ਬਹੁ ਰਤਨਾ। ਸਰੀਰੁ ਕਟਾਇ ਹੋਮੈ ਕਰਿ ਰਾਤੀ। ਵਰਤ ਨੇਮ ਕਰੈ ਬਹੁ ਭਾਤੀ। ਨਹੀ ਤੁਲਿ ਰਾਮ ਨਾਮ ਬੀਚਾਰ। ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ (੨੬੫)।

ਇਸਨਾਨ ਨਾਲ ਸਰੀਰ ਦੀ ਸਫਾਈ ਹੁੰਦੀ ਹੈ, ਆਲਸ ਦੂਰ ਹੁੰਦਾ ਹੈ {ਗੁਰਮੁਖਿ ਨਾਮੁ ਦਾਨੁ ਇਸਨਾਨੁ ੯੪੨}। ਸਤਿਗੁਰੂ ਜੀ ਰੱਬੀ ਗਿਆਨ ਹਾਸਲ ਕੀਤੇ ਬਿਨਾ ਦਿਖਾਵੇ ਦੇ ਤੀਰਥ ਇਸ਼ਨਾਨ ਦਾ ਖੰਡਨ ਕਰਦੇ ਹਨ। ਗੁਰਬਾਣੀ ਅਨੁਸਾਰ ਸਭ ਤੋਂ ਵੱਡਾ ਤੀਰਥ ਸਤਿਗੁਰੂ ਹੈ {ਤੀਰਥੁ ਪੂਰਾ ਸਤਿਗੁਰੂ ,ਜੋ ਅਨਦਿਨ ਹਰਿ ਹਰਿ ਨਾਮੁ ਧਿਆਏ ੧੪੦}। ਸਤਿਗੁਰੂ ਦੀ ਸ਼ਰਣ ਵਿਚ ਆਉਣਾ ਸਫਲ ਮਾਨਸਿਕ ਇਸ਼ਨਾਨ ਹੈ, ਜੋ ਪਸ਼ੂਆਂ ਪ੍ਰੇਤਾਂ ਵਰਗੇ ਮਨੁੱਖਾਂ ਨੂੰ ਦੇਵਤੇ ਬਣਾ ਦਿੰਦਾ ਹੈ {ਸਤਿਗੁਰਿ ਪਾਇਐ ਪੂਰਾ ਨਾਵਣੁ ,ਪਸੂ ਪਰੇਤਹੁ ਦੇਵ ਕਰੈ ੧੩੨੯}। ਗੁਰਮਤ ਵਿਚ ਗੁਰੂ ਦੀ ਸੇਵਾ ਸ੍ਰੋਮਣੀ ਤਪ ਹੈ, ਲੰਗਰ ਦੀ ਸੇਵਾ, ਗੁਰੂ ਦਰਬਾਰ ਵਿਚ ਝਾੜੂ ਦੇਣਾ, ਪਾਣੀ ਆਦਿ ਦੀ ਸੇਵਾ ਤਪੱਸਿਆ ਹੀ ਤਾਂ ਹੈ {ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ੪੨੩}। ਮਨ ਨੂੰ ਬੁਰਿਆਈਆਂ ਤੋਂ ਬਚਾ ਕੇ ਰਖਣਾ ਅਤੇ ਕਾਮਾਦਿਕਾਂ ਨੂੰ ਵਸ ਕਰਨਾ ਵੀ ਤਪ ਤੋਂ ਘਟ ਨਹੀ। ਜੀਵਾਂ ਅਤੇ ਹੋਰ ਦੁਖੀ ਲੋਕਾਂ ਤੇ ਦਇਆ ਕਰਨੀ ਚੰਗੀ ਗੱਲ ਹੈ, ਦਾਨ ਦੇਣ ਨਾਲ ਕਈ ਸਮਾਜਕ ਅਤੇ ਪੰਥਕ ਕਾਰਜ ਸਿਰੇ ਚਾੜ੍ਹੇ ਜਾਂਦੇ ਹਨ। ਦਾਨ ਨਾਲ ਦੁਖੀਆਂ ਅਤੇ ਲੋੜਵੰਦਾਂ ਦੀ ਮੱਦਤ ਹੁੰਦੀ ਹੈ, ਇਹ ਕਰਮ ਮਾਨਸਿਕ ਗੁਣਾਂ ਵਿਚ ਵਾਧਾ ਕਰਦੇ ਹਨ। ਹਰਾਮ ਦੀ ਕਮਾਈ ਵਿਚੋਂ ਕੀਤਾ ਦਾਨ ਰੱਬ ਦੀ ਨਜ਼ਰਾਂ ਵਿਚ ਪ੍ਰਵਾਨ ਨਹੀਂ ਹੁੰਦਾ {ਨਾਨਕ ਅਗੈ ਸੋ ਮਿਲੈ, ਜਿ ਖਟੇ ਘਾਲੇ ਦੇਇ ੪੭੨}, ਭਲਾ ਪੁਰਖ ਦਸਾਂ ਨਹੁੰਆਂ ਦੀ ਕਮਾਈ ਵਿਚੋਂ ਦਾਨ ਕਰਕੇ ਖੁਸ਼ ਹੁੰਦਾ ਹੈ {ਕਿਰਤਿ ਵਿਰਤਿ ਕਰਿ ਧਰਮ ਦੀ, ਹਥਹੁ ਦੇ ਕੈ ਭਲਾ ਮਨਾਵੈ (ਭਾ.ਗੁ.ਵਾਰ ੬–੧੨)}। ਨਾਮ ਸਿਮਰਨ ਵਾਲਾ ਮਨੁੱਖ ਹੰਕਾਰ ਦਾ ਤਿਆਗ ਕਰਕੇ ਤੀਰਥ ਇਸ਼ਨਾਨ, ਤਪ, ਦਇਆ ਅਤੇ ਦਾਨ ਆਦਿਕ ਕਰਮ ਕਰਦਾ ਹੈ ਅਤੇ ਸਦਾ ਨਿਮ੍ਰਤਾ ਵਿਚ ਰਹਿੰਦਾ ਹੈ। ਨਾਮ ਜਪਣ ਵਾਲਾ ਮਨੁੱਖ ਅਰਦਾਸ ਕਰਦਾ ਹੈ ਕਿ ਹੇ ਵਾਹਿਗੁਰੂ! ਮੇਰੇ ਵਿਚ ਕੋਈ ਗੁਣ ਨਹੀ, ਸਾਰੇ ਗੁਣ ਤੇਰੇ ਬਖਸ਼ੇ ਹੋਏ ਹਨ। ਸ੍ਰਿਸਟੀ ਰਚਨਾ ਦੇ ਸਮੇਂ ਬਾਰੇ ਪੁਛੇ ਸੁਆਲ ਦੇ ਉਤਰ ਵਿਚ ਗੁਰੂ ਜੀ ਆਖਦੇ ਹਨ ਕਿ ਸ੍ਰਿਸਟੀ ਪੈਦਾ ਹੋਣ ਦਾ ਸਮਾਂ ਪੰਡਤ, ਕਾਜੀ ਮੁਲਾਂ ਅਤੇ ਵੱਡੇ ਵੱਡੇ ਜੋਗੀਆਂ ਸਣੇ ਕੋਈ ਵੀ ਨਹੀਂ ਜਾਣਦਾ। ਕਿਉਂਕਿ ਇਨਾਂ ਦੇ ਧਰਮ ਗ੍ਰੰਥਾਂ ਵਿਚ ਰਚਨਾ ਦੇ ਸਮੇਂ ਦਾ ਕੋਈ ਲੇਖ ਨਹੀਂ ਮਿਲਦਾ। ਜਦੋਂ ਸ੍ਰਿਸਟੀ ਰਚੀ ਗਈ, ਉਸ ਵੇਲੇ ਕਰਤਾਰ ਤੋਂ ਬਿਨਾ ਹੋਰ ਦੂਜਾ ਕੋਈ ਹੈ ਹੀ ਨਹੀਂ ਸੀ। ਜੇ ਕੋਈ ਉਸ ਵਕਤ ਮੌਜੂਦ ਹੁੰਦਾ, ਤਦੇ ਹੀ ਜਗਤ ਰਚਨਾ ਦਾ ਸਮਾਂ ਦਸ ਸਕਦਾ? ਬ੍ਰਹਮਾ ਵਿਸ਼ਨੂੰ ਸ਼ਿਵ ਆਦਿ ਦੇਵਤੇ,ਸੂਰਜ, ਚੰਦ, ਧਰਤੀ, ਅਕਾਸ਼, ਰੁੱਤਾਂ, ਮਹੀਨੇ, ਦਿਨ, ਰਾਤ ਆਦਿ ਸਭ ਕੁਝ ਜਗਤ ਰਚਨਾ ਤੋਂ ਬਾਦ ਹੋਂਦ ਵਿਚ ਆਏ {ਅਰਬਦ ਨਰਬਦ ਧੁੰਧੂਕਾਰਾ। ਧਰਣਿ ਨ ਗਗਨਾ ਹੁਕਮੁ ਅਪਾਰਾ। ਨਾ ਦਿਨੁ ਰੈਨਿ ਚੰਦੁ ਨ ਸੂਰਜੁ ,ਸੁੰਨਿ ਸਮਾਧਿ ਲਗਾਇਦਾ। ... ਬ੍ਰਹਮਾ ਬਿਸਨੁ ਮਹੇਸੁ ਨ ਕੋਈ। ਅਵਰੁ ਨ ਦੀਸੈ ਏਕੋ ਸੋਈ ੧੦੩੫}। ਉਸ ਵੇਲੇ ਨਾ ਧਰਮ ਗ੍ਰੰਥ ਸਨ ਅਤੇ ਨਾ ਹੀ ਗ੍ਰੰਥਾਂ ਨੂੰ ਲਿਖਣ ਵਾਲੇ ਸਨ {ਬੇਦ ਕਤੇਬ ਨ ਸਿਮ੍ਰਿਤਿ ਸਾਸਤ। ਪਾਠ ਪੁਰਾਣ ਉਦੈ ਨਹੀ ਆਸਤ। ਕਹਤਾ ਬਕਤਾ ਆਪਿ ਅਗੋਚਰੁ ,ਆਪੇ ਅਲਖੁ ਲਖਾਇਦਾ ੧੦੩੬}। ਇਸ ਕਰਕੇ ਕਰਤਾਰ ਤੋਂ ਬਿਨਾ ਹੋਰ ਦੂਜਾ ਕੋਈ ਰਚਨਾ ਦੇ ਸਮੇਂ ਨੂੰ ਨਹੀ ਜਾਣ ਸਕਦਾ। ਰਚਨਾ ਦੇ ਸਮੇਂ ਵਾਰੇ ਜਿਹੜੇ ਸਿਆਣੇ ਬਣ ਕੇ ਵੱਡੀਆਂ ਵੱਡੀਆਂ ਗੱਲਾਂ ਕਰਦੇ ਹਨ, ਉਹ ਅਪਣੇ ਤੋਂ ਘਟ ਗਿਆਨ ਵਾਲਿਆਂ ਵਿਚ ਤਾਂ ਆਦਰ ਪਾ ਲੈਣਗੇ, ਪਰ ਅੱਗੇ ਰੱਬ ਦੇ ਦਰਬਾਰ ਵਿਚ ਸੋਭਾ ਨਹੀ ਪਾਉਣਗੇ। ਕਿਉਂਕਿ ਜਾਨਣ ਦੇ ਅਭਿਮਾਨ ਕਰਕੇ ਉਨ੍ਹਾਂ ਨੇ ਰੱਬੀ ਮੇਹਰ ਪ੍ਰਾਪਤ ਨਹੀ ਕੀਤੀ।